SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 24
September 21, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਪੁਰਬ 'ਤੇ ਵਿਸ਼ੇਸ਼
'ਸੱਭ 'ਤੇ ਵੱਡਾ ਸਤਿਗੁਰ ਨਾਨਕ' ਪ੍ਰੋ: ਐਚ. ਐਲ. ਕਪੂਰ ਦਾ ਵਿਸ਼ੇਸ਼ ਲੇਖ
*(ਦੇਖੋ ਸਫਾ 25 'ਤੇ)*

# ਅਰਮੀਨੀਆ - ਅਜ਼ਰਬਾਇਜਾਨ ਅਤੇ ਕਿਰਗਿਸਤਾਨ - ਤਜ਼ਾਕਿਸਤਾਨ 'ਚ ਜੰਗ ਦੇ ਆਸਾਰ

**ਯੇਰੇਵਾਰ (ਅਰਮੀਨੀਆ) (ਬਿਊਰੋ)-** ਅਰਮੀਨੀਆ ਤੇ ਅਜ਼ਰਬਾਇਜਾਨ ਵਿਚਾਲੇ ਸੰਘਰਸ਼ 'ਚ ਇਸ ਹਫਤੇ ਹੁਣ ਤਕ ਦੋਵਾਂ ਪਾਸੇ ਦੇ 200 ਤੋਂ ਵੱਧ ਫੌਜੀ ਮਾਰੇ ਜਾ ਚੁੱਕੇ ਹਨ। ਅਰਮੀਨੀਆ ਤੇ ਅਜ਼ਰਬਾਇਜਾਨ ਦੋਵੇਂ ਇਕ-ਦੂਜੇ 'ਤੇ ਉਕਸਾਉਣ ਦਾ ਦੋਸ਼ ਲਾ ਰਹੇ ਹਨ। ਇੰਟਰਫੈਕਸ ਨਿਊਜ਼ ਏਜੰਸੀ ਅਨੁਸਾਰ, ਅਰਮੀਨੀਆ ਦੇ ਪ੍ਰਧਾਨ ਮੰਤਰੀ ਨਿਕੋਲ ਪਾਸ਼ਿਨਯਾਨ ਨੇ ਸੰਸਦ 'ਚ ਦੱਸਿਆ ਹੈ ਕਿ ਹਣ ਤਕ ਉਸਦੇ 135 ਫੌਜੀਆਂ ਦੀ ਮੌਤ ਹੋ ਚੁੱਕੀ ਹੈ। ਉਥੇ ਹੀ, ਅਜ਼ਰਬਾਇਜਾਨ ਦਾ ਕਹਿਣਾ ਹੈ ਕਿ ਉਸਦੇ 77 ਫੌ-ਜੀਆਂ ਦੀ ਮੌਤ ਹੋਈ ਹੈ। ਦੋ ਦਿਨ ਦੀ ਜੰਗ ਤੋਂ ਬਾਅਦ ਰੂਸ ਵੱਲੋਂ ਬੁੱਧਵਾਰ ਦੀ ਰਾਤ ਜੰਗਬੰਦੀ ਲਾਈ ਗਈ ਸੀ, ਪਰ ਸ਼ੁੱਕਰਵਾਰ ਨੂੰ ਅਰਮੀਨੀਆ ਨੇ ਕਿਹਾ ਕਿ ਸਰਹੱਦ 'ਤੇ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਬਣਿਆ ਹੋਇਆ ਹੈ। ਅਰਮੀਨੀਆ ਜਿਥੇ ਰੂਸ ਦਾ ਫੌਜੀ ਸਹਿਯੋਗੀ ਹੈ, ਉਥੇ ਹੀ ਅਜ਼ਰਬਾਇਜਾਨ ਨਾਲ ਵੀ ਉਸਦੇ ਚੰਗੇ ਸਬੰਧ ਹਨ।



**ਕਿਰਗਿਸਤਾਨ ਤੇ ਤਜ਼ਾਕਿਸਤਾਨ 'ਚ ਗੋਲੀਬੰਦੀ**

ਰੂਸ ਤੇ ਯੂਕਰੇਨ ਵਿਚਾਲੇ ਜਾਰੀ ਜੰਗ ਵਿਚਾਲੇ ਰੂਸ ਦੇ ਦੋ ਸਹਿਯੋਗੀ ਦੇਸ਼ਾਂ ਵਿਚਾਲੇ ਹੋਏ ਇਸ ਸੰਘਰਸ਼ 'ਚ ਤਿੰਨ ਦੀ ਮੌਤ ਹੋਈ ਹੈ ਤੇ ਦਰਜਨਾਂ ਜ਼ਖਮੀ ਹੋਏ ਹਨ। ਦੋਵਾਂ ਦੇਸ਼ਾਂ ਨੇ ਇਕ ਦੂਜੇ 'ਤੇ ਵਿਵਾਦਿਤ ਖੇਤਰ 'ਚ ਇਕ ਦੂਜੇ 'ਤੇ ਗੋਲੀਬਾਰੀ ਕਰਨ ਦਾ ਦੋਸ਼ ਲਾਇਆ ਹੈ। ਕਿਰਗਿਜ਼ ਬਾਰਡਰ ਗਾਰਡ ਨੇ ਕਿਹਾ ਕਿ ਜੰਗਬੰਦੀ ਸਥਾਨਕ ਸਮੇਂ ਅਨੁਸਾਰ, ਸ਼ੁੱਕਰਵਾਰ ਸ਼ਾਮ ਚਾਰ ਵਜੇ ਤੋਂ ਲਾਗੂ ਹੋ ਗਿਆ। ਇਸ ਤੋਂ ਪਹਿਲਾਂ ਕਿਰਗਿਸਤਾਨ ਨੇ ਦੋਸ਼ ਲਾਇਆ ਸੀ ਕਿ ਤਾਜ਼ਿਕ ਫੋਰਸ ਟੈਂਕ ਤੇ ਮੋਰਟਾਰ ਨਾਲ ਕਿਰਗਿਸ ਬਸਤੀਆਂ ਤੇ ਇਸ ਨਾਲ ਲਗਦੇ ਇਕ ਹਵਾਈ ਅੱਡੇ 'ਤੇ ਵੀ ਹਮਲਾ ਕੀਤਾ ਗਿਆ। ਉਥੇ ਹੀ, ਤਜ਼ਾਕਿਸਤਾਨ ਨੇ ਦੋਸ਼ ਲਾਇਆ ਸੀ ਕਿ ਕਿਰਗਿਸ ਫੋਰਸਾਂ ਨੇ ਉਸ ਦੀਆਂ ਅਗਲੀਆਂ ਚੌਕੀਆਂ ਤੇ ਪਿੰਡਾਂ 'ਤੇ ਭਾਰੀ ਗੋਲਾਬਾਰੀ ਕੀਤੀ। ਕਿਰਗਿਸਤਾਨ ਨੇ ਦੋਸ਼ ਲਾਇਆ ਸੀ ਕਿ ਇਸ ਸੰਘਰਸ਼ 'ਚ ਉਸਦੇ 31 ਲੋਕ ਜ਼ਖਮੀ ਹੋਏ ਹਨ।

# ਦਿਦਾਰ ਸਿੰਘ ਬੈਂਸ ਦੇ ਅੰਤਮ ਸੰਸਕਾਰ ਸਮੇਂ ਅੰਤਮ ਦਰਸ਼ਨਾਂ ਲਈ ਭਾਰੀ ਗਿਣਤੀ 'ਚ ਲੋਕ ਪਹੁੰਚੇ



ਹੁਸਨ ਲੜੋਆ ਬੰਗਾ ਦੀ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11 'ਤੇ

*ਸ. ਦੀਦਾਰ ਸਿੰਘ ਬੈਂਸ ਸਬੰਧਤ ਅਦਾਰਾ "ਅੰਬੇਦਕਰ ਟਾਈਮਜ਼" ਦੀ ਵਿਸ਼ੇਸ ਰਿਪੋਰਟ ਅਤੇ ਤਸਵੀਰਾਂ ਦੇਖੋ ਅਗਲੇ ਅੰਕ ਵਿਚ।*



ਗੋਲਡਨ ਸਟੇਟ ਟਰੱਕ ਸੇਲਜ਼ ਇੰਕ. ਦੇ ਪ੍ਰਧਾਨ ਸ੍ਰੀ ਧਰਮਿੰਦਰ ਸਿੰਘ ਦਾ ਕੈਲੇਫੋਰਨੀਆ ਲੈਜਿਸਲੇਚਰ ਅਸੈਂਬਲੀ ਸਰਟੀਫਿਕੇਟ ਨਾਲ ਵਿਸ਼ੇਸ ਸਨਮਾਨ। (ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 29-30 'ਤੇ)

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਡ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਮਹਾਰਾਣੀ ਐਲਿਜ਼ਾਬੈਥ ਸਰਕਾਰੀ ਸਨਮਾਨਾਂ ਨਾਲ ਸਪੁਰਦ-ਏ-ਖ਼ਾਕ









**ਲੰਡਨ–** ਮਹਾਰਾਣੀ ਐਲਿਜ਼ਾਬੈਥ ਦੋਇਮ ਨੂੰ ਅੱਜ ਇਥੇ ਪੂਰੇ ਸਰਕਾਰੀ ਸਨਮਾਨਾਂ ਨਾਲ ਵੈਸਟਮਿਨਸਟਰ ਐਬੇ ਵਿੱਚ ਨਿਭਾਈਆਂ ਅੰਤਿਮ ਰਸਮਾਂ ਮਗਰੋਂ ਕਿੰਗ ਜੌਰਜ 6 ਮੈਮੋਰੀਅਲ ਚੈਪਲ ਵਿੱਚ ਸਪੁਰਦੇ ਖ਼ਾਕ ਕਰ ਦਿੱਤਾ ਗਿਆ। ਮਹਾਰਾਣੀ ਨੂੰ ਉਨ੍ਹਾਂ ਦੇ ਮਰਹੂਮ ਪਤੀ ਪ੍ਰਿੰਸ ਫਿਲਿਪ ਦੇ ਤਾਬੂਤ ਨੇੜੇ ਹੀ ਦਫ਼ਨਾਇਆ ਗਿਆ। ਡਿਊਕ ਆਫ਼ ਐਡਿਨਬਰਗ ਪ੍ਰਿੰਸ ਫਿਲਿਪ ਦਾ ਪਿਛਲੇ ਸਾਲ ਦੇਹਾਂਤ ਹੋ ਗਿਆ ਸੀ।

ਮਹਾਰਾਣੀ ਦੀਆਂ ਅੰਤਿਮ ਰਸਮਾਂ ਵਿੱਚ ਭਾਰਤ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਜੋਅ ਬਾਇਡਨ ਸਣੇ ਪੰਜ ਸੌ ਦੇ ਕਰੀਬ ਆਲਮੀ ਆਗੂਆਂ ਅਤੇ ਵਿਸ਼ਵ ਦੇ ਵੱਖ ਵੱਖ ਹਿੱਸਿਆਂ ’ਚ ਵਸੇ ਸ਼ਾਹੀ ਪਰਿਵਾਰਾਂ ਨੇ ਸ਼ਿਰਕਤ ਕੀਤੀ। ਮਹਾਰਾਣੀ ਦਾ 8 ਸਤੰਬਰ ਨੂੰ 96 ਸਾਲ ਦੀ ਉਮਰ ਵਿੱਚ ਸਕਾਟਲੈਂਡ ’ਚ ਬਾਲਮੋਰਲ ਕੈਸਲ ਵਿਚਲੀ ਰਿਹਾਇਸ਼ ’ਚ ਦੇਹਾਂਤ ਹੋ ਗਿਆ ਸੀ। ਉਨ੍ਹਾਂ 70 ਸਾਲ ਬਰਤਾਨੀਆ ਦੇ ਤਖ਼ਤ ’ਤੇ ਰਾਜ ਕੀਤਾ। ਇਸ ਦੌਰਾਨ ਮਰਹੂਮ ਮਹਾਰਾਣੀ ਦੇ ਸਤਿਕਾਰ ਵਜੋਂ ਪੂਰੇ ਯੂਕ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ।

ਵੈਸਟਮਿਨਸਟਰ ਹਾਲ ਵਿੱਚ ਲੋਕਾਂ ਦੇ ਅੰਤਿਮ ਦਰਸ਼ਨਾਂ ਲਈ ਰੱਖੇ ਮਹਾਰਾਣੀ ਦੀ ਦੇਹ ਵਾਲੇ ਤਾਬੂਤ ਨੂੰ ਮੁਕਾਮੀ ਸਮੇਂ ਮੁਤਾਬਕ ਸਵੇਰੇ 11 ਵਜੇ ਵੈਸਟਮਿਨਸਟਰ ਐਬੇ ਲਿਜਾਇਆ ਗਿਆ। ਯੂਕੇ ਦੀ ਸੰਸਦ ਵਿਚਲੇ ਵੈਸਟਮਿਨਸਟਰ ਹਾਲ ਵਿੱਚ ਮਹਾਰਾਣੀ ਦੀ ਦੇਹ ਨੂੰ ਪੰਜ ਦਿਨ ਰੱਖਿਆ ਗਿਆ ਸੀ। ਰੌਇਲ ਏਅਰ ਫੋਰਸ ਦੀ ਸਿਵਲ ਮੈਂਬਰ ਕ੍ਰਿਸਟੀਨਾ ਹੀਰੇ ਮਹਾਰਾਣੀ ਦੇ ਤਾਬੂਤ ਦੀ ਦਰਸ਼ਨ ਕਰਨ ਵਾਲੀ ਆਖਰੀ ਮੈਂਬਰ ਸੀ। ਵੈਸਟਮਿਨਸਟਰ ਐਬੇ ਤੋਂ ਮਹਾਰਾਣੀ ਦੇ ਤਾਬੂਤ ਨੂੰ ਵਿੰਡਸਰ ਕੈਸਲ ਲਿਆਂਦਾ ਗਿਆ।

ਐਬੇ ’ਚ ਰੱਖੀਆਂ ਅੰਤਿਮ ਰਸਮਾਂ ਵਿੱਚ 2000 ਦੇ ਕਰੀਬ ਲੋਕ ਜੁੜੇ। ਅੰਤਿਮ ਰਸਮਾਂ ਦਾ ਸਵਾ ਸੌ ਦੇ ਕਰੀਬ ਸਿਨੇਮਾਘਰਾਂ ਤੇ ਯੂਕੇ ਦੇ ਕਈ ਵੱਡੇ ਗਿਰਜਾਘਰਾਂ ਵਿੱਚ ਸਿੱਧਾ ਪ੍ਰਸਾਰਣ ਕੀਤਾ ਗਿਆ। ਐਡਿਨਬਰਗ ਵਿਚ ਹੋਲੀਰੁੱਡਹਾਊਸ ਦੇ ਪੈਲੇਸ ਦੇ ਸਾਹਮਣੇ ਹੋਲੀਰੁੱਡ ਪਾਰਕ ਵਿੱਚ ਵੱਡੀ ਸਕਰੀਨ ’ਤੇ ਵੀ ਲੋਕਾਂ ਨੇ ਅੰਤਿਮ ਰਸਮਾਂ ਵੇਖੀਆਂ। ਕਾਬਿਲੇਗੌਰ ਹੈ ਕਿ ਬਰਤਾਨੀਆ ਦੇ ਸ਼ਾਹੀ ਪਰਿਵਾਰ ਨੇ ਮਹਾਰਾਣੀ ਐਲਿਜ਼ਾਬੈਥ ਦੀਆਂ ਅੰਤਿਮ ਰਸਮਾਂ ਤੋਂ ਇਕ ਦਿਨ ਪਹਿਲਾਂ ਹੀ ਉਨ੍ਹਾਂ ਦੀ ਆਖਰੀ ਤਸਵੀਰ ਰਿਲੀਜ਼ ਕਰ ਦਿੱਤੀ ਸੀ। ਐਤਵਾਰ ਨੂੰ ਜਾਰੀ ਤਸਵੀਰ ਵਿੱਚ ਮਰਹੂਮ ਮਹਾਰਾਣੀ ਨੂੰ ਮੁਸਕਰਾਉਂਦਿਆਂ ਵੇਖਿਆ ਜਾ ਸਕਦਾ ਹੈ।

ਅੰਤਿਮ ਰਸਮਾਂ ਮੌਕੇ ਬਰਤਾਨਵੀ ਪ੍ਰਧਾਨ ਮੰਤਰੀ ਲਿਜ਼ ਟਰੱਸ ਤੇ ਰਾਸ਼ਟਰਮੰਡਲ ਸਕੱਤਰ ਜਨਰਲ ਬਾਰੋਨੈਸ ਪੈਟਰੀਸ਼ੀਆ ਸਕੌਟਲੈਂਡ ਨੇ ਬਾਈਬਲ ’ਚੋਂ ਕੁਝ ਸਤਰਾਂ ਪੜ੍ਹੀਆਂ। ਆਰਕਬਿਸ਼ਪ ਆਫ਼ ਯਾਰਕ, ਵੈਸਟਮਿਨਸਟਰ ਦੇ ਕਾਰਡੀਨਲ ਆਰਕਬਿਸ਼ਪ, ਸਕਾਟਲੈਂਡ ਚਰਚ ਦੀ ਜਨਰਲ ਅਸੈਂਬਲੀ ਦੇ ਮੋਡਰੇਟਰ ਤੇ ਫ਼੍ਰੀ ਚਰਚ ਮੋਡਰੇਟਰਾਂ ਨੇ ਅੰਤਿਮ ਰਸਮਾਂ ਮੌਕੇ ਪ੍ਰਾਰਥਨਾ ਕੀਤੀ ਤੇ ਧਰਮ ਉਪਦੇਸ਼ ਦਿੱਤਾ। ਯੂਕੇ ਦੇ ਵਿਦੇਸ਼ ਮੰਤਰੀ ਜੇਮਸ ਕਲੈਵਰਲੀ ਨੇ ਐਬੇ ਮੈਦਾਨ ਵਿੱਚ ਚਰਚ ਹਾਊਸ ਵਿੱਚ ਆਲਮੀ ਆਗੂਆਂ ਦੀ ਮੇਜ਼ਬਾਨੀ ਕੀਤੀ। ਉਂਜ ਮਹਾਰਾਣੀ ਦੀਆਂ ਅੰਤਿਮ ਰਸਮਾਂ ਮੌਕੇ ਹਾਈਡ ਪਾਰਕ ਵਿੱਚ ਕਿੰਗਜ਼ ਟਰੂਪ, ਰੌਇਲ ਹੋਰਸ ਆਰਟਿਲਰੀ ਵਿੱਚ ਤੋਪਾਂ ਦੀ ਸਲਾਮੀ ਦਿੱਤੀ ਗਈ ਤੇ ਇਸ ਦੌਰਾਨ ਬਿੱਗ ਬੈਨ ਦਾ ਘੰਟਾ ਲਗਾਤਾਰ ਵੱਜਦਾ ਰਿਹਾ। ਮਹਾਰਾਣੀ ਦੇ ਤਾਬੂਤ ਨੂੰ ਵਿੰਡਸਰ ਕੈਸਲ ਲਿਜਾਇਆ ਗਿਆ, ਜਿੱਥੇ ਸੇਂਟ ਜੌਰਜ’ਸ ਚੈਪਲ ਵਿਚ ਰੱਖੀ ਰਸਮ ’ਚ ਸ਼ਾਹੀ ਪਰਿਵਾਰ ਦੇ ਮੈਂਬਰ ਵੀ ਸ਼ਾਮਲ ਹੋਏ। ਮੁਕਾਮੀ ਸਮੇਂ ਮੁਤਾਬਕ ਸੋਮਵਾਰ ਸ਼ਾਮ ਨੂੰ ਕਿੰਗ ਜੌਰਜ 6 ਮੈਮੋਰੀਅਲ ਚੈਪਲ ਵਿੱਚ ਮਹਰਾਣੀ ਦੇ ਤਾਬੂਤ ਨੂੰ ਉਨ੍ਹਾਂ ਦੇ ਮਰਹੂਮ ਪਤੀ ਤੇ ਡਿਊਕ ਆਫ਼ ਐਡਿਨਬਰਗ ਪ੍ਰਿੰਸ ਫਿਲਿਪ ਨੇੜੇ ਦਫ਼ਨਾ ਦਿੱਤਾ ਗਿਆ।



# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 27ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ




























**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਸਥਾਨਿਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਇੰਡੋ-ਯੂਐਸ ਹੈਰੀਟੇਜ਼ ਫਰਿਜ਼ਨੋ ਵੱਲੋਂ ਬਾਬਿਆਂ ਵਾਲੀ ਪਾਰਕ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 'ਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 27ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਹੀ 9/11 ਦੀ 21ਵੀ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਭਾਰਤ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਸ਼ਹੀਦ ਹੋਏ 700 ਤੋਂ ਵੱਧ ਕਿਸਾਨਾਂ ਨੂੰ ਵੀ ਨਮਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਗਿਆਨੀ ਜੀ ਨੇ ਜਪੁਜੀ ਸਹਿਬ ਜੀ ਦਾ ਪਾਠ ਕਰਕੇ ਅਰਦਾਸ ਉਪਰੰਤ ਕੀਤੀ। ਸਟੇਜ ਦੀ ਸ਼ੁਰੂਆਤ ਰਾਜ ਕਿਸ਼ਨਪੁਰਾ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਪਿੱਛੋਂ ਗਾਇਕ ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਕਵਿਸ਼ਰੀ ਗਾਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਪੰਛੀ ਝਾਤ ਪਵਾਈ। ਯਮਲੇ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਨਿਰਮਲ ਸਿੰਘ ਧਨੌਲਾ, ਸਾਧੂ ਸਿੰਘ ਸੰਘਾ, ਰਣਜੀਤ ਗਿੱਲ, ਗੁਰਦੀਪ ਸ਼ੇਰਗਿੱਲ, ਕਮਲਜੀਤ ਕੌਰ ਮਾਨ, ਮਹਿੰਦਰ ਸਿੰਘ ਸੰਧਾਵਾਲੀਆ, ਸੁਖਦੇਵ ਸਿੰਘ ਚੀਮਾ, ਸੁਖਦੇਵ ਸਿੰਘ ਸਿੱਧੂ,



ਨੈਂਣਦੀਪ ਸਿੰਘ ਚੰਨ, ਜੋਤ ਰਣਜੀਤ ਕੌਰ, ਹਰਦੇਵ ਸਿੰਘ ਰਸੂਲਪੁਰ, ਮਲਕੀਤ ਸਿੰਘ ਕਿੰਗਰਾ, ਹਰਨੇਕ ਸਿੰਘ ਲੋਹਗੜ, ਆਦਿ ਨੇ ਇਨਕਲਾਬੀ ਕਵਿਤਾਵਾਂ ਅਤੇ ਤਕਰੀਰਾਂ ਨਾਲ ਹਾਜ਼ਰੀ ਭਰੀ। ਇਸ ਮੌਕੇ ਬੌਬ ਕਾਂਨੂ,ਮਿਗਓਲ ਅਰੀਸ (ਕੌਂਸਲ ਮੈਂਬਰ) ਨੇ ਸਿਟੀ ਵੱਲੋ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ। ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਹਨਾਂ ਦੀ ਧੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਇਸ ਮੌਕੇ ਬਾਬਿਆ ਦੀ ਪਾਰਕ ਕਮੇਟੀ ਵੱਲੋਂ ਉਹਨਾਂ ਨੂੰ ਸ਼ਾਲ ਦੇਕੇ ਨਿਵਾਜਿਆ ਗਿਆ। ਇਸ ਮੌਕੇ ਸਿੱਖ ਮੋਟਰਸਾਈਕਲ ਕਲੱਬ ਸਟਾਕਟਨ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਗੁਰਦਵਾਰਾ ਸਹਿਬ ਮਡੇਰਾ ਦੀ ਕਮੇਟੀ ਨੇ ਸ਼ਾਨਦਾਰ ਪ੍ਰਦਰਸ਼ਨੀ ਵੀ ਲਾਈ, ਜੋ ਕਿ ਲੋਕਾਂ ਲਈ ਖ਼ਾਸ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਪ੍ਰੋਗਰਾਮ ਦੌਰਾਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਉੱਪਰ ਲਿਖੀ ਪੁਸਤਕ ਮਰਜੀਵੜਾ ਵੀ ਵੰਡੀ ਗਈ। ਇਸ ਮੌਕੇ ਖਾਲੜਾ ਸਾਬ੍ਹ ਦੇ ਕੁੜਮ ਸ ਅਮਰੀਕ ਸਿੰਘ ਗਿੱਲ, ਦਵਾਈ ਦਲਬੀਰ ਸਿੰਘ ਗਿੱਲ ਨੂੰ ਵੀ ਸਿਰੋਪਾਓ ਨਾਲ ਨਿਵਾਜਿਆ ਗਿਆ। ਖਾਲੜਾ ਸਾਬ੍ਹ ਦੇ ਦੋਹਤਰੇ ਨੂੰ ਵੀ ਬਾਬਿਆ ਦੀ ਕਮੇਟੀ ਵੱਲੋ ਸ਼ਗਨ ਦਿੱਤਾ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ ਐਸ ਹੈਰੀਟੇਜ਼ , ਸਮੂਹ ਬਾਬਿਆ ਦੀ ਪਾਰਕ ਕਮੇਟੀ ਮੈਂਬਰ ਅਤੇ ਜੈਕਾਰਾ ਮੂਵਮਿੰਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ - ਯੂ ਐਸ ਹੈਰੀਟੇਜ਼ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਇਆ ਕਰੇਗੀ ਅਤੇ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾ ਦੀ ਮਿਹਨਤ ਲਈ ਉਹਨਾਂ ਦਾ ਸ਼ਪੈਸ਼ਲ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖ਼ੂਬੀ ਕੀਤਾ। ਸ਼ਾਮ ਨੂੰ ਗਿੱਲ ਟਰੱਕਿੰਗ ਵਾਲੇ ਜੰਗੀਰ ਸਿੰਘ ਗਿੱਲ ਨੇ ਪ੍ਰਬੰਧਕਾਂ ਲਈ ਪ੍ਰੀਤੀ ਭੋਜਨ ਦਾ ਪ੍ਰਬੰਧ ਕੀਤਾ।

# ਸਹਾਇਤਾ ਸੰਸਥਾ ਲਈ ਫੰਡ ਇਕੱਤਰਤਾ ਤੇ ਫਰਿਜਨੋ ਏਰੀਏ ਦੇ ਸਮੂਹ ਪੰਜਾਬੀਆਂ ਵੱਲੋਂ ਬੇਮਿਸਾਲ ਹੁੰਗਾਰਾ


















**(ਪੱਪੀ ਭਦੌੜ ਦਾ ਗੀਤ ਪੰਜ-ਆਬ ਰਲੀਜ਼)**

**ਫਰਿਜਨੋ (ਕੈਲੀਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਸਥਾਨਿਕ ਇੰਡੀਆ ਕਬਾਬ ਰੈਸਟੋਰੈਂਟ ਵਿੱਚ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਉਦਮ ਸਦਕਾ ਇੱਕ ਵਿਸ਼ੇਸ਼ ਫੰਡ ਰੇਜਰ ਦਾ ਉਪਰਾਲਾ ਸਹਾਇਤਾ ਸੰਸਥਾ ਲਈ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇਕੱਤਰ ਕਰਕੇ ਸਹਾਇਤਾ ਸੰਸਥਾ ਦੀ ਝੋਲ਼ੀ ਪਾਏ। ਇਥੇ ਇਹ ਗੱਲ ਜਿਕਰਯੋਗ ਹੈ ਕਿ ਸਹਾਇਤਾ ਸੰਸਥਾ 2005 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੋੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾ.ਲ ਲਈ ਉਪਰਾਲੇ ਕਰ ਰਹੀ ਹੈ। ਇਸ ਸਮਾਗਮ ਦੀ ਸ਼ੁਰੂਆਤ ਅੰਮ੍ਰਿਤ ਧਾਲੀਵਾਲ ਨੇ ਸ਼ਭ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ ਅਤੇ ਉਹਨਾਂ ਨੇ ਸਹਾਇਤਾ ਸੰਸਥਾ ਦੇ ਕੰਮਾ ਨੂੰ ਸਲਾਹਿਆ ਅਤੇ ਸੰਸਥਾ ਦੀ ਹਰ ਤਰਾਂ ਦੀ ਮੱਦਦ ਲਈ ਵਚਨ-ਬੱਧਤਾ ਪ੍ਰਗਟਾਈ। ਡਾ ਹਰਕੇਸ਼ ਸੰਧੂ ਨੇਂ ਸੰਸਥਾ ਦੇ ਇਤਿਹਾਸ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ। ਦਲਜੀਤ ਸਿੰਘ ਖਹਿਰਾ ਦੀ ਜੁਬਾਨੀਂ ਅਨਾਥ ਬੱਚੇ ਬੱਚੀਆਂ ਦੀਆਂ ਦਰਦਨਾਕ ਕਹਾਣੀਆਂ ਸੁਣਕੇ ਹਰ ਅੱਖ ਨੰਮ ਹੋ ਗਈ। ਸਰੂਪ ਸਿੰਘ ਝੱਜ, ਜਗਦੀਪ ਸਿੰਘ ਸਹੋਤਾ ਆਦਿ ਵੀਡੀਓ ਚਲਾਕੇ ਸਹਾਇਤਾ ਦੇ ਕੰਮਾਂ ਤੇ ਪੰਛੀ ਝਾਤ ਪਵਾਈ। ਡਾਕਟਰ ਹਰਕੇਸ਼ ਸੰਧੂ ਨੇ ਦੱਸਿਆ ਕਿ ਸਹਾਇਤਾ ਸੰਸਥਾ ਜਿਹੜੀ ਕਿ 2005 ਤੋਂ ਮਨੁੱਖਤਾ ਦੀ ਸੇਵਾ ਲਈ ਨਿਰਸਵਾਰਥ ਕਾਰਜ ਕਰਦੀ ਆ ਰਹੀ ਹੈ। ਇਹ ਸੰਸਥਾ ਦਾਨੀ ਸੱਜਣਾਂ ਦੇ ਸਾਥ ਨਾਲ ਦੀਨ-ਦੁੱਖੀ ਦੀ ਮੱਦਦ ਕਰਦੀ ਆ ਰਹੀ ਹੈ। ਇਸ ਸ਼ੁੱਭ-ਕਾਰਜ ਲਈ ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜਨੋ ਦੇ ਸਮੂਹ ਮੈਬਰ ਵਧਾਈ ਦੇ ਪਾਤਰ ਨੇ। ਇਸ ਮੌਕੇ ਜਿੱਥੇ ਸਹਾਇਤਾ ਨੇ ਆਪਣੇ ਕੰਮਾਂ ਤੋਂ ਦਾਨੀ ਸੱਜਣਾਂ ਨੂੰ ਜਾਣੂ ਕਰਵਾਇਆ, ਓਥੇ ਗਾਇਕ ਬੱਬੂ ਗੁਰਪਾਲ, ਜੋਤ ਰਣਜੀਤ ਕੌਰ, ਮਿੱਕੀ ਸਰਾਂ, ਪੱਪੀ ਭਦੌੜ ਆਦਿ ਨੇ ਆਪਣੇ ਨਵੇਂ ਪੁਰਾਣੇ ਗੀਤਾ ਨਾਲ ਖ਼ੂਬ ਰੌਣਕ ਲਾਈ। ਸਾਰੇ ਗਾਇਕਾ ਦਾ ਢੋਲਕ ਤੇ ਸਾਥ ਉੱਘੇ ਕਾਰੋਬਾਰੀ ਅੰਮ੍ਰਿਤ ਧਾਲੀਵਾਲ ਨੇ ਦਿੱਤਾ। ਇਸ ਮੌਕੇ ਗੀਤਕਾਰ ਅਤੇ ਗਾਇਕ ਪੱਪੀ ਭਦੌੜ ਦੇ ਨਵੇਂ ਗੀਤ "ਪੰਜ-ਆਬ" ਦਾ ਪੋਸਟਰ ਵੀ ਪਤਵੰਤੇ ਸੱਜਣਾਂ ਨੇ ਰਲੀਜ਼ ਕੀਤਾ। ਇਹ ਗੀਤ ਫਛਓ ਨੇ ਸਪਾਂਸਰ ਕੀਤਾ ਹੈ। ਗੀਤ ਦੀ ਵੀਡੀਓ ਹਰਜੋਤ ਗਿੱਲ ਅਤੇ ਅੰਮ੍ਰਿਤਬੀਰ ਸਿੰਘ ਨੇ ਬਾਖ਼ੂਬੀ ਬਣਾਈ ਹੈ। ਇਸ ਗੀਤ ਨੂੰ ਅਨੰਦ ਮਿਊਜ਼ਿਕ ਕੰਪਨੀ ਵੱਲੋ ਬਹੁਤ ਜਲਦ ਰਲੀਜ਼ ਕੀਤਾ ਜਾ ਰਿਹਾ ਹੈ। ਪੀਸੀਏ ਨੇ ਪੱਪੀ ਭਦੌੜ ਦੀ ਹਰ ਸੰਭਵ ਮੱਦਦ ਲਈ ਭਰੋਸਾ ਦਿੱਤਾ। ਅਖੀਰ ਇੰਡੀਆ ਕਬਾਬ ਰੈਸਟੋਰੈਂਟ ਦੇ ਸੁਆਦਿਸ਼ਟ ਖਾਣੇ ਨਾਲ ਅਮਿੱਟ ਪੈੜ੍ਹਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# ਗੁਰੂ ਨਾਨਕ ਦਾ ਉਪਦੇਸ਼

ਵਿਸ਼ਵ ਚੇਤਨਾ ਲਈ ਇਹ ਬੜਾ ਜ਼ਰੂਰੀ ਹੈ ਕਿ ਮਨੁੱਖ ਅੰਧ-ਵਿਸ਼ਵਾਸਾਂ, ਕੱਟੜਤਾ, ਜਾਤੀਵਾਦੀ ਵਿਵਸਥਾ ਤੇ ਨਸਲਵਾਦ ਤੇ ਸੰਕੀਰਣਤਾ ਤੋਂ ਬਾਹਰ ਆਵੇ। ਦੂਜੇ ਧਰਮਾਂ ਦੇ ਲੋਕਾਂ ਨਾਲ ਸੰਵਾਦ ਕਰੇ। ਉਨ੍ਹਾਂ ਦੇ ਵਿਚਾਰਾਂ ਨੂੰ ਸੁਣੇ ਅਤੇ ਆਪਣੇ ਵਿਚਾਰ ਉਨ੍ਹਾਂ ਨੂੰ ਦੱਸੇ। ਗੁਰੂ ਨਾਨਕ ਸਾਹਿਬ ਨੇ ਆਪਣਾ ਨਿਸਚਾ ਪ੍ਰਗਟਾਉਂਦੇ ਹੋਏ ਕਿਹਾ ਸੀ-

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥

ਗੁਰੂ ਨਾਨਕ ਨੇ ਵਾਦ-ਵਿਵਾਦ ਦਾ ਰਾਹ ਛੱਡ ਕੇ ਸੰਵਾਦ ਦਾ ਰਾਹ ਅਪਨਾਉਂਦਿਆਂ ਸਾਂਝੀਵਾਲਤਾ ਦਾ ਸੰਕਲਪ ਪ੍ਰਗਟਾਇਆ। ਉਹ ਪੰਡਤਾਂ, ਜੋਗੀਆਂ, ਸੂਫ਼ੀਆਂ, ਭਗਤਾਂ ਅਤੇ ਹਰ ਵਿਚਾਰਧਾਰਾ ਦੇ ਲੋਕਾਂ ਨੂੰ ਮਿਲੇ, ਉਨ੍ਹਾਂ ਨਾਲ ਵਿਚਾਰਵਟ ਾਂਦਰਾ ਕੀਤਾ ਤੇ ਸੱਚ ਦਾ ਮਾਰਗ ਦਿਖਾਇਆ। ਉਹ ਆਮ ਲੋਕਾਂ ਨੂੰ ਮਿਲੇ, ਉਨ੍ਹਾਂ ਦਾ ਦੁੱਖ-ਦਰਦ ਸਮਝਿਆ, ਕੋੜੀਆਂ ਦਾ ਆਪਣੇ ਹੱਥੀਂ ਇਲਾਜ ਕੀਤਾ। ਇਹ ਕੋਹੜੀ ਦੱਬੇ ਕੁਚਲੇ ਸਮਾਜ 'ਚੋਂ ਸਨ, ਜਿਨ੍ਹਾਂ ਨੂੰ ਉੱ" ਜਾਤਾਂ ਤੇ ਸਰਮਾਏਦਾਰਾਂ ਨੇ ਹਾਸ਼ੀਏ ਤੋਂ ਬਾਹਰ ਧਕੇਲ ਦਿੱਤਾ ਸੀ। ਉਨ੍ਹਾਂ ਨਾਲ ਮਾਨਵਤਾ ਵਾਲਾਂ ਸਲੂਕ ਨਹੀਂ ਕੀਤਾ ਜਾਂਦਾ ਸੀ।

ਬਾਬੇ ਨਾਨਕ ਨੇ ਉਨ੍ਹਾਂ ਲੋਕਾਂ ਨੂੰ ਆਪਣੇ ਸੰਗੀ ਸਾਥੀ ਦੱਸਿਆ ਤੇ ਉਨ੍ਹਾਂ ਨੂੰ ਆਪਣੇ ਗਲ ਨਾਲ ਲਗਾਇਆ। ਗੁਰੂ ਨਾਨਕ ਨੇ ਕਿਹਾ ਕਿ ਮੈਂ ਅਜਿਹੇ ਲੋਕਾਂ ਦੇ ਨਾਲ ਖੜ੍ਹਾ ਹਾਂ। ਮੇਰੀ ਉਨ੍ਹਾਂ ਨਾਲ ਕੋਈ ਰੀਸ ਨਹੀਂ ਜਿਹੜੇ ਆਪਣੇ-ਆਪ ਨੂੰ ਵੱਡਾ ਸਮਝਦੇ ਹਨ-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਬਾਬੇ ਨੇ ਮਲਿਕ ਭਾਗੋ ਨੂੰ ਤਿਆਗਿਆ, ਭਾਈ ਲਾਲੋ ਨੂੰ ਸਵੀਕਾਰਿਆ, ਜੋ ਕਿਰਤੀ ਸਮਾਜ 'ਚੋਂ ਸੀ। ਇਥੋਂ ਤੱਕ ਕਿ ਉਹ ਅਜਿਹੇ ਆਦਿਵਾਸੀ ਲੋਕਾਂ ਕੋਲ ਗਏ ਜਿਹੜੇ ਸਦੀਆਂ ਤੋਂ ਜੰਗਲਾਂ-ਪਹਾੜਾਂ ਵਿੱਚ ਰਹਿੰਦੇ ਸਨ। ਜਿਸ ਕੌਡਾ ਰਾਕਸ਼ ਨਾਲ ਗੁਰੂ ਸਾਹਿਬ ਦੇ ਮਿਲਣ ਦਾ ਜ਼ਿਕਰ ਇਤਿਹਾਸ ਵਿੱਚ ਆਉਂਦਾ ਹੈ, ਉਹ ਇਕ ਆਦਿਵਾਸੀ ਹੀ ਸੀ। ਉਹ ਜਾਤੀਵਾਦੀ ਸਮਾਜ ਵੱਲੋਂ ਨਫ਼ਰਤ ਦੇ ਸ਼ਿਕਾਰ ਲੋਕ ਸਨ, ਜਿਨ੍ਹਾਂ ਨੂੰ ਮਨੂੰਵਾਦੀ ਸਿਸਟਮ ਅਨੁਸਾਰ "ਜਾਤੀ ਦੀਆਂ ਬਸਤੀਆਂ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਸੀ। ਬਾਬੇ ਨੇ ਇਨ੍ਹਾਂ ਲੋਕਾਂ ਨੂੰ ਆਪਣੇ ਗਲ ਨਾਲ ਲਗਾਇਆ ਤੇ ਉਨ੍ਹਾਂ ਦੀ ਮੁਕਤੀ ਦਾ ਰਾਹ ਦੱਸਿਆ। ਗੁਰੂ ਨਾਨਕ ਦੀਆਂ ਚਾਰ ਉਦਾਸੀਆਂ ਬਾਰੇ ਬੜਾ ਕੁਝ ਲਿਖਿਆ ਗਿਆ ਹੈ।

ਇਨ੍ਹਾਂ ਉਦਾਸੀਆਂ ਵਿੱਚ ਉਹ ਇਸ ਦੇਸ਼ ਦੇ ਹਰ ਹਿੱਸੇ ਵਿੱਚ ਗਏ। ਸੁਮੇਰ ਪਰਬਤ 'ਤੇ ਜਾ ਕੇ ਸਿੱਧਾਂ ਨਾਲ ਗੋਸ਼ਟੀ ਕੀਤੀ। ਜਗਨਨਾਥ ਪੁਰੀ ਪੁੱਜ ਕੇ ਉਥੇ ਦੀ ਆਰਤੀ ਦੇਖੀ ਅਤੇ ਅਜਿਹੀ ਆਰਤੀ ਗਾਈ ਜਿਹੜੀ ਵਿਸ਼ਵ ਆਰਤੀ ਸੀ। ਗੁਰੂ ਨਾਨਕ ਨੇ ਸਮੁੰਦਰ ਯਾਤਰਾ ਦੀ ਹਿੰਦੂ ਮਿਥ ਨੂੰ ਤੋੜ ਦਿੱਤਾ ਕਿ ਸਮੁੰਦਰ ਯਾਤਰਾ ਨਾਲ ਬੰਦਾ ਭਿੱਟਿਆ ਜਾਂਦਾ ਹੈ। ਉਹ ਲੰਕਾ ਵੀ ਗਏ ਅਤੇ ਮੱਕਾ, ਮਦੀਨਾ, ਬਗਦਾਦ ਵੀ ਗਏ। ਉਹ ਕਾਜੀਆਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਸੰਵਾਦ ਕੀਤਾ। ਉਨ੍ਹਾਂ ਦੀ ਵਿਸ਼ਵ ਦ੍ਰਿਸ਼ਟੀ ਦਾ ਹੀ ਇਹ ਉਪਰਾਲਾ ਸੀ ਕਿ ਇਕ ਪਾਸੇ ਪਾਕਪਟਨ (ਮੁਲਤਾਨ) ਜਾ ਕੇ ਉਹ ਸ਼ੇਖ ਬਾਬਾ ਫਰੀਦ ਦੇ ਜਾਨਸ਼ੀਨਾਂ ਕੋਲੋਂ ਬਾਬਾ ਫਰੀਦ ਦੀ ਬਾਣੀ ਲੈ ਕੇ ਆਏ, ਦੂਜੇ ਪਾਸੇ ਪੂਰਬੀ ਬੰਗਾਲ ਦੇ 21ਵੀਂ ਸਦੀ ਦੇ ਸੰਤ ਜੈਦੇਵ ਦੇ ਉੱ ਕੋਲੋਂ ਉਨ੍ਹਾਂ ਦੇ ਕੁਝ ਸ਼ਬਦ ਲਿਖ ਲਿਆਏ। ਆਪਣੀ ਮਹਾਂਰਾਸ਼ਟਰ ਦੀ ਉਦਾਸੀ ਵੇਲੇ ਉਨ੍ਹਾਂ ਨੇ ਭਗਤ ਨਾਮਦੇਵ, ਤਿਰਲੋਚਨ ਅਤੇ ਪਰਮਾਨੰਦ ਦੇ ਵੰਸ਼ਜਾਂ ਕੋਲੋਂ ਉਨ੍ਹਾਂ ਦੀ ਕੁਝ ਬਾਣੀ ਇਕੱਤਰ ਕੀਤੀ ਅਤੇ ਰਾਜਸਥਾਨ ਵਿੱਚ ਧੰਨੇ ਭਗਤ ਨੂੰ ਆਪ ਮਿਲੇ। ਪੰਜਵੇਂ ਗੁਰੂ ਅਰਜਨ ਸਾਹਿਬ ਨੇ ਜਦੋਂ ਆਦਿ ਗ੍ਰੰਥ ਦਾ ਸੰਪਾਦਨ ਕੀਤਾ ਤਾਂ ਸੰਤਾਂ-ਭਗਤਾਂ ਦੀ ਉਹ ਸਾਰੀ ਬਾਣੀ ਉਸ ਵਿੱਚ ਸ਼ਾਮਿਲ ਕੀਤੀ, ਜਿਹੜੀ ਗੁਰੂ ਨਾਨਕ ਸਾਹਿਬ ਨੇ ਆਪ ਇਕੱਠੀ ਕੀਤੀ ਸੀ। ਸਾਰਾ ਮਨੁੱਖੀ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਧਰਮਾਂ ਵਿੱਚ ਆਪਣੀ ਉੱਚੀ ਥਾਂ ਰੱਖਣ ਵਾਲਾ ਪੁਜਾਰੀ, ਮੁੱਲਾਂ ਆਪਣੇ ਸੁਆਰਥਾਂ ਦੀ ਪੂਰਤੀ ਲਈ ਨਾ ਸਿਰਫ਼ ਸਮਾਜ ਵਿੱਚ ਵੰਡੀਆਂ ਪਾਉਂਦਾ ਹੈ, ਸਗੋਂ ਮਨੁੱਖ ਦੀ ਸੋਚ ਨੂੰ ਛੋਟਾ ਬਣਾ ਦਿੰਦਾ ਹੈ।

ਉਹ ਲੋਕਾਂ ਨੂੰ ਅਜਿਹੇ ਕਰਮ-ਕਾਂਡਾਂ ਵਿੱਚ ਜਕੜ ਦਿੰਦਾ ਹੈ ਕਿ ਉਸ ਦੀ ਹੋਂਦ ਜ਼ਰੂਰੀ ਬਣ ਜਾਂਦੀ ਹੈ। ਗੁਰੂ ਨਾਨਕ ਨੇ ਲੋਕਾਂ ਨੂੰ ਅਜਿਹੇ ਪਰੋਹਿਤਾਂ ਤੋਂ ਮੁਕਤੀ ਦੁਆਈ। ਉਨ੍ਹਾਂ ਨੇ ਕਿਹਾ ਕਿ ਪੰਡਤ ਤਾਂ ਆਪ ਬੜੇ ਜੰਜਾਲਾਂ ਵਿੱਚ ਫਸਿਆ ਹੁੰਦਾ ਹੈ, ਉਹ ਕਿਸੇ ਨੂੰ ਸਹੀ ਰਾਹ ਦਿਖਾਉਣ ਵਿੱਚ ਕਿਵੇਂ ਸਹਾਈ ਹੋ ਸਕਦਾ ਹੈ- ਪੰਡਿਤ ਪੜਿ ਨ ਪਹੁਚਈ ਬਹੁ ਆਲ ਜੰਜਾਲਾ॥ ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ॥

ਸੋ ਗੁਰੂ ਨਾਨਕ ਸਾਹਿਬ ਦਾ ਫਲਸਫਾ ਅਜੋਕੇ ਯੁੱਗ ਵਿੱਚ ਪ੍ਰਸੰਗਿਕ ਹੈ, ਜਦੋਂ ਕਿ ਹੁਣ ਵੀ ਪੁਜਾਰੀਵਾਦ ਦੇ ਭ੍ਰਿਸ਼ਟਾਚਾਰ, ਜ਼ਾਲਮਾਨਾ ਰਾਜ, ਨਸਲਵਾਦ ਤੇ ਜਾਤੀਵਾਦ ਦਾ ਬੋਲਬਾਲਾ ਹੈ। ਕੱਟੜਵਾਦ ਦੇ ਨਾਮ 'ਤੇ ਦੰਗੇ ਹੋ ਰਹੇ ਨੇ। ਲੋੜ ਇਸ ਗਲ ਦੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਨੂੰ ਅਪਨਾਇਆ ਜਾਵੇ ਤੇ ਦੱਬੇ ਕੁਚਲੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾਵੇ।

**-ਪ੍ਰੇਮ ਕੁਮਾਰ ਚੁੰਬਰ**

# ਨਿਤੀਸ਼ ਦਾ ਵਿਰੋਧੀ ਧਿਰ ਦੇ ਆਗੂ ਵਜੋਂ ਉਭਾਰ

**ਨੀਰਜਾ ਚੌਧਰੀ**

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਵਿਰੋਧੀ ਧਿਰ ਦੇ ਆਗੂਆਂ ਨੂੰ ਮਿਲਣ ਲਈ ਕੌਮੀ ਰਾਜਧਾਨੀ ਦੇ ਕੀਤੇ ਗਏ ਤਿੰਨ ਰੋਜ਼ਾ ਦੌਰੇ ਨੇ ਵੱਡੇ ਪੱਧਰ 'ਤੇ ਲੋਕਾਂ ਦਾ ਧਿਆਨ ਖਿੱਚਿਆ ਹੈ। ਅਜਿਹਾ ਇਸ ਕਾਰਨ ਨਹੀਂ ਕਿ ਇਸ ਨਾਲ ਕੋਈ ਠੋਸ ਨਤੀਜੇ ਨਿਕਲ ਕੇ ਆਏ ਹਨ ਸਗੋਂ ਇਸ ਦਾ ਕਾਰਨ ਇਹ ਹੈ ਕਿ ਅੱਜ ਨਿਤੀਸ਼ ਕੁਮਾਰ ਹੋਰ ਕਿਸੇ ਵੀ ਵਿਰੋਧੀ ਆਗੂ ਨਾਲੋਂ ਵੱਧ ਉੱਭਰ ਕੇ ਸਾਹਮਣੇ ਆਏ ਹਨ ਜਿਹੜਾ 2024 ਵਿਚ ਭਾਜਪਾ ਵਿਰੋਧੀ ਗੱਠਜੋੜ ਦੀ ਅਗਵਾਈ ਕਰਨ ਲਈ ਵੱਧ ਤੋਂ ਵੱਧ ਆਗੂਆਂ ਨੂੰ ਮਨਜ਼ੂਰ ਹੋ ਸਕਦਾ ਹੈ। ਉਨ੍ਹਾਂ ਵੱਲੋਂ ਇਹ ਮੀਟਿੰਗਾਂ ਰਾਹੁਲ ਗਾਂਧੀ, ਅਰਵਿੰਦ ਕੇਜਰੀਵਾਲ, ਸ਼ਰਦ ਪਵਾਰ, ਇਨੈਲੋ ਆਗੂ ਓਮ ਪ੍ਰਕਾਸ਼ ਚੌਟਾਲਾ (ਜੇਲ੍ਹ ਵਿਚ) ਅਤੇ ਮੁਲਾਇਮ ਸਿੰਘ ਯਾਦਵ (ਹਸਪਤਾਲ ਵਿਚ) ਅਤੇ ਅਖਿਲੇਸ਼ ਯਾਦਵ ਨਾਲ ਕੀਤੀਆਂ ਗਈਆਂ ਜਿਨ੍ਹਾਂ ਨੇ ਖ਼ੁਦ ਵੀ ਨਿਤੀਸ਼ ਕੁਮਾਰ ਲਈ ਸਦਭਾਵਨਾ ਭਰਿਆ ਮਾਹੌਲ ਸਿਰਜਿਆ ਹੈ।

ਦੂਜੇ ਵਿਰੋਧੀ ਆਗੂਆਂ ਦਾ ਭੈਅ ਖ਼ਤਮ ਕਰਨ ਲਈ ਨਿਤੀਸ਼ ਕੁਮਾਰ ਨੇ ਵਾਰ ਵਾਰ ਦੁਹਰਾਇਆ ਕਿ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵੇਦਾਰ ਨਹੀਂ। ਉਹ ਇਸ ਮੁਤੱਲਕ ਸਾਬਕਾ ਪ੍ਰਧਾਨ ਮੰਤਰੀ ਵੀਪੀ ਸਿੰਘ ਤੋਂ ਸੇਧ ਲੈ ਰਹੇ ਹਨ। ਵੀਪੀ ਸਿੰਘ 1989-90 ਦੌਰਾਨ 11 ਮਹੀਨਿਆਂ ਲਈ ਪ੍ਰਧਾਨ ਮੰਤਰੀ ਸਨ ਅਤੇ ਅਜਿਹੇ ਗੱਠਜੋੜ ਦੇ ਆਗੂ ਸਨ ਜਿਹੜਾ ਉਦੋਂ ਵੱਡੇ ਤੋਂ ਵੱਡਾ ਤੇ ਖੁੱਲ੍ਹੇ ਤੋਂ ਖੁੱਲ੍ਹਾ ਸੰਭਵ ਗੱਠਜੋੜ ਹੋ ਸਕਦਾ ਸੀ ਜਿਸ ਵਿਚ ਸੱਜਿਆਂ ਤੇ ਲੈ ਕੇ ਖੱਬਿਆਂ ਤੱਕ ਸਭ ਤਰ੍ਹਾਂ ਦੀਆਂ ਤਾਕਤਾਂ ਸ਼ਾਮਲ ਸਨ। ਇਸ ਗੱਠਜੋੜ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਨੂੰ ਮਾਤ ਦਿੱਤੀ ਜੋ ਇਸ ਤੋਂ ਪਹਿਲੀ ਲੋਕ ਸਭਾ ਵਿਚ 414 ਮੈਂਬਰਾਂ ਦੀ ਭਾਰੀ ਬਹੁਗਿਣਤੀ ਵਾਲੀ ਸਰਕਾਰ ਦੀ ਅਗਵਾਈ ਕਰ ਰਹੇ ਸਨ। ਕਹਿੰਦੇ ਵੀਪੀ ਸਿੰਘ ਵੀ ਇਹੀ ਰਹੇ ਕਿ ਉਹ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿਚ ਸ਼ਾਮਲ ਨਹੀਂ ਹਨ; ਅਸਲ ਵਿਚ ਉਨ੍ਹਾਂ ਨੂੰ ਸਿਆਸਤ ਵਿਚ ਤਿਆਗ ਦੀ ਅਹਿਮੀਅਤ ਦਾ ਪਤਾ ਸੀ। ਉਦੋਂ ਤੋਂ ਹੁਣ ਤੱਕ ਭਾਵੇਂ ਪੁਲਾਂ ਹੇਠੋਂ ਬਹੁਤ ਪਾਣੀ ਵਹਿ ਚੁੱਕਿਆ ਹੈ ਤੇ ਹਾਲਾਤ ਬਦਲਣ ਨਾਲ ਅੱਜ ਦੌਲਤ ਹੀ ਕਾਮਯਾਬੀ ਦਾ ਪੈਮਾਨਾ ਬਣ ਗਈ ਹੈ, ਤਾਂ ਵੀ ਅਜੇ ਤੱਕ ਬਹੁਗਿਣਤੀ ਭਾਰਤੀ ਉਨ੍ਹਾਂ ਲੋਕਾਂ ਦਾ ਸਤਿਕਾਰ ਕਰਦੇ ਹਨ ਜਿਹੜੇ ਸੱਤਾ ਦੇ ਲਾਲਚੀ ਦਿਖਾਈ ਨਹੀਂ ਦਿੰਦੇ।



ਨਿਤੀਸ਼ ਕੁਮਾਰ ਦਾ ਕਹਿਣਾ ਹੈ ਕਿ ਜੇ 2024 ਵਿਚ ਸਾਰੀ ਵਿਰੋਧੀ ਧਿਰ ਇਕਮੁੱਠ ਹੋ ਜਾਂਦੀ ਹੈ ਤਾਂ ਭਾਜਪਾ ਨੂੰ ਮਹਿਜ਼ 50 ਸੀਟਾਂ ਤੱਕ ਸੀਮਤ ਕੀਤਾ ਜਾ ਸਕਦਾ ਹੈ। ਹਿਸਾਬ ਦੇ ਅੰਕੜੇ ਆਪਣੇ ਆਪ ਇਸ ਦੀ ਸ਼ਾਹਦੀ ਭਰਦੇ ਹਨ। ਸਭ ਜਾਣਦੇ ਹਨ ਕਿ ਭਾਜਪਾ ਨੂੰ 2014 ਵਿਚ ਸਿਰਫ਼ 31 ਫ਼ੀਸਦੀ ਵੋਟਾਂ ਮਿਲੀਆਂ ਸਨ ਪਰ ਇਹ 282 ਸੀਟਾਂ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਰਹੀ ਕਿਉਂਕਿ ਬਾਕੀ ਵਿਰੋਧੀ ਵੰਡੇ ਹੋਏ ਸਨ (ਬਾਕੀ ਐਨਡੀਏ ਪਾਰਟੀਆਂ ਨੂੰ ਕੁੱਲ ਵੋਟਾਂ ਵਿਚੋਂ ਕਰੀਬ 17 ਫ਼ੀਸਦੀ ਹਿੱਸਾ ਮਿਲਿਆ)। ਅੰਕੜੇ ਇਹ ਚੇਤਾ ਕਰਾਉਂਦੇ ਹਨ ਕਿ ਮਾੜੇ ਤੋਂ ਮਾੜੇ ਹਾਲਾਤ ਦੌਰਾਨ ਵੀ ਅੱਧੇ ਤੋਂ ਵੱਧ, ਭਾਵ 53 ਫ਼ੀਸਦੀ ਵੋਟਰ ਉਨ੍ਹਾਂ ਪਾਰਟੀਆਂ ਦੇ ਹੱਕ ਵਿਚ ਭੁਗਤੇ ਜਿਹੜੀਆਂ ਨਰਿੰਦਰ ਮੋਦੀ ਨਾਲ ਨਹੀਂ ਜੁੜੀਆਂ ਹੋਈਆਂ।

ਵਿਰੋਧੀ ਧਿਰ ਨਾਲ ਸਬੰਧਿਤ ਕਈ ਖੇਤਰੀ ਆਗੂਆਂ ਦੀਆਂ ਨਜ਼ਰਾਂ ਦਿੱਲੀ ਤਖ਼ਤ 'ਤੇ ਹਨ ਅਤੇ ਉਹ ਅਜਿਹਾ ਕੋਈ ਵੀ ਮੌਕਾ ਮਿਲਣ 'ਤੇ ਅਜਿਹੀ ਭੂਮਿਕਾ ਸੰਭਾਲਣ ਤੇ ਨਿਭਾਉਣ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ ਅਤੇ ਆਪਣੇ ਮੋਹਰੇ ਵਿਛਾ ਰਹੇ ਹਨ। ਉਹ ਇੱਕ ਹੋਰ ਵਜ੍ਹਾ ਕਰ ਕੇ ਵੀ ਕੌਮੀ ਪੱਤਾ ਖੇਡ ਰਹੇ ਹਨ, ਤਾਂ ਕਿ ਉਹ ਆਪੋ-ਆਪਣੇ ਸੂਬਿਆਂ ਉਤੇ ਆਪਣੀ ਪਕੜ ਪੀਡੀ ਕਰ ਸਕਣ ਜਿਹੜੀ ਢਿੱਲੀ ਪੈ ਸਕਦੀ ਹੈ। ਇਹ ਗੱਲ ਤਿਲੰਗਾਨਾ ਦੇ ਕੇ। ਚੰਦਰਸ਼ੇਖਰ ਰਾਓ (ਕੇਸੀਆਰ) ਉਤੇ ਵੀ ਓਨੀ ਹੀ ਢੁਕਦੀ ਹੈ, ਜਿੰਨੀ ਬੰਗਾਲ ਦੀ ਮਮਤਾ ਬੈਨਰਜੀ ਉਤੇ। ਕੇਸੀਆਰ ਨੇ ਕੌਮੀ ਪੱਧਰ 'ਤੇ ਦੇਸ਼ ਵਾਸੀਆਂ ਤੱਕ ਪਹੁੰਚ ਕਰਨ ਲਈ ਤਿਲੰਗਾਨਾ ਵਿਚ ਮੁੱਖ ਮੰਤਰੀ ਵਜੋਂ ਆਪਣੇ ਕੀਤੇ ਕੰਮਾਂ ਦੀ ਜਾਣਕਾਰੀ ਦਿੰਦਿਆਂ ਵੱਡੇ ਪੱਧਰ 'ਤੇ ਇਸ਼ਤਿਹਾਰ ਮੁਹਿੰਮ ਚਲਾਈ ਹੈ। ਉਹ ਕੌਮੀ ਪੱਧਰ ਵਾਲੀ ਪਾਰਟੀ 'ਭਾਰਤ ਰਾਸ਼ਟਰ ਸਮਿਤੀ' ਬਣਾਉਣ ਦੀ ਵੀ ਤਿਆਰੀ ਵਿਚ ਹਨ (ਉਨ੍ਹਾਂ ਦੀ ਮੌਜੂਦਾ ਖੇਤਰੀ ਪਾਰਟੀ ਦਾ ਨਾਂ 'ਤਿਲੰਗਾਨਾ ਰਾਸ਼ਟਰ ਸਮਿਤੀ' ਹੈ)। ਕੇਸੀਆਰ ਦੀ ਇਸ ਸਮੇਂ ਸਭ ਤੋਂ ਵੱਡੀ ਚਿੰਤਾ ਆਪਣੇ ਸੂਬੇ ਵਿਚ ਆਪਣੀ ਪਕੜ ਕਾਇਮ ਰੱਖਣਾ ਹੈ। ਜੇ ਤਿਲੰਗਾਨਾ ਵਿਚ ਆਮ ਲੋਕਾਂ ਨਾਲ ਗੱਲਬਾਤ ਕੀਤੀ ਜਾਵੇ ਤਾਂ ਬਹੁਤੇ ਤੁਹਾਨੂੰ ਇਹੋ ਕਹਿਣਗੇ ਕਿ ਕੇਸੀਆਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ। ਗ਼ੌਰਤਲਬ ਹੈ ਕਿ ਤਿਲੰਗਾਨਾ ਵਿਚ ਅੱਜ ਕਾਂਗਰਸ ਨਹੀਂ ਸਗੋਂ ਭਾਜਪਾ ਵੱਡੀ ਤਾਕਤ ਹੈ। ਜਦੋਂ ਕੋਈ ਕੌਮੀ ਪਾਰਟੀ ਉਨ੍ਹਾਂ ਦੀ ਕਮਾਨ ਹੇਠ ਹੋਵੇਗੀ ਤਾਂ ਉਹ ਤੇਲਗੂ ਮਾਣ ਨੂੰ ਹੁਲਾਰਾ ਦੇਣ ਦੀ ਉਮੀਦ ਕਰ ਸਕਦੇ ਹਨ ਤੇ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕਰਨਗੇ ਕਿ 'ਤੇਲਗੂ ਬਿੱਡਾ' (ਤੇਲਗੂ ਬੱਚਾ) ਮੁਲਕ ਦਾ ਆਗੂ ਬਣ ਸਕਦਾ ਹੈ। ਇਸ ਤਰ੍ਹਾਂ ਉਨ੍ਹਾਂ ਦੇ ਹਮਾਇਤੀਆਂ ਦਾ ਵੱਡਾ ਹਿੱਸਾ ਉਨ੍ਹਾਂ ਨਾਲ ਜੁੜਿਆ ਰਹਿ ਸਕਦਾ ਹੈ। ਹੈਦਰਾਬਾਦ ਵਿਚ ਅਜਿਹੀ ਵੀ ਚਰਚਾ ਹੈ ਕਿ ਕੇਸੀਆਰ ਅਗਾਊਂ ਤੌਰ 'ਤੇ ਤਿਲੰਗਾਨਾ ਵਿਧਾਨ ਸਭਾ ਭੰਗ ਕਰ ਕੇ ਮੱਧਕਾਲੀ ਚੋਣਾਂ ਕਰਵਾ ਸਕਦੇ ਹਨ। ਅਜਿਹੇ ਕਦਮ ਦੇ ਪਿੱਛੇ ਆਪਣੇ ਹੋ ਰਹੇ ਨੁਕਸਾਨ ਨੂੰ ਘਟਾਉਣ ਅਤੇ ਹਾਲਾਤ ਬਹੁਤ ਜ਼ਿਆਦਾ ਖ਼ਰਾਬ ਹੋ ਜਾਣ ਤੋਂ ਪਹਿਲਾਂ ਮੁੜ ਸੱਤਾ ਸੰਭਾਲਣ ਦੀ ਸੋਚ ਹੋ ਸਕਦੀ ਹੈ।

ਕੇਸੀਆਰ ਵਾਂਗ ਹੀ ਮਮਤਾ ਬੈਨਰਜੀ ਵੀ ਇਕਮੁੱਠ ਵਿਰੋਧੀ ਧਿਰ ਦੇ ਆਗੂ ਵਜੋਂ ਉੱਭਰਨ ਦੇ ਖ਼ਾਹਿਸ਼ਮੰਦ ਹੋਣਗੇ। ਉਹ (ਮਮਤਾ) ਇਸ ਵਿਚ ਭਾਵੇਂ ਕਾਮਯਾਬ ਹੋਣ ਜਾਂ ਨਾ, ਪਰ ਇਹ ਸੰਭਾਵਨਾ ਬਣਦਿਆਂ ਹੀ ਕਿ ਉਹ ਦੇਸ਼ ਦੀ ਅਗਵਾਈ ਕਰ ਸਕਦੇ ਹਨ, ਸਾਰਾ ਪੱਛਮੀ ਬੰਗਾਲ ਉਨ੍ਹਾਂ ਦੇ ਹੱਕ ਵਿਚ ਡਟ ਜਾਵੇਗਾ। ਨਿਤੀਸ਼ ਕੁਮਾਰ ਵੱਲੋਂ ਕੌਮੀ ਰਾਜਧਾਨੀ ਵਿਚ ਕੀਤੀਆਂ ਸਦਭਾਵਨਾ ਮੀਟਿੰਗਾਂ ਤੋਂ ਬਾਅਦ ਮਮਤਾ ਬੈਨਰਜੀ ਨੇ ਮੁੜ ਕੋਲਕਾਤਾ ਤੋਂ ਏਕਤਾ ਲਈ ਸੱਦਾ ਦਿੱਤਾ ਹੈ ਤਾਂ ਕਿ ਅਜਿਹਾ ਨਾ ਹੋਵੇ ਕਿ ਉਨ੍ਹਾਂ ਹੱਥੋਂ ਪਹਿਲਕਦਮੀ ਦਾ ਮੌਕਾ ਖੁੰਝ ਜਾਵੇ। ਇਸ ਤੋਂ ਪਹਿਲਾਂ ਉਨ੍ਹਾਂ ਦੀ ਭਾਜਪਾ ਪ੍ਰਤੀ ਆਪਣੇ ਰੁਖ਼ ਵਿਚ 'ਨਰਮਾਈ' ਲਿਆਉਣ ਲਈ ਆਲੋਚਨਾ ਹੁੰਦੀ ਰਹੀ ਹੈ, ਜਿਵੇਂ ਉਨ੍ਹਾਂ ਪਹਿਲਾਂ ਰਾਸ਼ਟਰਪਤੀ ਚੋਣ ਲਈ ਦਰੋਪਦੀ ਮੁਰਮੂ ਦੀ ਉਮੀਦਵਾਰੀ ਪ੍ਰਤੀ ਝੁਕਾਅ ਦਿਖਾਇਆ ਤੇ ਫਿਰ ਉਪ ਰਾਸ਼ਟਰਪਤੀ ਦੀ ਚੋਣ ਤੋਂ ਲਾਂਭੇ ਰਹਿਣ ਦਾ ਫ਼ੈਸਲਾ ਕੀਤਾ ਹਾਲਾਂਕਿ ਉਪ ਰਾਸ਼ਟਰਪਤੀ ਚੁਣੇ ਗਏ ਜਗਦੀਪ ਧਨਖੜ ਦੇ ਪੱਛਮੀ ਬੰਗਾਲ ਦੇ ਰਾਜਪਾਲ ਹੁੰਦਿਆਂ ਮਮਤਾ ਬੈਨਰਜੀ ਦੀ ਉਨ੍ਹਾਂ ਨਾਲ ਪੂਰੀ ਖਹਿ ਚੱਲਦੀ ਰਹੀ ਹੈ।

ਨਿਤੀਸ਼ ਕੁਮਾਰ ਨੇ ਦਿੱਲੀ ਫੇਰੀ ਦੌਰਾਨ ਅਰਵਿੰਦ ਕੇਜਰੀਵਾਲ ਨਾਲ ਵੀ ਮੁਲਾਕਾਤ ਕੀਤੀ ਜੋ ਅਜਿਹੇ ਆਗੂ ਹਨ ਜਿਨ੍ਹਾਂ ਨੂੰ ਇਸ ਪੱਖੋਂ ਬੜੀ ਦਿਲਚਸਪੀ ਨਾਲ ਦੇਖਿਆ ਜਾ ਰਿਹਾ ਹੈ ਕਿ ਉਹ ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਵਿਚ ਆਪਣਾ ਆਧਾਰ ਕਿਵੇਂ ਵਧਾਉਂਦੇ ਹਨ। ਉਂਝ, ਉਨ੍ਹਾਂ ਨੂੰ 2024 ਵਿਚ ਇਕਮੁੱਠ ਵਿਰੋਧੀ ਧਿਰ ਦੇ ਆਗੂ ਵਜੋਂ ਬਹੁਤੇ ਲੋਕ ਪਸੰਦ ਨਹੀਂ ਕਰਨਗੇ। ਫਿਰ ਵੀ ਜੇ ਮਕਬੂਲੀਅਤ ਪੱਖੋਂ ਦੇਖਿਆ ਜਾਵੇ, ਭਾਵੇਂ ਇਹ ਅਜੇ ਸ਼ੁਰੂਆਤੀ ਦਿਨ ਹਨ, ਇਹ ਕੇਜਰੀਵਾਲ ਹੀ ਹੈ ਜਿਨ੍ਹਾਂ ਨੂੰ ਮੋਦੀ ਦਾ ਬਦਲ ਸਿਰਜਣ ਦੇ ਸਮਰੱਥ ਹੋਣ ਵਜੋਂ ਦੇਖਿਆ ਜਾ ਰਿਹਾ ਹੈ। ਜੇ ਉਹ ਇਸ ਦੌੜ ਵਿਚ ਡਟੇ ਰਹੇ ਤਾਂ ਵੀ ਇਹ ਉਨ੍ਹਾਂ ਲਈ ਮੈਰਾਥਨ ਵਰਗੀ ਦੌੜ ਸਾਬਤ ਹੋ ਸਕਦੀ ਹੈ। ਦੂਜੇ ਬੰਨੇ, ਕੇਜਰੀਵਾਲ ਨੇ ਆਖਿਆ ਹੈ ਕਿ 2024 ਦੀਆਂ ਚੋਣਾਂ ਉਨ੍ਹਾਂ ਦੀ ਪਾਰਟੀ ਇਕੱਲਿਆਂ ਲੜੇਗੀ। ਇਹ ਗੱਲ ਭਾਜਪਾ ਦੇ ਫ਼ਾਇਦੇ ਵਾਲੀ ਹੋਵੇਗੀ, ਆਮ ਚੋਣਾਂ ਵਿਚ ਤਿਕੋਣਾ ਮੁਕਾਬਲਾ ਭਾਜਪਾ ਨੂੰ ਲਾਭ ਦੇਵੇਗਾ, ਕਿਉਂਕਿ ਇਸ ਨਾਲ ਵਿਰੋਧੀ ਧਿਰ ਦੀ ਵੋਟ ਵੰਡੀ ਜਾਵੇਗੀ।

ਇਹ ਵੀ ਅਹਿਮ ਹੋਵੇਗਾ ਕਿ ਆਗਾਮੀ ਮਹੀਨਿਆਂ ਦੌਰਾਨ ਕਾਂਗਰਸ ਕੀ ਕਰਦੀ ਹੈ। ਰਾਹੁਲ ਗਾਂਧੀ ਨੇ ਅੱਜਕੱਲ੍ਹ ਜੋ ਭਾਰਤ ਜੋੜੋ ਯਾਤਰਾ ਸ਼ੁਰੂ ਕੀਤੀ ਹੋਈ ਹੈ, ਕੀ ਇਹ ਰਾਹੁਲ ਨੂੰ ਸੰਜੀਦਾ ਆਗੂ ਬਣਾਉਣ ਵਿਚ ਕਾਮਯਾਬ ਰਹੇਗੀ? ਹਾਲ ਦੀ ਘੜੀ ਬਹੁਤੇ ਆਗੂ ਰਾਹੁਲ ਨੂੰ ਇਕਮੁੱਠ ਵਿਰੋਧੀ ਧਿਰ ਦਾ ਆਗੂ ਮੰਨਣ ਲਈ ਸ਼ਾਇਦ ਹੀ ਤਿਆਰ ਹੋਣ? ਇਸ ਹਕੀਕਤ ਨੂੰ ਦੇਖਦਿਆਂ ਕਾਂਗਰਸ ਲਈ ਆਗੂ ਵਜੋਂ ਨਿਤੀਸ਼ ਦੀ ਹਮਾਇਤ ਕਰਨਾ ਲਾਹੇਵੰਦ ਰਹੇਗਾ। ਇਸ ਨਾਲ ਸਾਰੀਆਂ ਖੇਤਰੀ ਪਾਰਟੀਆਂ ਵੀ ਇੱਕ ਮੰਚ 'ਤੇ ਆ ਸਕਦੀਆਂ ਹਨ, ਸਮੇਤ ਉਨ੍ਹਾਂ ਦੇ ਜਿਨ੍ਹਾਂ ਨੂੰ ਆਗੂ ਵਜੋਂ ਕਾਂਗਰਸ, ਖ਼ਾਸਕਰ ਨਹਿਰੂ-ਗਾਂਧੀ ਪਰਿਵਾਰ ਨਾਲ ਸਬੰਧਿਤ ਕੋਈ ਆਗੂ ਮਨਜ਼ੂਰ ਨਹੀਂ ਹੈ।

ਦੂਜੇ ਪਾਸੇ ਸੋਨੀਆ ਗਾਂਧੀ ਵੀ ਰਾਹੁਲ ਗਾਂਧੀ ਤੋਂ ਬਿਨਾ ਹੋਰ ਕਿਸੇ ਕਾਂਗਰਸੀ ਆਗੂ ਨੂੰ ਸਮੁੱਚੀ ਵਿਰੋਧੀ ਧਿਰ ਦੇ ਸਰਬ ਸਾਂਝੇ ਆਗੂ ਵਜੋਂ ਚੁਣਿਆ ਜਾਣਾ ਪਸੰਦ ਨਹੀਂ ਕਰਨਗੇ ਕਿਉਂਕਿ ਅਜਿਹਾ ਹੋਣ ਦੀ ਸੂਰਤ ਵਿਚ ਚੁਣਿਆ ਜਾਣ ਵਾਲਾ/ਵਾਲੀ ਆਗੂ ਰਾਹੁਲ ਦੇ ਖ਼ਿਲਾਫ਼ ਸੱਤਾ ਦਾ ਕੇਂਦਰ ਬਣ ਜਾਵੇਗਾ ਤੇ ਇਸ ਨਾਲ ਭਵਿੱਖ ਵਿਚ ਸਮੱਸਿਆ ਖੜ੍ਹੀ ਹੋ ਸਕਦੀ ਹੈ। ਇਨ੍ਹਾਂ ਹਾਲਾਤ ਵਿਚ ਨਿਤੀਸ਼ ਕੁਮਾਰ ਦੇ ਆਗੂ ਬਣਨ ਨਾਲ ਸਮੱਸਿਆ ਤੋਂ ਖਹਿੜਾ ਛੁਟ ਜਾਵੇਗਾ। ਉਹ ਕਿਉਂਕਿ ਸੋਸ਼ਲਿਸਟ ਪਿਛੋਕੜ ਤੋਂ ਹਨ ਅਤੇ ਮਮਤਾ ਬੈਨਰਜੀ ਜਾਂ ਸ਼ਰਦ ਪਵਾਰ ਵਾਂਗ ਕੋਈ ਸਾਬਕਾ ਕਾਂਗਰਸੀ ਆਗੂ ਨਹੀਂ ਹਨ ਜਿਨ੍ਹਾਂ ਦੇ ਕਾਂਗਰਸ ਵਿਚ ਡੂੰਘੇ ਸੰਪਰਕ ਹੋਣ, ਇਸ ਕਾਰਨ ਉਨ੍ਹਾਂ ਤੋਂ ਕਾਂਗਰਸ ਦੇ ਕਿਸੇ ਵੱਡੇ ਹਿੱਸੇ ਨੂੰ ਆਪਣੇ ਨਾਲ ਜੋੜ ਲੈਣ ਦਾ ਬਹੁਤਾ ਖ਼ਤਰਾ ਨਹੀਂ ਹੈ।

ਨਿਤੀਸ਼ ਕੁਮਾਰ ਆਪਣੀ ਉਮਰ ਦੇ 70ਵਿਆਂ ਵਿਚ ਹਨ। ਉਹ ਪ੍ਰਸ਼ਾਸਕੀ ਤੇ ਸਿਆਸੀ ਤਜਰਬੇ ਨਾਲ ਭਰਪੂਰ ਹਨ ਤੇ ਅੱਠ ਵਾਰ ਮੁੱਖ ਮੰਤਰੀ ਰਹਿ ਚੁੱਕੇ ਹਨ। ਉਹ ਭਾਵੇਂ ਗੱਠਜੋੜ ਪੱਖੋਂ ਚਾਰ ਵਾਰ ਪਲਟੀ ਮਾਰ ਚੁੱਕੇ ਹਨ ਤੇ ਉਨ੍ਹਾਂ ਨੂੰ ਨਿਵ ਕੇ ਵੀ ਰਹਿਣਾ ਪੈ ਸਕਦਾ ਹੈ ਪਰ ਉਹ ਗੱਠਜੋੜ ਦੀ ਅਗਵਾਈ ਕਰਨ ਲਈ ਸਭ ਤੋਂ ਵੱਧ ਢੁਕਵੇਂ ਹਨ; ਉਹ ਕਾਂਗਰਸ ਸਮੇਤ ਵੱਧ ਤੋਂ ਵੱਧ ਪਾਰਟੀਆਂ ਲਈ ਘੱਟ ਤੋਂ ਘੱਟ ਖ਼ਤਰਨਾਕ ਹਨ।

ਵਿਰੋਧੀ ਧਿਰ ਦੇ ਆਗੂ ਦਾ ਫ਼ੈਸਲਾ ਕਾਹਲੀ ਵਿਚ ਕੀਤੇ ਜਾਣ ਦੀ ਸੰਭਾਵਨਾ ਨਹੀਂ ਜਾਪਦੀ ਪਰ ਵਿਰੋਧੀ ਧਿਰ ਇਸ ਦੌਰਾਨ ਭਾਜਪਾ ਦੇ ਵਿਰੋਧੀ-ਬਿਰਤਾਂਤ ਦੇ ਟਾਕਰੇ ਲਈ ਬਿਰਤਾਂਤ ਸਿਰਜਣ ਦੀ ਸ਼ੁਰੂਆਤ ਕਰ ਸਕਦੀ ਹੈ। ਵਿਰੋਧੀ ਧਿਰ ਜਿੱਥੇ ਵੀ ਮੁਮਕਿਨ ਹੋਵੇ, ਭਾਜਪਾ ਖ਼ਿਲਾਫ਼ ਸਿੱਧੇ, ਆਹਮੋ-ਸਾਹਮਣੇ ਮੁਕਾਬਲੇ ਲਈ ਕੰਮ ਸ਼ੁਰੂ ਕਰ ਸਕਦੀ ਹੈ। ਉਂਝ ਵੀ ਹਾਕਮ ਪਾਰਟੀ ਖ਼ਿਲਾਫ਼ ਲੜਾਈ ਵਿਚ ਇਹੋ ਸਭ ਤੋਂ ਅਹਿਮ ਪੱਖ ਹੈ।

# ਭਗਵੰਤ ਮਾਨ ਨੂੰ ਜਹਾਜ਼ 'ਚੋਂ ਉਤਾਰਨ ਦੀ ਘਟਨਾ ਦੀ ਜਾਂਚ ਕਰਵਾਏਗੀ ਕੇਂਦਰ ਸਰਕਾਰ

ਨਵੀਂ ਦਿੱਲੀ - ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੋਤਿਰਾਦਿੱਤਿਆ ਸਿੰਧੀਆ ਨੇ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਫਰੈਂਕਫਰਟ ਏਅਰਪੋਰਟ 'ਤੇ ਦਿੱਲੀ ਦੇ ਹਵਾਈ ਜਹਾਜ਼ ਤੋਂ ਉਤਾਰੇ ਜਾਣ ਦੇ ਦੋਸ਼ਾਂ ਦੀ ਜਾਂਚ ਕਰਨਗੇ। ਇਹ ਘਟਨਾ ਵਿਦੇਸ਼ੀ ਧਰਤੀ 'ਤੇ ਹੋਈ ਹੈ ਇਸ ਲਈ ਇਨ੍ਹਾਂ ਤੱਥਾਂ ਦੀ ਜਾਂਚ ਹੋਵੇਗੀ। ਭਗਵੰਤ ਮਾਨ 'ਤੇ ਹੈ। ਭਗਵੰਤ ਮਾਨ 'ਤੇ ਦੋਸ਼ ਹੈ ਕਿ ਉਨ੍ਹਾਂ ਨੂੰ ਨਸ਼ੇ ਦੀ ਹਾਲਤ 'ਚ ਜਹਾਜ਼ ਤੋਂ ਉਤਾਰਿਆ ਗਿਆ। ਜ਼ਿਕਰਯੋਗ ਹੈ ਕਿ ਇਹ ਮਾਮਲਾ ਚਰਚਾ 'ਚ ਆਉਣ ਤੋਂ ਬਾਅਦ ਲੁਫਥਾਂਸਾ ਏਅਰਲਾਈਨ ਨੇ ਆਪਣੇ ਵੱਲੋਂ ਸਪਸ਼ਟੀਕਰਨ ਜਾਰੀ ਕੀਤਾ ਸੀ। ਕੰਪਨੀ ਨੇ ਕਿਹਾ ਸੀ ਕਿ ਆਉਣ ਵਾਲੀ ਉਡਾਣ 'ਚ ਦੇਰੀ ਤੇ ਜਹਾਜ਼ ਬਦਲਣ ਕਾਰਨ ਫਰੈਂਕਫਰਟ ਤੋਂ ਦਿੱਲੀ ਦੀ ਉਡਾਣ 'ਚ ਦੇਰੀ ਨਾਲ ਰਵਾਨਾ ਹੋਈ। ਮੀਡੀਆ ਰਿਪੋਰਟ 'ਚ ਕਿਹਾ ਗਿਆ ਹੈ ਕਿ ਜਰਮਨ ਏਅਰਲਾਈਨਸ ਦੀ ਉਡਾਣ 'ਚ ਇਸ ਲਈ ਦੇਰੀ ਹੋਈ, ਕਿਉਂਕਿ ਇਕ ਯਾਤਰੀ ਕਥਿਤ ਤੌਰ 'ਤੇ ਨਸ਼ੇ 'ਚ ਸੀ ਤੇ ਉਸ ਨੂੰ ਹਵਾਈ ਜਹਾਜ਼ ਤੋਂ ਉਤਾਰਿਆ ਗਿਆ ਸੀ। ਇਸ ਬਾਰੇ ਅਕਾਲੀ ਨੇਤਾ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਤੇ ਕਾਂਗਰਸ ਨੇਤਾ ਬਾਜਵਾ ਨੇ ਦੋਸ਼ ਲਗਾਇਆ ਹੈ ਕਿ ਹਵਾਈ ਜਹਾਜ਼ ਤੋਂ ਉਤਾਰਿਆ ਗਿਆ ਯਾਤਰੀ ਕੋਈ ਹੋਰ ਨਹੀਂ ਬਲਕਿ ਸੀਐੱਮ ਭਗਵੰਤ ਮਾਨ ਸਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


# Sri Guru Ravidass Temple Pittsburg (CA)

## Akhand Path Sewa from September 23rd, 2022 (Friday) to September 25th, 2022 (Sunday)

With the blessings of Akalpurkh, the devoted family of Shri Gurnam Singh Rattu and Bibi Satya Mati Rattu, son of late Shri Gulzara Singh Rattu and late Bibi Shayami Rattu, will perform three days AKHAND PATH Sewa at Sri Guru Ravidass Temple, Pittsburg (CA), as per details mentioned below.

Recitation of Path begins at 10:30 A.M on September 23rd, 2022(Friday) and ends with Bhog ceremony at 10:30 A.M on September 25th, 2022 (Sunday). Prasad and Langar Sewa will be performed by the dedicated family for all the three days.

The family is dedicating this Sewa to express their humble thanks to Akalpurkh for health, happiness, peace and prosperity of the family.



The host family is requesting the entire Sangat to join them in their prayers and embellish the occasion with their gracious presence. Renowned Kirtani Jatha from San Jose will also grace the occasion with their God-gifted talents.

**"NANAK NAAM CHARDI KALA, TERE BHANE SARBAT KA BHALA"**

# ਗਿਆਨੀ ਬਲਦੇਵ ਸਿੰਘ ਬਣੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ

**ਅੰਮ੍ਰਿਤਸਰ-** ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਦਾ ਵਿਵਾਦ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ। ਡਾ ਗੁਰਵਿੰਦਰ ਸਿੰਘ ਸਮਰਾ ਤੇ ਗਿਆਨੀ ਰਣਜੀਤ ਸਿੰਘ ਗੌਹਰ ਦੇ ਵਿਵਾਦ ਦੇ ਚੱਲਦਿਆ ਗਿਆਨੀ ਗੌਹਰ ਨੂੰ ਪਟਨਾ ਸਾਹਿਬ ਦੇ ਪੰਜਾਂ ਪਿਆਰਿਆਂ ਵੱਲੋਂ ਤਨਖਾਹੀਆਂ ਕਰਾਰ ਦੇਣ ਤੋਂ ਬਾਅਦ ਪ੍ਰਬੰਧਕ ਕਮੇਟੀ ਬੋਰਡ ਦੀ ਇਕੱਤਰਤਾ ਕਾਰਜਕਾਰੀ ਪ੍ਰਧਾਨ ਜਗਜੀਤ ਸਿੰਘ ਸੋਹੀ ਦੀ ਅਗਵਾਈ ਵਿਚ ਮੀਟਿੰਗ ਹੋਈ। ਇਸ ਮੀਟਿੰਗ ਵਿਚ ਗਿਆਨੀ ਬਲਦੇਵ ਸਿੰਘ ਨੂੰ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦੀ ਇਸ ਵਿਸ਼ੇਸ਼ ਮੀਟਿੰਗ ਵਿਚ ਕਾਰਜਕਾਰੀ ਪ੍ਰਧਾਨ ਜਗਜੀਤ ਸਿੰਘ ਸੋਹੀ, ਮੀਤ ਪ੍ਰਧਾਨ ਲਖਵਿੰਦਰ ਸਿੰਘ, ਜਰਨਲ ਸਕੱਤਰ ਇੰਦਰਜੀਤ ਸਿੰਘ, ਸਕੱਤਰ ਹਰਬੰਸ ਸਿੰਘ ਸਮੇਤ ਮੈਂਬਰ ਸ਼ਾਮਲ ਹੋਏ। ਡਾ ਗੁਰਵਿੰਦਰ ਸਿੰਘ ਸਮਰਾ ਤੇ ਗਿਆਨੀ ਰਣਜੀਤ ਸਿੰਘ ਵਿਵਾਦ ਤੋਂ ਬਾਅਦ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਅਹੁਦੇ ਤੋਂ ਹਟਾਉਂਦਿਆਂ ਤਖ਼ਤ ਸਾਹਿਬ ਬੋਰਡ ਨੇ ਗਿਆਨੀ ਬਲਦੇਵ ਸਿੰਘ ਨੂੰ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਹੈ। ਕਮੇਟੀ ਵੱਲੋਂ ਪੱਤਰ ਜਾਰੀ ਕਰਦਿਆਂ ਗਿਆਨੀ ਬਲਦੇਵ ਸਿੰਘ ਵਧੀਕ ਹੈੱਡ ਗ੍ਰੰਥੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀਆਂ ਪਿਛਲੇ 38 ਸਾਲਾਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੇ ਮੱਦੇਨਜ਼ਰ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਹੈ। ਪ੍ਰਬੰਧਕ ਕਮੇਟੀ ਨੇ ਗਿਆਨੀ ਬਲਦੇਵ ਸਿੰਘ ਪਾਸੋਂ ਇਹ ਵੀ ਉਮੀਦ ਜਤਾਈ ਅਤੇ ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰਾ ਸੇਵਾਵਾਂ ਨਿਭਾਉਂਣਗੇ। ਉਧਰ ਗਿਆਨੀ ਰਣਜੀਤ ਸਿੰਘ ਗੌਹਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਕ ਮਹੀਨੇ ਦੀ ਛੁੱਟੀ ਪ੍ਰਬੰਧਕ ਕਮੇਟੀ ਪਾਸ ਲੈਣ ਲਈ ਪੱਤਰ ਜਰਨਲ ਸਕੱਤਰ ਨੂੰ ਲਿਖ ਦਿੱਤਾ ਜੋ ਦਫ਼ਤਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ।



# ਦੁਬਈ 'ਚ ਭਾਰਤ ਦਾ ਸਤੀਸ਼ ਬਣਿਆ ਆਲੀਸ਼ਾਨ ਕਲੱਬ ਦਾ ਮਾਲਕ

**ਨਵੀਂ ਦਿੱਲੀ-** ਦੁਬਈ ਵਿੱਚ ਸਤੀਸ਼ ਸਨਪਾਲ ਦਾ ਕਲੱਬ ਝੀ, ਕੋਨੋਰ ਹੋਟਲ, ਸ਼ੇਖ ਜ਼ਾਇਦ ਰੋਡ ਵਿਖੇ ਸਥਿਤ ਹੈ। ਹਾਲ ਹੀ ਵਿੱਚ, ਸਤੀਸ਼ ਜੀ ਨੂੰ ਅਮੀਰਾਤ ਬਿਜ਼ਨਸ ਕਾਨਕਲੇਵ 2022 ਦੌਰਾਨ ਉਨ੍ਹਾਂ ਦੇ ਸ਼ਾਨਦਾਰ ਲੀਡਰਸ਼ਿਪ ਹੁਨਰ, ਕਾਰੋਬਾਰੀ ਵਿਚਾਰਾਂ ਅਤੇ ਉੱਦਮੀ ਦਿਮਾਗ ਲਈ "ਸਾਲ ਦੇ ਉੱਦਮੀ (ਨਾਈਟ ਲਾਈਫ)" ਨਾਲ ਸਨਮਾਨਿਤ ਕੀਤਾ ਗਿਆ। 'ਸਟਾਈਲਿਸ਼ ਮਿਡ ਡੇ ਆਈਕੋਨਿਕ' ਨਾਲ ਵੀ ਸਨਮਾਨਿਤ ਕੀਤਾ ਗਿਆ। ਉਸ ਦੀ ਸਟਾਈਲਿਸ਼ ਦਿੱਖ ਅਤੇ ਸ਼ਾਨਦਾਰ ਡਰੈਸਿੰਗ ਸੈਂਸ ਲਈ ਸਾਲ ਦੇ ਉੱਦਮੀ ਦਾ ਪੁਰਸਕਾਰ। ਸਤੀਸ਼ ਸਨਪਾਲ ਜੀ ਕਹਿੰਦੇ ਹਨ, 'ਸੁਪਨੇ ਅਤੇ ਸੋਚ ਹਮੇਸ਼ਾ ਵੱਡੇ ਹੋਣੇ ਚਾਹੀਦੇ ਹਨ, ਤਾਂ ਹੀ ਤੁਸੀਂ ਕੁਝ ਵੀ ਪ੍ਰਾਪਤ ਕਰ ਸਕਦੇ ਹੋ'।

ਭਾਰਤ ਦੇ ਇੱਕ ਛੋਟੇ ਜਿਹੇ ਸ਼ਹਿਰ ਜਬਲਪੁਰ ਦੇ ਰਹਿਣ ਵਾਲੇ ਹਨ ਪਰ ਆਪਣੀ ਲਗਨ ਅਤੇ ਮਿਹਨਤ ਸਦਕਾ ਉਹ ਦੁਬਈ ਵਿੱਚ ਇੱਕ ਆਲੀਸ਼ਾਨ ਕਲੱਬ ਦੇ



ਮਾਲਕ ਹਨ। ਕਲੱਬ ਝੀ ਦੁਬਈ ਇਸ ਦੇ ਜੀਵੰਤ ਨਾਈਟ ਲਾਈਫ ਅਤੇ ਮਾਹੌਲ ਲਈ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ। ਸਤੀਸ਼ ਸਨਪਾਲ ਪਰਾਹੁਣਚਾਰੀ ਕਾਰੋਬਾਰ ਵਿੱਚ ਇੱਕ ਜਾਣਿਆ-ਪਛਾਣਿਆ ਮੁਗਲ ਹੈ। ਉਹ ਇੱਕ ਅਦਭੁਤ ਕਾਰੋਬਾਰੀ, ਉੱਦਮੀ ਅਤੇ ਸਲਾਹਕਾਰ ਹੈ, ਜਿੰਨਾ ਉਹ ਆਪਣੇ ਕਲੱਬ ਵਿੱਚ ਪਾਰਟੀ ਕਰਨਾ ਅਤੇ ਸਮਾਗਮਾਂ ਦੀ ਮੇਜ਼ਬਾਨੀ ਕਰਨਾ ਪਸੰਦ ਕਰਦਾ ਹੈ। ਆਉਣ ਵਾਲੇ ਹਫ਼ਤਿਆਂ ਵਿੱਚ, ਇਹ ਕਈ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਮੇਜ਼ਬਾਨੀ ਕਰਦਾ ਹੈ, ਜਿਸ ਵਿੱਚ ਸਭ ਤੋਂ ਮਸ਼ਹੂਰ ਮੰਗਲਵਾਰ ਲੇਡੀਜ਼ ਨਾਈਟ ਹੈ, ਜੋ ਸਿਰਫ ਔਰਤਾਂ ਲਈ ਹੈ ਤਾਂ ਜੋ ਨੌਜਵਾਨ ਔਰਤਾਂ ਵੀ ਰਾਤ ਦੀਆਂ ਪਾਰਟੀਆਂ ਦਾ ਆਨੰਦ ਲੈ ਸਕਣ। ਹਾਲ ਹੀ ਵਿੱਚ ਕੋਰੋਨਾ ਤੋਂ ਕੁਝ ਰਾਹਤ ਮਿਲੀ ਹੈ, ਇਸ ਲਈ ਸਤੀਸ਼ ਜੀ ਨੇ ਜੂਨ 2022 ਵਿੱਚ, ਕਲੱਬ ਝੀ ਨੇ ਦੁਬਈ ਵਿੱਚ ਇੱਕ ਐਫਰੋਬਿਟ ਟੇਕਓਵਰ ਈਵੈਂਟ ਆਯੋਜਿਤ ਕੀਤਾ। ਇਸ ਸਮਾਗਮ ਵਿੱਚ ਐਫਰੋ ਸੰਗੀਤ ਦੀਆਂ ਮਸ਼ਹੂਰ ਹਸਤੀਆਂ ਨੇ ਸ਼ਿਰਕਤ ਕੀਤੀ। ਸਤੀਸ਼ ਜੀ ਨੇ ਇਸ ਸਮਾਗਮ ਵਿੱਚ ਨਾਈਜੀਰੀਅਨ ਗਾਇਕ ਅਹਿਮਦ ਅਸਕੇ ਨੂੰ ਸ਼ਾਮਲ ਕੀਤਾ ਸੀ। ਅਸਾਕੇ ਆਪਣੀ ਬੋਲਡ ਆਵਾਜ਼ ਅਤੇ ਸੰਗੀਤ ਵੀਡੀਓਜ਼ ਲਈ ਮਸ਼ਹੂਰ ਹੈ।ਉਹ 'ਡੋਂਟ ਹਾਈਪ ਮੇਨ', ਲੇਡੀ', ਬਾਬਾ ਗੌਡ ਵਰਗੇ ਅਫਰੋ ਪੌਪ ਗੀਤਾਂ ਲਈ ਮਸ਼ਹੂਰ ਹੈ।

ਨਾਲ ਹੀ, ਅਫਰੋਬੀਟ ਟੇਕਓਵਰ ਵਿੱਚ, ਸਤੀਸ਼ ਜੀ ਨੇ ਨਾਈਜੀਰੀਅਨ ਡੀਜੇ ਸਪਿਨ ਆਲ ਵੀ ਕਿਹਾ। ਡੀਜੇ ਸਪਿਨ ਆਲ ਨੇ ਆਪਣੇ ਐਫਰੋ ਬੀਟ ਸੰਗੀਤ ਨਾਲ ਪੂਰੇ ਨਾਈਟ ਕਲੱਬ ਨੂੰ ਮੰਤਰਮੁਗਧ ਕਰ ਦਿੱਤਾ ਹੈ।ਡੀਜੇ ਸਪਿਨ ਆਲ ਨਾਈ-ਜੀਰੀਆ ਅਤੇ ਦੁਨੀਆ ਵਿੱਚ ਅਫਰੋ ਮਿਊਜ਼ਿਕ ਦਾ ਬਹੁਤ ਮਸ਼ਹੂਰ ਨਾਮ ਹੈ।ਅਸਾਕੇ ਅਤੇ ਡੀਜੇ ਸਪਿਨ ਆਲ ਨੇ 'ਪਲਾਜੋ' ਗੀਤ 'ਤੇ ਇਕੱਠੇ ਕੰਮ ਕੀਤਾ ਹੈ।

# ਗਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਸ਼ੁਰੂ

**ਜਲੰਧਰ-** ਇੱਥੇ ਦੇਸ਼ ਭਗਤ ਯਾਦਗਾਰ ਹਾਲ 'ਚ ਗਦਰੀ ਬਾਬਿਆਂ ਦੇ ਮੇਲੇ ਦੀ ਤਿਆਰੀ ਸੰਬੰਧੀ ਮੀਟਿੰਗ ਹੋਈ। ਮੀਟਿੰਗ ਦਾ ਆਗਾਜ਼ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਵੱਲੋਂ ਮੇਲੇ ਸੰਬੰਧੀ ਵਿਸਥਾਰਪੂਰਵਕ ਰਿਪੋਰਟ ਪੇਸ਼ ਕਰਨ ਨਾਲ ਹੋਇਆ । ਦੇਸ਼, ਲਹਿੰਦੇ ਪੰਜਾਬ ਅਤੇ ਚੜ੍ਹਦੇ ਪੰਜਾਬ ਭਰ ਦੇ ਨਾਟਕਕਾਰਾਂ ਅਤੇ ਗੀਤਕਾਰਾਂ ਨੂੰ ਭੇਜੇ ਬੁਲਾਵੇ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ । ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਲੁਧਿਆਣਾ, ਨਵਾਂ ਸ਼ਹਿਰ, ਅੰਮ੍ਰਿਤਸਰ ਆਦਿ ਜ਼ਿਲਿ-ਆਂ ਤੋਂ ਵੱਖ-ਵੱਖ ਸੰਸਥਾਵਾਂ ਵਿੱਚ ਸਰ-ਗਰਮੀ ਨਾਲ ਕੰਮ ਕਰਦੇ ਗਦਰੀ ਬਾਬਿਆਂ ਦੇ ਵਾਰਸਾਂ ਨੇ ਮੇਲੇ ਨੂੰ ਹਰ ਪੱਖੋਂ ਸਫਲ ਕਰਨ ਲਈ ਅਮੁੱਲੇ ਸੁਝਾਅ ਦਿੱਤੇ। 30, 31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਲੱਗਣ ਵਾਲੇ ਤਿੰਨ ਰੋਜ਼ਾ ਗਦਰੀ ਬਾਬਿਆਂ ਦੇ ਮੇਲੇ ਨੂੰ ਨਵੇਂ ਮੁਕਾਮ 'ਤੇ ਪਹੁੰਚਾਉਣ ਲਈ ਸਭਨਾਂ ਹਾਜ਼ਰ ਮੈਂਬਰਾਂ ਨੇ ਅੱਜ ਤੋਂ ਹੀ ਜ਼ੋਰਦਾਰ ਮੁਹਿੰਮ ਵਿੱਢਣ ਦਾ ਵਿਸ਼ਵਾਸ ਦਿਵਾਇਆ । ਮੀਟਿੰਗ 'ਚ ਮੇਲਾ ਤਿਆਰੀ ਕਮੇਟੀ, ਕੁਇੱਜ਼, ਭਾਸ਼ਣ, ਗਾਇਨ, ਪੇਂਟਿੰਗ, ਕਵੀ ਦਰਬਾਰ, ਪ੍ਰੈੱਸ, ਲੰਗਰ, ਵਲੰਟੀਅਰ, ਮੈਡੀਕਲ, ਸੋਵੀਨਰ, ਵਿਚਾਰ-ਚਰਚਾ ਆਦਿ ਕਮੇਟੀਆਂ ਦਾ ਗਠਨ ਕੀਤਾ ਗਿਆ ਤਾਂ ਜੋ ਮੇਲੇ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਮੀਟਿੰਗ 'ਚ ਹਾਜ਼ਰ ਮੈਂਬਰਾਂ ਨੇ ਵੱਧ ਤੋਂ ਵੱਧ ਗਿਣਤੀ ਵਿੱਚ ਲੋਕਾਂ ਨੂੰ ਮੇਲੇ ਵਿੱਚ ਲੈ ਕੇ ਆਉਣ ਤੋਂ ਇਲਾਵਾ, ਆਰਥਕ, ਵਲੰਟੀਅਰ ਅਤੇ ਲੰਗਰ ਵਿੱਚ ਵੀ ਯੋਗਦਾਨ ਪਾਉਣ ਲਈ ਹਰ ਸੰਭਵ ਯਤਨ ਕਰਨ ਦੀਆਂ ਜ਼ਿੰਮੇਵਾਰੀਆਂ ਚੁੱਕਣ ਦੇ ਉਤਸ਼ਾਹਜਨਕ ਵਿਚਾਰ ਸਾਂਝੇ ਕੀਤੇ । ਡਾ ਹਰਜਿੰਦਰ ਸਿੰਘ ਅਟਵਾਲ, ਡਾ। ਸੈਲੇਸ, ਡਾ ਮੰਗਤ ਰਾਏ, ਪ੍ਰੋ ਹਰਜੀਤ ਸਿੰਘ, ਪ੍ਰੋ ਸੁਰਜੀਤ ਜੱਜ, ਪ੍ਰੋ ਗੋਪਾਲ ਸਿੰਘ ਬੁੱਟਰ, ਚਾਨਣ ਰਾਮ, ਜੋਗਿੰਦਰ ਕੁੱਲੇਵਾਲ, ਵਿਜੈ ਬੰਬੇਲੀ, ਜਰਨੈਲ ਅੱਚਰਵਾਲ, ਚਮਕੌਰ ਅੱਚਰਵਾਲ, ਚਰੰਜੀ ਲਾਲ ਕੰਗਣੀਵਾਲ, ਸੀਤਲ ਸਿੰਘ ਸੰਘਾ ਮੀਤ ਪ੍ਰਧਾਨ, ਰਣਜੀਤ ਸਿੰਘ ਔਲਖ ਵਿੱਤ ਸਕੱਤਰ, ਸੁਰਿੰਦਰ ਕੁਮਾਰੀ ਕੋਛੜ, ਹਰਮੇਸ਼ ਮਾਲੜੀ, ਪ੍ਰਿਥੀਪਾਲ ਮਾੜੀਮੇਘਾ, ਬਲਬੀਰ ਕੌਰ ਬੰਡਾਲਾ, ਰਮੇਸ਼ ਚੋਹਕਾ, ਪੁਸ਼ਕਰ ਰਾਜ, ਸਾਹਿਲ ਸਮੇਤ ਤਿੰਨ ਦਰਜਨ ਬੁੱਧੀਜੀਵੀਆਂ, ਲੇਖਕਾਂ, ਤਰਕਸ਼ੀਲ, ਜਮਹੂਰੀ ਅਤੇ ਲੋਕ-ਪੱਖੀ ਸੰਸਥਾਵਾਂ ਨਾਲ ਜੁੜੇ ਲੋਕਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਵਿਚਾਰ-ਚਰਚਾ ਨੂੰ ਭਰਵਾਂ ਬਣਾਉਣ ਅਤੇ ਮੇਲੇ ਨੂੰ ਚਾਰ ਚੰਨ ਲਾਉਣ ਲਈ ਨਿੱਗਰ ਉੱਦਮ ਜੁਟਾਉਣ ਦਾ ਭਰੋਸਾ ਦਿੱਤਾ।

ਮੀਟਿੰਗ ਦੇ ਸਿਖਰ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਡਾ। ਪਰਮਿੰਦਰ ਸਿੰਘ ਅਤੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਮੇਲੇ ਨੂੰ ਭਰਵਾਂ ਹੁੰਗਾਰਾ ਭਰਨ 'ਤੇ ਮੁਬਾਰਕਬਾਦ ਦਿੱਤੀ।




# ਵਿਸ਼ਵ ਦੇ 34 ਕਰੋੜ ਤੋਂ ਵਧੇਰੇ ਲੋਕ ਭੁੱਖਮਰੀ ਦਾ ਹੋਣਗੇ ਸ਼ਿਕਾਰ-ਬੀਸਲੇ

**ਜਨੇਵਾ-** ਦੁਨੀਆ ਗਲੋਬਲ ਪੱਧਰ 'ਤੇ "ਅਣਕਿਆਸੀ ਐਮਰਜੈਂਸੀ ਸਥਿਤੀ" ਨਾਲ ਜੂਝ ਰਹੀ ਹੈ ਅਤੇ 34।50 ਕਰੋੜ ਲੋਕ ਭੁਖਮਰੀ ਵੱਲ ਵੱਧ ਰਹੇ ਹਨ ਅਤੇ ਯੂਕ੍ਰੇਨ ਯੁੱਧ ਖ਼ਤਮ ਹੋਣ ਤੱਕ ਸੱਤ ਕਰੋੜ ਹੋਰ ਲੋਕਾਂ 'ਤੇ ਭੁੱਖਮਰੀ ਦਾ ਖਤਰਾ ਮੰਡਰਾਉਣ ਲੱਗੇਗਾ।ਇਹ ਸ਼ਬਦ ਸੰਯੁਕਤ ਰਾਸ਼ਟਰ ਵਿਸ਼ਵ ਖੁਰਾਕ ਪ੍ਰੋਗਰਾਮ ਦੇ ਕਾਰਜਕਾਰੀ ਨਿਰਦੇਸ਼ਕ ਡੇਵਿਡ ਬੀਸਲੇ ਨੇ ਕਹੇ।

ਬੀਸਲੇ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਦੱਸਿਆ ਕਿ ਜਿਨ੍ਹਾਂ 82 ਦੇਸ਼ਾਂ ਵਿੱਚ ਇਹ ਏਜੰਸੀ ਸਰਗਰਮ ਹੈ, ਉਨ੍ਹਾਂ ਵਿੱਚੋਂ 34।50 ਕਰੋੜ ਲੋਕ ਗੰਭੀਰ ਭੋਜਨ ਅਸੁਰੱਖਿਆ ਦਾ ਸਾਹਮਣਾ ਕਰ ਰਹੇ ਹਨ ਅਤੇ ਇਹ ਸੰਖਿਆ 2020 ਵਿੱਚ ਕੋਰੋਨਾ ਵਾਇਰਸ ਮਹਾਮਾਰੀ ਦੇ ਫੈਲਣ ਤੋਂ ਪਹਿਲਾਂ ਨਾਲੋਂ ਢਾਈ ਗੁਣਾ ਵੱਧ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਇਹ ਬੇਹੱਦ ਚਿੰਤਾਜਨਕ ਹੈ ਕਿ ਇਨ੍ਹਾਂ ਵਿੱਚੋਂ 45 ਦੇਸ਼ਾਂ ਵਿੱਚ 5 ਕਰੋੜ ਲੋਕ ਗੰਭੀਰ ਕੁਪੋਸ਼ਣ ਤੋਂ ਪੀੜਤ ਹਨ ਅਤੇ ਅਕਾਲ ਦੇ ਕੰਢੇ 'ਤੇ ਹਨ। ਬੀਸਲੇ ਨੇ ਵਧਦੇ ਸੰਘਰਸ਼, ਮਹਾਮਾਰੀ ਦੇ ਆਰਥਿਕ ਪ੍ਰਭਾਵ, ਜਲਵਾਯੂ ਤਬਦੀਲੀ, ਵਧ ਰਹੀਆਂ ਬਾਲਣ ਦੀਆਂ ਕੀਮਤਾਂ ਅਤੇ ਯੂਕ੍ਰੇਨ ਵਿੱਚ ਯੁੱਧ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਭੁੱਖਮਰੀ ਦੀ ਲਹਿਰ ਹੁਣ ਭੁੱਖਮਰੀ ਦੀ ਸੁਨਾਮੀ ਬਣ ਗਈ ਹੈ।



ਉਹਨਾਂ ਨੇ ਕਿਹਾ ਕਿ ਰੂਸ ਦੇ 24 ਫਰਵਰੀ ਨੂੰ ਯੂਕ੍ਰੇਨ ਦੇ ਹਮਲੇ ਤੋਂ ਬਾਅਦ 7 ਕਰੋੜ ਲੋਕ ਭੁੱਖਮਰੀ ਵੱਲ ਵੱਧ ਰਹੇ ਹਨ। ਬੀਸਲੇ ਨੇ ਕਿਹਾ ਕਿ ਜੁਲਾਈ ਵਿਚ ਰੂਸ ਵੱਲੋਂ ਰੋਕੇ ਗਏ ਤਿੰਨ ਕਾਲਾ ਸਾਗਰ ਬੰਦਰਗਾਹਾਂ ਤੋਂ ਯੂਕ੍ਰੇਨੀ ਅਨਾਜ ਨੂੰ ਭੇਜਣ ਦੀ ਇਜਾਜ਼ਤ ਦੇਣ ਅਤੇ ਰੂਸੀ ਖਾਦਾਂ ਨੂੰ ਗਲੋਬਲ ਬਜਾਰਾਂ ਵਿਚ ਵਾਪਸ ਲਿਆਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਜਾਰੀ ਰੱਖਣ ਦੇ ਬਾਵਜੂਦ ਇਸ ਸਾਲ ਕਈ ਥਾਵਾਂ 'ਤੇ ਅਕਾਲ ਪੈਣ ਦਾ ਵਾਸਤਵਿਕ ਜ਼ੋਖਮ ਹੈ। ਉਸ ਨੇ ਕਿਹਾ ਕਿ ਜੇਕਰ ਅਸੀਂ ਠੋਸ ਕਦਮ ਨਾ ਚੁੱਕੇ ਤਾਂ ਮੌਜੂਦਾ ਖੁਰਾਕ ਮੁੱਲ ਸੰਕਟ ਜਲਦੀ ਹੀ 2023 ਵਿੱਚ ਭੋਜਨ ਦੀ ਉਪਲਬਧਤਾ ਸੰਕਟ ਵਿੱਚ ਬਦਲ ਸਕਦਾ ਹੈ।

# ਲੜਕੀ ਨਾਲ ਛੇੜਛਾੜ ਦੌਰਾਨ ਮੌਤ

**ਲਖੀਮਪੁਰ ਖੀਰੀ-** ਇਥੋਂ ਦੇ ਇਕ ਪਿੰਡ ਵਿਚ ਬੀਤੇ ਦਿਨੀਂ ਛੇੜਛਾੜ ਦਾ ਵਿਰੋਧ ਕਰਨ 'ਤੇ ਦੋ ਨੌਜਵਾਨਾਂ ਵਲੋਂ ਕੀਤੇ ਗਏ ਤੇਜ ਧਾਰ ਹਥਿਆਰਾਂ ਨਾਲ ਹਮਲੇ ਵਿਚ ਜ਼ਖ਼ਮੀ ਹੋਈ 20 ਸਾਲਾ ਹਿੰਦੂ ਲੜਕੀ ਦੀ ਮੌਤ ਹੋ ਜਾਣ ਕਾਰਨ ਫਿਰਕੂ ਤਣਾਅ ਪੈਦਾ ਹੋ ਗਿਆ। ਪਰਿਵਾਰ ਦੀ ਸ਼ਿਕਾਇਤ 'ਤੇ ਧਿਆਨ ਨਾ ਦੇਣ ਕਾਰਨ ਇਕ ਪੁਲਿਸ ਚੌਕੀ ਇੰਚਾਰਜ ਨੂੰ ਮੁਅੱਤਲ ਵੀ ਕੀਤਾ ਗਿਆ ਹੈ। ਮ੍ਰਿਤਕ ਲੜਕੀ ਦੀ ਮਾਂ ਅਤੇ ਵੱਡੇ ਭਰਾ ਨੇ ਦੋ ਨੌਜਵਾਨਾਂ 'ਤੇ ਛੇੜਛਾੜ ਦੀ ਕੋਸ਼ਿਸ਼ ਤੋਂ ਬਾਅਦ ਉਸ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਨ ਦਾ ਦੋਸ਼ ਲਗਾਇਆ ਸੀ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਕੈਲੀਫੋਰਨੀਆ ਤੋਂ ਲਿਖਦੇ : ਹੁਸਨ ਲੜੋਆ ਬੰਗਾ

# ਅਮਰੀਕਾ ਦੇ ਮਿਸੀਸਿੱਪੀ ਰਾਜ ਦੀ ਰਾਜਧਾਨੀ ਜੈਕਸਨ ਵਿਚ 40 ਦਿਨ ਬਾਅਦ ਸ਼ੁਰੂ ਹੋਈ ਪੀਣ ਵਾਲੇ ਸਾਫ ਪਾਣੀ ਦੀ ਸਪਲਾਈ, ਉਬਾਲ ਕੇ ਪਾਣੀ ਪੀਣ ਦੀ ਸਲਾਹ ਲਈ ਵਾਪਿਸ

**ਸੈਕਰਾਮੈਂਟੋ 16 ਸਤੰਬਰ–** ਅਮਰੀਕਾ ਵਰਗੇ ਵਿਕਸਤ ਦੇਸ਼ ਵਿਚ ਵੀ ਆਮ ਮਨੁੱਖਾਂ ਨੂੰ ਵਿਸ਼ਵ ਦੇ ਬਾਕੀ ਦੇਸ਼ਾਂ ਵਾਂਗ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮੱਸਿਆਵਾਂ ਦੇ ਹੱਲ ਲਈ ਉਡੀਕ ਕਰਨੀ ਪੈਂਦੀ ਹੈ। ਤਾਜਾ ਮਿਸਾਲ ਅਮਰੀਕਾ ਦੇ ਮਿਸੀਸਿੱਪੀ ਰਾਜ ਦੀ ਰਾਜਧਾਨੀ ਜੈਕਸਨ ਦੀ ਹੈ ਜਿਥੇ ਪੀਣ ਵਾਲੇ ਪਾਣੀ ਦੀ ਬਹਾਲੀ 40 ਦਿਨਾਂ ਦੇ ਵੀ ਵਧ ਸਮੇ ਬਾਅਦ ਹੋਈ ਹੈ। ਪਈ ਭਾਰੀ ਬਾਰਿਸ਼ ਨੇ 'ਵਾਟਰ ਸਿਸਟਮ' ਨੂੰ ਤਹਿਸ ਨਹਿਸ ਕਰ ਦਿੱਤਾ ਸੀ ਜਿਸ ਤੋਂ ਬਾਅਦ ਅਗਸਤ ਦੇ ਸ਼ੁਰੂ ਵਿਚ ਸ਼ਹਿਰ ਦੇ ਵਾਸੀਆਂ ਨੂੰ ਉਬਾਲ ਕੇ ਪਾਣੀ ਪੀਣ ਲਈ ਕਿਹਾ ਗਿਆ ਸੀ।




ਗਵਰਨਰ ਟੇਟ ਰੀਵਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੁਣ ਸਮੱਸਿਆ ਖਤਮ ਹੋ ਗਈ ਹੈ ਤੇ ਲੋਕ 'ਵਾਟਰ ਸਿਸਟਮ' ਉਪਰ ਨਿਰਭਰ ਕਰ ਸਕਦੇ ਹਨ। ਉਬਾਲ ਕੇ ਪਾਣੀ ਪੀਣ ਦੀ ਸਲਾਹ ਵਾਪਿਸ ਲੈ ਲਈ ਗਈ ਹੈ। ਰੀਵਸ ਨੇ ਕਿਹਾ ਕਿ ''ਮਿਸੀਸਿੱਪੀ ਦੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਪਿਛਲੇ ਦੋ ਦਿਨ ਲਗਾਤਾਰ ਪਾਣੀ ਦੇ 120 ਨਮੂਨਿਆਂ ਦੀ ਪਰਖ ਕੀਤੀ ਹੈ ਜਿਨਾਂ ਦੀ ਜਾਂਚ ਤੋਂ ਬਾਅਦ ਅਸੀਂ ਹੁਣ ਇਹ ਐਲਾਨ ਕਰ ਸਕਦੇ ਹਾਂ ਕਿ ਅਸੀਂ ਸਾਫ ਪਾਣੀ ਦੀ ਬਹਾਲੀ ਵਿੱਚ ਸਫਲ ਹੋਏ ਹਾਂ।''

ਇਸ ਦੇ ਨਾਲ ਹੀ ਗਵਰਨਰ ਨੇ ਸਪੱਸ਼ਟ ਕੀਤਾ ਕਿ ਅਸੀਂ ਪਾਣੀ ਦੀ ਗੁਣਵਤਾ ਬਹਾਲ ਕਰ ਦਿੱਤੀ ਹੈ ਪਰੰਤੂ 'ਵਾਟਰ ਸਿਸਟਮ' ਅਜੇ ਵੀ ਆਪਣੀ ਸਮਰਥਾ ਅਨੁਸਾਰ ਕੰਮ ਨਹੀਂ ਕਰ ਰਿਹਾ। ਇਸ ਲਈ ਭਵਿੱਖ ਵਿਚ ਵੀ ਸ਼ਹਿਰ ਦੀ ਸਾਫ ਪਾਣੀ ਦੀ ਸਪਲਾਈ ਪ੍ਰਭਾਵਿਤ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## ਫਲੋਰਿਡਾ ਵਿਚ ਟਰੱਕ ਨੇ ਨਵਲ ਏਅਰ ਸਟੇਸ਼ਨ ਦੇ ਗੇਟ 'ਤੇ ਲਾਈ ਰੋਕ ਨੂੰ ਤੋੜਿਆ

**ਸੈਕਰਾਮੈਂਟੋ 16 ਸਤੰਬਰ–** ਜੈਕਸਨਵਿਲੇ (ਫਲੋਰਿਡਾ) ਵਿਖੇ ਇਕ ਟਰੱਕ ਨਵਲ ਏਅਰ ਸਟੇਸ਼ਨ ਦੇ ਗੇਟ ਅਗੇ ਲਾਈ ਰੋਕ ਵਿਚ ਜਾ ਵੱਜਾ ਜਿਸ ਕਾਰਨ ਡਰਾਈਵਰ ਦੀ ਮੌਤ ਹੋ ਗਈ। ਏਅਰ ਸਟੇਸ਼ਨ ਦੇ ਇਕ ਅਧਿਕਾਰੀ ਅਨੁਸਾਰ ਅਣਪਛਾਤੇ ਡਰਾਈਵਰ ਨੇ ਸਵੇਰੇ 6।30 ਵਜੇ ਬਰਮਿੰਘਮ ਗੇਟ ਰਾਹੀਂ ਆਪਣਾ ਟਰੱਕ ਭਜਾ ਕੇ ਲਿਜਾਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਵਾਹਣਾਂ ਨੂੰ ਰੋਕਣ ਲਈ ਲਾਈ ਰੋਕ ਵਿਚ ਜਾ ਵੱਜਾ। ਏਅਰ ਸਟੇਸ਼ਨ ਦੇ ਇਕ ਬੁਲਾਰੇ ਨੇ ਸਪੱਸ਼ਟ ਕੀਤਾ ਹੈ ਕਿ ਇਸ ਘਟਨਾ ਵਿਚ ਕੋਈ ਗੋਲੀ ਨਹੀਂ ਚਲੀ। ਅਗਲੇ ਨੋਟਿਸ ਤੱਕ ਬਰਮਿੰਘਮ ਗੇਟ ਬੰਦ ਕਰ ਦਿੱਤਾ ਗਿਆ ਹੈ। ਏਅਰ ਸਟੇਸ਼ਨ ਨੇ ਹੋਰ ਕੋਈ ਵੀ ਜਾਣਕਾਰੀ ਨਹੀਂ ਦਿੱਤੀ। ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਲੜੇਗੀ ਕਾਨੂੰਨੀ ਲੜਾਈ

**ਚੰਡੀਗੜ੍ਹ–** ਚੰਡੀਗੜ੍ਹ 'ਚ ਸਥਿਤ ਸ਼੍ਰੋਮਣੀ ਕਮੇਟੀ ਦੇ ਉੱਪ ਦਫ਼ਤਰ ਵਿਖੇ ਸੇਵਾ ਮੁਕਤ ਸਿੱਖ ਜੱਜਾਂ ਅਤੇ ਸੀਨੀਅਰ ਵਕੀਲਾਂ ਨਾਲ ਵਿਸ਼ੇਸ਼ ਬੈਠਕ ਮਗਰੋਂ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਕੌਮ ਦਾ ਸਭ ਤੋਂ ਅਹਿਮ ਮਾਮਲਾ ਹੈ, ਕਿਉਂਕਿ ਸਜ਼ਾਵਾਂ ਪੂਰੀਆਂ ਕਰਨ ਬਾਅਦ ਵੀ ਸਿੱਖ ਬੰਦੀਆਂ ਨੂੰ ਛੱਡਿਆ ਨਹੀਂ ਜਾ ਰਿਹਾ ਹੈ। ਇਸ ਸਬੰਧ ਵਿਚ ਕਾਨੂੰਨੀ ਮਾਹਿਰਾਂ ਨੇ ਬੈਠਕ ਦੌਰਾਨ ਅਹਿਮ ਸੁਝਾਅ ਦਿੱਤੇ ਹਨ, ਜਿਸ ਤਹਿਤ ਕਾਨੂੰਨੀ ਲੜਾਈ ਅੱਗੇ ਵਧਾਈ ਜਾਵੇਗੀ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਭਾਵੇਂ ਪਹਿਲਾਂ ਹੀ ਬੰਦੀ ਸਿੰਘਾਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਵਾ ਰਹੀ ਹੈ, ਪਰ ਹੁਣ ਵੱਖ-ਵੱਖ ਕਾਨੂੰਨੀ ਪਹਿਲੂਆਂ ਦੇ ਮੱਦੇਨਜ਼ਰ ਸਮੂਹਕ ਤੌਰ 'ਤੇ ਸਿੱਖ ਬੰਦੀਆਂ ਦਾ ਕੇਸ ਰੱਖਿਆ ਜਾਵੇਗਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਦੀ ਇਕੱਤਰਤਾ 'ਚ ਬਿਹਤਰੀਨ ਸੁਝਾਅ ਪ੍ਰਾਪਤ ਹੋਏ ਹਨ ਅਤੇ ਆਉਂਦੇ ਦਿਨਾਂ ਵਿਚ ਇਕੱਤਰਤਾ ਮੁੜ ਬੁਲਾਈ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਲੰਮੇ ਅਰਸੇ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਤੋਂ ਇਲਾਵਾ ਮੌਜੂਦਾ ਸਮਿਆਂ ਦੌਰਾਨ ਕਈ ਕੇਸਾਂ 'ਚ ਫਸਾਏ ਗਏ ਸਿੱਖ ਨੌਜੁਆਨਾਂ ਨੂੰ ਛੁਡਾਉਣ ਲਈ ਵੀ ਯਤਨ ਕੀਤੇ ਜਾਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਬੰਦੀ ਸਿੰਘਾਂ ਦੇ ਵਿਰੋਧ ਵਿਚ ਭੁਗਤ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਬੰਦੀ ਸਿੰਘਾਂ ਨਾਲ ਹਮਦਰਦੀ ਰੱਖਦੀ ਹੁੰਦੀ ਤਾਂ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਦੇ ਇਕ ਆਦੇਸ਼ 'ਤੇ ਬਾਹਰ ਆ ਸਕਦੇ ਹਨ। ਏਨਾ ਹੀ ਨਹੀਂ ਸ੍ਰੀ ਅਰਵਿੰਦ ਕੇਜਰੀਵਾਲ ਦੇ ਕੋਲ ਉਹ (ਐਡਵੋਕੇਟ ਧਾਮੀ) ਖੁਦ ਵਫ਼ਦ ਲੈ ਕੇ ਪੁੱਜੇ ਸਨ, ਪਰ ਉਸ ਨੇ ਮਿਲਣਾ ਵੀ ਮੁਨਾਸਿਬ ਨਹੀਂ ਸਮਝਿਆ। ਦੂਸਰੇ ਪਾਸੇ ਕਾਂਗਰਸ ਦੇ ਆਗੂਆਂ ਵੱਲੋਂ ਵੀ ਲਗਾਤਾਰ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ।

## ਅਮਰੀਕਾ ਦੇ ਅਲਾਸਕਾ ਰਾਜ ਵਿਚ ਆਏ ਸਮੁੰਦਰੀ ਤੂਫਾਨ ਤੇ ਮੀਂਹ ਨੇ ਜਨ ਜੀਵਨ ਨੂੰ ਕੀਤਾ ਬੁਰੀ ਤਰਾਂ ਪ੍ਰਭਾਵਿਤ


**ਸੈਕਰਾਮੈਂਟੋ 18 ਸਤੰਬਰ–** ਅਮਰੀਕਾ ਦੇ ਅਲਾਸਕਾ ਰਾਜ ਦੇ ਸਮੁੰਦਰ ਵਿਚ ਆਏ ਜਬਰਦਸਤ ਤੂਫਾਨ ਤੇ ਮੀਂਹ ਨੇ ਜਨ ਜੀਵਨ ਉਪਰ ਵਿਆਪਕ ਅਸਰ ਪਾਇਆ ਹੈ। ਸ਼ਹਿਰਾਂ ਤੇ ਕਸਬਿਆਂ ਦੀਆਂ ਸੜਕਾਂ ਤੇ ਗਲੀਆਂ ਵਿਚ ਹੜ ਵਰਗੇ ਹਾਲਾਤ ਬਣ ਗਏ ਹਨ। ਗੋਲੋਵਿਨ, ਅਲਾਸਕਾ ਵਿਚ ਪਾਣੀ ਲੋਕਾਂ ਦੇ ਘਰਾਂ ਵਿਚ ਦਾਖਲ ਹੋ ਗਿਆ ਹੈ। ਨੈਸ਼ਨਲ ਵੈਦਰ ਸਰਵਿਸ ਨੇ ਕਿਹਾ ਹੈ ਕਿ ਤੂਫਾਨ ਦਾ ਜਿਆਦਾ ਦਬਾਅ ਦੱਖਣ -ਪੱਛਮੀ ਤੇ ਪੱਛਮੀ ਅਲਾਸਕਾ ਵਿਚ ਹੈ। ਕਈ ਲੋਕ ਸਕੂਲਾਂ ਤੇ ਹੋਰ ਥਾਵਾਂ 'ਤੇ ਪਨਾਹ ਲੈਣ ਲਈ ਮਜਬੂਰ ਹੋਏ ਹਨ। ਸਮੁੰਦਰ ਵਿਚ ਲਹਿਰਾਂ ਦੀ ਉਚਾਈ 10 ਫੁੱਟ ਤੋਂ ਵੀ ਵਧ ਰਿਕਾਰਡ ਕੀਤੀ ਗਈ ਹੈ। ਨੈਸ਼ਨਲ ਵੈਦਰ ਸਰਵਿਸ ਨੇ ਭਵਿੱਖਬਾਣੀ ਕੀਤੀ ਹੈ ਕਿ ਕੁਝ ਖੇਤਰਾਂ ਵਿਚ ਤੇਜ ਹਵਾਵਾਂ ਚੱਲ ਸਕਦੀਆਂ ਹਨ। ਸਮੁੰਦਰ ਵਿਚ ਪਾਣੀ ਦੇ ਉੱਚੇ ਪੱਧਰ ਕਾਰਨ ਤੱਟੀ ਖੇਤਰਾਂ ਵਿਚ ਹੜ ਆ ਸਕਦਾ ਹੈ।




## 30 ਸਾਲਾ ਮਾਂ ਵਿਰੁੱਧ 3 ਬੱਚਿਆਂ ਨੂੰ ਡਬੋ ਕੇ ਮਾਰਨ ਦੇ ਦੋਸ਼ਾਂ ਤਹਿਤ ਕਤਲ ਸਮੇਤ ਹੋਰ ਦੋਸ਼ ਆਇਦ

### ਮਾਂ ਨੇ ਰਿਸ਼ਤੇਦਾਰਾਂ ਸਾਹਮਣੇ ਆਪਣਾ ਗੁਨਾਹ ਕਬੂਲਿਆ

**ਸੈਕਰਾਮੈਂਟੋ 17 ਸਤੰਬਰ–** ਨਿਊਯਾਰਕ ਦੇ ਕੋਨੀ ਟਾਪੂ ਦੀ ਬੀਚ 'ਤੇ ਇਸ ਹਫਤੇ ਦੇ ਸ਼ੁਰੂ ਵਿਚ ਮਿਲੀਆਂ 3 ਬੱਚਿਆਂ ਦੀਆਂ ਲਾਸ਼ਾਂ ਦੇ ਮਾਮਲੇ ਵਿਚ ਬੱਚਿਆਂ ਦੀ 30 ਸਾਲਾ ਮਾਂ ਏਰਿਨ ਮੇਰਡੀ ਵਿਰੁੱਧ ਕਥਿੱਤ ਤੌਰ 'ਤੇ ਬੱਚਿਆਂ ਨੂੰ ਡਬੋ ਕੇ ਕਤਲ ਕਰਨ ਤੋਂ ਇਲਾਵਾ ਹੋਰ ਧਰਾਵਾਂ ਤਹਿਤ ਦੋਸ਼ ਆਇਦ ਕੀਤੇ ਗਏ ਹਨ। ਜਾਂਚ ਪੜਤਾਲ ਉਪਰੰਤ ਏਰਿਨ ਮੇਰਡੀ ਵਿਰੁੱਧ ਪਹਿਲਾ ਦਰਜਾ ਕਤਲ ਤੋਂ ਇਲਾਵਾ ਹਰੇਕ ਮਾਮਲੇ ਵਿਚ ਦੂਸਰਾ ਦਰਜਾ ਕਤਲ ਤੇ ਮਨੁੱਖੀ ਜੀਵਨ ਪ੍ਰਤੀ ਬੇਰਹਿਮੀ ਵਰਤਣ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕਰਕੇ ਨਿਊਯਾਰਕ ਪੁਲਿਸ ਵਿਭਾਗ ਦੇ ਅਫਸਰਾਂ ਨੇ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ। ਏਰਿਨ ਜੋ ਲੂਥਰਨ ਮੈਡੀਕਲ ਸੈਂਟਰ ਹਸਪਤਾਲ ਵਿਚ ਦਾਖਲ ਸੀ,ਨੂੰ ਬਰੁਕਲਿਨ ਕ੍ਰਿਮੀਨਲ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਵਾਪਿਸ ਉਸ ਨੂੰ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ।




ਪੇਸ਼ੀ ਦੌਰਾਨ ਜੱਜ ਅਰਚਨਾ ਰਾਓ ਨੇ ਕੁਝ ਸਵਾਲ ਪੁੱਛੇ ਜਿਸ ਦਾ ਉਸ ਨੇ ਜਵਾਬ ਕੇਵਲ ਹਾਂ ਵਿਚ ਦਿੱਤਾ। ਇਸ ਤੋਂ ਵਧ ਉਹ ਕੁਝ ਨਹੀਂ ਬੋਲੀ। ਪੇਸ਼ੀ ਸਮੇ ਉਸ ਦਾ ਵਕੀਲ ਵੀ ਹਾਜਰ ਸੀ ਜਿਸ ਨੇ ਮਾਮਲੇ 'ਤੇ ਕੋਈ ਟਿਪਣੀ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੂੰ ਅਗਲੇ ਹਫਤੇ ਮੰਗਲਵਾਰ ਮੁੜ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ । ਅਸਿਸਟੈਂਟ ਡਿਸਟ੍ਰਿਕਟ ਅਟਾਰਨੀ ਡੇਵਿਡ ਇੰਗਲ ਨੇ ਕਿਹਾ ਹੈ ਕਿ ਏਰਿਨ ਨੇ ਆਪਣੇ ਰਿਸ਼ਤੇਦਾਰਾਂ ਸਾਹਮਣੇ ਆਪਣੇ ਬੱਚਿਆਂ ਨੂੰ ਮਾਰਨ ਦੀ ਗੱਲ ਕਬੂਲੀ ਹੈ ਤੇ ਇਹ ਵੀ ਸੱਚ ਹੈ ਕਿ ਬੱਚੇ ਉਸ ਕੋਲ ਹੀ ਰਹਿੰਦੇ ਸਨ। ਏਰਿਨ ਵੱਲੋਂ ਆਪਣਾ ਗੁਨਾਹ ਕਬੂਲ ਕਰਨ ਤੋਂ ਬਾਅਦ ਉਸ ਦੇ ਰਿਸ਼ਤੇਦਾਰਾਂ ਨੇ ਪੁਲਿਸ ਨੂੰ ਸੱਦਿਆ ਸੀ। ਮਾਰੇ ਗਏ ਬੱਚਿਆਂ ਦੀ ਉਮਰ 3,4 ਤੇ 7 ਸਾਲ ਸੀ ਜਿਨਾਂ ਵਿਚ ਇਕ ਲੜਕਾ ਤੇ ਦੋ ਲੜਕੀਆਂ ਸ਼ਾਮਿਲ ਹਨ।

## ਆਪਣੀ ਦੋਸਤ ਕੁੜੀ ਨੂੰ ਮਾਰਨ ਦੇ ਦੋਸ਼ ਹੇਠ ਪਿਛਲੇ 2 ਦਹਾਕਿਆਂ ਤੋਂ ਉਮਰ ਭਰ ਲਈ ਜੇਲ ਵਿਚ ਬੰਦ ਪ੍ਰੇਮੀ ਦੀ ਹੋਈ ਰਿਹਾਈ

**ਸੈਕਰਾਮੈਂਟੋ 20 ਸਤੰਬਰ–** ਆਪਣੀ ਦੋਸਤ ਕੁੜੀ ਦੇ ਕਤਲ ਦੇ ਮਾਮਲੇ ਵਿਚ ਦੋ ਦਹਾਕਿਆਂ ਤੋਂ ਵੀ ਵਧ ਸਮਾਂ ਜੇਲ ਵਿਚ ਬੰਦ ਰਹਿਣ ਤੋਂ ਬਾਅਦ ਅਦਨਾਨ ਸਈਦ ਨਾਮੀ ਵਿਅਕਤੀ ਨੂੰ ਬਾਲਟੀਮੋਰ ਦੀ ਇਕ ਅਦਾਲਤ ਨੇ ਰਿਹਾਅ ਕਰਨ ਦਾ ਆਦੇਸ਼ ਦਿੱਤਾ ਹੈ।



ਸਰਕਟ ਕੋਰਟ ਜੱਜ ਮੈਲੀਸਾ ਫਿਨ ਨੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਸਈਦ ਦੀ ਸਜ਼ਾ ਰੱਦ ਕਰ ਦਿੱਤੀ ਜਾਵੇ। ਜਿਸ ਉਪਰੰਤ ਅਦਾਲਤ ਵਿਚ ਹੀ ਉਸ ਦੀ ਹੱਥ ਕੜੀ ਖੋਲ ਦਿੱਤੀ ਗਈ ਤੇ ਉਹ ਆਜ਼ਾਦ ਹੋ ਗਿਆ। ਜਿਉਂ ਹੀ ਸਈਦ ਦੀ ਹੱਥ ਕੜੀ ਖੋਲੀ ਗਈ ਤਾਂ ਅਦਾਲਤ ਵਿਚ ਮੌਜੂਦ ਉਸ ਦੀ ਮਾਂ ਤੇ ਪਰਿਵਾਰ ਦੇ ਹੋਰ ਲੋਕਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸਟੇਟ ਨੇ ਸਈਦ ਦੇ ਵਕੀਲ ਨਾਲ ਸਬੂਤ ਸਾਂਝੇ ਕਰਨ ਦੇ ਮਾਮਲੇ ਵਿਚ ਕਾਨੂੰਨੀ ਜਿੰਮੇਵਾਰੀ ਨਹੀਂ ਨਿਭਾਈ। ਜੱਜ ਨੇ ਸਈਦ ਨੂੰ ਰਿਹਾਅ ਕਰਨ ਦਾ ਆਦੇਸ਼ ਦਿੰਦਿਆਂ ਕਿਹਾ ਕਿ ਫਿਲਹਾਲ ਉਸ ਉਪਰ ਜੀ ਪੀ ਐਸ ਰਾਹੀਂ ਨਜਰ ਰੱਖੀ ਜਾਵੇ। ਜੱਜ ਨੇ ਸਟੇਟ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਉਸ 30 ਦਿਨਾਂ ਵਿਚ ਫੈਸਲਾ ਕਰੇ ਕਿ ਕੀ ਸਈਦ ਵਿਰੁੱਧ ਨਵੇਂ ਸਿਰੇ ਤੋਂ ਮੁਕੱਦਮਾ ਚਲਾਉਣਾ ਹੈ ਜਾਂ ਕੇਸ ਰੱਦ ਕਰਨਾ ਹੈ। ਅਦਾਲਤ ਦੇ ਇਸ ਫੈਸਲੇ ਨੂੰ ਇਕ ਐਪ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ ਜਿਸ ਉਪਰ ਹੋਈ ਚਰਚਾ ਦੌਰਾਨ ਮੇਜਬਾਨ ਸਾਰਾਹ ਕੋਨਿੰਗ ਨੇ ਇਹ ਸਿੱਟਾ ਕੱਢਿਆ ਸੀ ਕਿ ਉਹ ਯਕੀਨ ਨਾਲ ਨਹੀਂ ਕਹਿ ਸਕਦੀ ਕਿ ਸਈਦ ਦੀ ਕਿਸੇ ਵੇਲੇ ਦੋਸਤ ਰਹੀ ਕੁੜੀ ਹੇ ਮਿਨ ਲੀ ਦੀ ਹੱਤਿਆ ਕਿਸ ਨੇ ਕੀਤੀ ਹੈ। ਤੱਥਾਂ ਅਧਾਰਤ ਹੋਈ ਇਸ ਬਹਿਸ ਨੇ ਰਾਸ਼ਟਰੀ ਪੱਧਰ 'ਤੇ ਲੋਕਾਂ ਦਾ ਧਿਆਨ ਖਿਚਿਆ ਸੀ। ਸਈਦ ਨੂੰ 1999 ਵਿਚ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਤੋਂ ਇਲਾਵਾ 30 ਸਾਲ ਹੋਰ ਸਜ਼ਾ ਸੁਣਾਈ ਸੀ। ਉਸ ਸਮੇ ਉਸ ਦੀ ਉਮਰ 17 ਸਾਲ ਸੀ ਤੇ ਉਸ ਨੇ ਆਪਣੇ ਆਪ ਨੂੰ ਨਿਰਦੋਸ਼ ਦਸਿਆ ਸੀ। ਇਸ ਤੋਂ ਪਹਿਲਾਂ ਉਸ ਦੀ ਸਜ਼ਾ ਵਿਰੁੱਧ ਕੀਤੀਆਂ ਗਈਆਂ ਕਈ ਅਪੀਲਾਂ ਰੱਦ ਕਰ ਦਿੱਤੀਆਂ ਗਈਆਂ ਸਨ।

## ਫਲੋਰਿਡਾ ਵਿਚ ਬਿਜਲੀ ਡਿੱਗਣ ਉਪਰੰਤ ਲਾਪਤਾ ਹੋਏ ਵਿਦਿਆਰਥੀ ਦੀ ਲਾਸ਼ ਬਰਾਮਦ

**ਸੈਕਰਾਮੈਂਟੋ 18 ਸਤੰਬਰ–** ਓਰਲੈਂਡ ਝੀਲ ਉਪਰ ਮਿਡਲ ਸਕੂਲ ਰੋਇੰਗ ਕਲੱਬ ਨੇੜੇ ਡਿੱਗੀ ਅਸਮਾਨੀ ਬਿਜਲੀ ਉਪਰੰਤ ਲਾਪਤਾ ਹੋਏ ਵਿਦਿਆਰਥੀ ਦੀ ਲਾਸ਼ ਬਰਾਮਦ ਹੋਈ ਹੈ। ਓਰਲੈਂਡ ਫਾਇਰ ਵਿਭਾਗ ਦੇ ਕਾਰਜਕਾਰੀ ਡਿਪਟੀ ਚੀਫ ਈਆਨ ਡੇਵਿਸ ਨੇ ਕਿਹਾ ਹੈ ਕਿ ਸੰਭਵ ਤੌਰ 'ਤੇ ਲੇਕ ਫੇਅਰਵਿਊ ਵਿਚ ਉੱਤਰੀ ਓਰਲੈਂਡ ਰੋਇੰਗ ਕੰਪਲੈਕਸ ਨੇੜੇ ਅਭਿਆਸ ਕਰ ਰਹੇ ਮਿਡਲ ਸਕੂਲ ਦੇ 5 ਵਿਦਿਆਰਥੀਆਂ ਉਪਰ ਸ਼ਾਮ ਵੇਲੇ ਬਿਜਲੀ ਡਿੱਗੀ ਸੀ।

ਜਿਸ ਤੋਂ ਬਾਅਦ ਇਕ ਵਿਦਿਆਰਥੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਤੇ ਇਕ ਹੋਰ ਵਿਦਿਆਰਥਾ ਲਾਪਤਾ ਹੋ ਗਿਆ ਸੀ। ਬਾਕੀ ਤਿੰਨ ਵਿਦਿਆਰਥੀਆਂ ਨੂੰ ਮੌਕੇ ਉਪਰ ਹੀ ਮੁੱਢਲੀ ਸਹਾਇਤਾ ਦੇ ਕੇ ਘਰਾਂ ਨੂੰ ਭੇਜ ਦਿੱਤਾ ਗਿਆ ਸੀ। ਡੇਵਿਸ ਅਨੁਸਾਰ ਵਿਦਿਆਰਥੀ ਦੇ ਲਾਪਤਾ ਹੋਣ ਉਪਰੰਤ ਤੁਰੰਤ ਉਸ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ।

# ਕੈਪਟਨ ਅਮਰਿੰਦਰ ਸਾਬਕਾ ਸੰਸਦ ਮੈਂਬਰਾਂ, ਵਿਧਾਇਕਾਂ ਸਮੇਤ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ –** ਪੰਜਾਬ ਦੇ ਦੋ ਵਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਈ ਸਿਆਸੀ ਅਤੇ ਫੌਜੀ ਲੜਾਈਆਂ ਦੇ ਦਿੱਗਜ ਆਗੂ ਅੱਜ ਕੇਂਦਰੀ ਮੰਤਰੀਆਂ ਨਰਿੰਦਰ ਤੋਮਰ ਅਤੇ ਕਿਰਨ ਰਿਜਿਜੂ ਅਤੇ ਹੋਰ ਸੀਨੀਅਰ ਆਗੂਆਂ ਦੀ ਮੌਜੂਦਗੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਸੀਨੀਅਰ ਆਗੂ ਅਸ਼ਵਨੀ ਸ਼ਰਮਾ, ਸੁਨੀਲ ਜਾਖੜ ਆਦਿ ਵੀ ਹਾਜ਼ਰ ਸਨ। ਅੱਜ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਸਾਬਕਾ ਸੰਸਦ ਮੈਂਬਰ ਅਮਰੀਕ ਸਿੰਘ ਆਲੀਵਾਲ, ਕੇਵਲ ਸਿੰਘ, ਸਾਬਕਾ ਵਿਧਾਇਕ ਪ੍ਰੇਮ ਮਿੱਤਲ, ਸ੍ਰੀਮਤੀ ਹਰਚੰਦ ਕੌਰ, ਹਰਜਿੰਦਰ ਠੇਕੇਦਾਰ, ਬਲਬੀਰ ਰਾਣੀ ਸੋਢੀ, ਪੰਜਾਬ ਮਹਿਲਾ ਕਾਂਗਰਸ ਦੀ ਸਾਬਕਾ ਪ੍ਰਧਾਨ ਸ। ਰਣਇੰਦਰ ਸਿੰਘ, ਬੀਬਾ ਜੈ ਇੰਦਰ ਕੌਰ, ਨਿਰਵਾਨ ਸਿੰਘ, ਕਮਲਜੀਤ ਸੈਣੀ ਅਤੇ ਫਰਜ਼ਾਨਾ ਆਲਮ, ਜਿਨ੍ਹਾਂ ਦੀ ਨੁਮਾਇੰਦਗੀ ਉਨ੍ਹਾਂ ਦੀ ਬੇਟੀ ਨੇ ਕੀਤੀ ਕਿਉਂਕਿ ਉਹ ਅੱਜ ਇੱਥੇ ਭਾਜਪਾ ਹੈੱਡਕੁਆਰਟਰ ਵਿਖੇ ਵਿਦੇਸ਼ ਵਿੱਚ ਸਨ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਨੇ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਪ੍ਰਧਾਨ ਜੇਪੀ ਨੱਡਾ ਨਾਲ ਮੁਲਾਕਾਤ ਕੀਤੀ। ਕੈਪਟਨ ਅਮਰਿੰਦਰ ਸਿੰਘ ਅਤੇ ਹੋਰਾਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਸ੍ਰੀ ਤੋਮਰ ਨੇ ਕਿਹਾ ਕਿ ਕੈਪਟਨ ਅਮਰਿੰਦਰ ਨੇ ਹਮੇਸ਼ਾ ਕੌਮੀ ਹਿੱਤਾਂ ਨੂੰ ਪੱਖਪਾਤੀ ਹਿੱਤਾਂ ਤੋਂ ਉਪਰ ਰੱਖਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਪੰਜਾਬ ਵਿੱਚ ਭਾਜਪਾ ਹੋਰ ਮਜ਼ਬੂਤ ਹੋਵੇਗੀ।



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਉਹਨਾਂ ਦੀ ਪਾਰਟੀ ਪੰਜਾਬ ਲੋਕ ਕਾਂਗਰਸ ਦਾ ਭਾਜਪਾ ਰਲੇਵਾਂ ਕਾਰਨ ਤੋਂ ਬਾਅਦ ਵਿੱਚ ਉਨ੍ਹਾਂ ਨੇ ਸ਼੍ਰੀ ਅਸ਼ਵਨੀ ਸ਼ਰਮਾ ਜੀ ਦੀ ਅਗਵਾਈ ਹੇਠ ਸ਼੍ਰੀ ਅਮਿਤ ਸ਼ਾਹ ਜੀ ਕੇਂਦਰੀ ਗ੍ਰਹਿ ਮੰਤਰੀ ਅਤੇ ਸ਼੍ਰੀ ਜੇ ਪੀ ਨਾਡਾ ਜੀ ਰਾਸ਼ਟਰੀ ਪ੍ਰਧਾਨ ਭਾਜਪਾ ਨਾਲ਼ ਮੁਲਾਕਾਤ ਕੀਤੀਲ ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੀ ਨਰਿੰਦਰ ਸਿੰਘ ਤੋਮਰ ਕੇਂਦਰੀ ਮੰਤਰੀ, ਸ੍ਰੀ ਕਿਰਨ ਰੀਜੀਜੂ ਜੀ, ਸ੍ਰੀ ਰਾਜੇਸ਼ ਬਾਘਾ ਜੀ ਜਰਨਲ ਸਕੱਤਰ ਭਾਜਪਾ ਪੰਜਾਬ ਆਦਿ ਹਾਜ਼ਰ ਸਨ ਅਤੇ ਉਹਨਾਂ ਕਿਹਾ ਕਿ ਪੰਜਾਬ ਲੋਕ ਕਾਂਗਰਸ ਦਾ ਭਾਜਪਾ ਰਲੇਵਾਂ ਕਾਰਨ ਨਾਲ ਭਾਜਪਾ ਪੰਜਾਬ ਵਿੱਚ ਹੋਰ ਮਜ਼ਬੂਤੀ ਮਿਲੇਗੀ। ਕੈਪਟਨ ਸਾਹਿਬ ਅਤੇ ਉਹਨਾਂ ਦੇ ਨਾਲ਼ ਜਿਹਨਾਂ ਨੇ ਵੀ ਭਾਜਪਾ ਜੁਆਇਨ ਕੀਤੀ ਹੈ ਸਭ ਨੂੰ ਵਧਾਈ ਦਿੰਦਾ ਹਾਂ।

ਕੈਪਟਨ ਅਮਰਿੰਦਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਪ੍ਰਧਾਨ ਜੇਪੀ ਨੱਡਾ ਦਾ ਉਨ੍ਹਾਂ 'ਤੇ ਭਰੋਸਾ ਜਤਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਪੰਜਾਬ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਹਰ ਸੰਭਵ ਯਤਨ ਕਰਨਗੇ। ਕਈ ਸਿਆਸੀ ਅਤੇ ਫੌਜੀ ਲੜਾਈਆਂ ਦੇ ਦਿੱਗਜ ਰਹੇ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਸਾਲ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਕਾਂਗਰਸ ਛੱਡ ਦਿੱਤੀ ਸੀ। ਉਨ੍ਹਾਂ ਨੇ ਆਪਣੀ ਸਿਆਸੀ ਜਥੇਬੰਦੀ, ਪੰਜਾਬ ਲੋਕ ਕਾਂਗਰਸ ਦੀ ਸਥਾਪਨਾ ਕੀਤੀ, ਜਿਸ ਨੇ ਫਰਵਰੀ 2022 ਦੀਆਂ ਵਿਧਾਨ ਸਭਾ ਚੋਣਾਂ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਵਿੱਚ ਲੜੀਆਂ। ਕੈਪਟਨ ਅਮਰਿੰਦਰ ਦੀ ਸਾਖ ਅਤੇ ਕਰਿਸ਼ਮੇ ਦੇ ਨਾਲ-ਨਾਲ ਭਾਜਪਾ ਨੇ ਵੱਡੀਆਂ ਉਮੀਦਾਂ ਲਗਾਈਆਂ ਹਨ, ਯਕੀਨੀ ਤੌਰ 'ਤੇ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਸਿਆਸੀ ਸੰਤੁਲਨ ਅਤੇ ਸਮੀਕਰਨਾਂ ਨੂੰ ਬਦਲ ਦੇਣਗੇ।

# ਫਰਿਜਨੋ ਵਿਖੇ ਕਾਰ ਹਾਦਸੇ 'ਚ ਇੱਕੋ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਅਮਰੀਕਾ ਦੀ ਕੈਲੀਫੋਰਨੀਆਂ ਸਟੇਟ ਦੇ ਸ਼ਹਿਰ ਫਰਿਜ਼ਨੋ 'ਚ ਵਾਪਰੇ ਇਕ ਭਿਆਨਕ ਸੜਕ ਹਾਦਸੇ 'ਚ ਪੰਜਾਬੀ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋਣ ਦੀ ਦੁਖਦਾਇਕ ਖ਼ਬਰ ਸਾਹਮਣੇ ਆਈ ਹੈ। ਮ੍ਰਿਤਕਾਂ 'ਚ ਦੋ ਜਲੰਧਰ ਦੇ ਪਿੰਡ ਰੁੜਕਾ ਕਲਾਂ ਦੀਆਂ ਮਾਵਾਂ ਤੇ ਧੀਆਂ ਹਨ, ਜਦਕਿ ਤੀਜਾ ਉਨ੍ਹਾਂ ਦਾ ਰਿਸ਼ਤੇਦਾਰ (ਕੁੜੀ ਦਾ ਸਹੁਰਾ) ਸੀ। ਜਿਨ੍ਹਾਂ ਦੀ ਪਛਾਣ ਬੀਬੀ ਬਲਵੀਰ ਕੌਰ (ਰੁੜਕਾ ਕਲਾਂ ਤੋਂ ਸਾਬਕਾ ਬਲਾਕ ਸੰਮਤੀ ਮੈਂਬਰ) ਪਤਨੀ ਬਲਜੀਤ ਸਿੰਘ ਸਾਬਕਾ ਤਹਿਸੀਲਦਾਰ, ਉਨ੍ਹਾਂ ਦੀ ਪੁੱਤਰੀ ਪ੍ਰੀਤਜੀਤ ਕੌਰ (55) ਅਤੇ ਅਜੀਤ ਸਿੰਘ ਰਾਣਾ ਵਾਸੀ ਜੱਸੋ ਮਾਜਰਾ ਸ਼ਾਮਿਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਪਰਿਵਾਰ ਦੀ ਗੱਡੀ ਨੇ ਸੀਡਰ ਅਤੇ ਫਲੋਰਿਲ ਐਵੇਨਿਊ ਤੇ ਸਟਾਪ ਸਾਈਨ ਮਿੱਸ ਕਰ ਦਿੱਤਾ ਅਤੇ ਦੂਸਰੇ ਪਾਸਿਓਂ ਆਉਂਦੇ ਤੇਜ ਰਫ਼ਤਾਰ ਟਰੱਕ ਨਾਲ ਟੱਕਰ ਹੋ ਗਈ।





ਟੱਕਰ ਏਨੀ ਭਿਆਨਕ ਸੀ ਕਾਰ ਨੂੰ ਅੱਗ ਗਈ ਅਤੇ ਇੱਕ ਤਰਾਂ ਦਾ ਬਲਾਸਟ ਹੋ ਗਿਆ ਅਤੇ ਕਾਰ ਨੂੰ ਅੱਗ ਪੈ ਗਈ, ਅਤੇ ਤਿੰਨੇ ਜਾਣੇ ਅੱਗ ਵਿੱਚ ਝੁਲਸਣ ਕਾਰਨ ਮੌਤ ਦੇ ਮੂੰਹ ਜਾ ਪਏ। ਇਸ ਦੁਖਦਾਈ ਖ਼ਬਰ ਕਾਰਨ ਫਰਿਜ਼ਨੋ ਏਰੀਏ ਦਾ ਪੰਜਾਬੀ ਭਾਈਚਾਰਾ ਗਹਿਰੇ ਸਦਮੇ ਵਿੱਚ ਹੈ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Lic #0144676
Call: 707-228-2020,
Fax: 707-260-2813
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834

## ਲੰਡਨ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਮਹਾਰਾਣੀ ਵਿਕਟੋਰੀਆ ਦੇ ਬੁੱਤ 'ਤੇ ਕਿਸੇ ਨੇ ਲਿਖਿਆ "ਰਾਜਸ਼ਾਹੀ ਖਤਮ ਕਰੋ"




**ਗਲਾਸਗੋ–** ਰਾਜਸ਼ਾਹੀ ਖਿਲਾਫ ਅਕਸਰ ਹੀ ਲੋਕ ਆਪਣੀ ਆਵਾਜ ਬੁਲੰਦ ਕਰਦੇ ਰਹਿੰਦੇ ਹਨ। ਸਮੇਂ ਸਮੇਂ 'ਤੇ ਹੁੰਦੇ ਮੁਜਾਹਰਿਆਂ ਵਿੱਚ ਇਹ ਮੁੱਦਾ ਉਠਾਇਆ ਜਾਂਦਾ ਹੈ ਕਿ ਲੋਕਾਂ ਦੇ ਟੈਕਸ ਦਾ ਪੈਸਾ ਕਥਿਤ 'ਬੇਲੋੜੇ' ਖਰਚਿਆਂ ਲਈ ਵਰਤਿਆ ਜਾਂਦਾ ਹੈ। ਤਾਜ਼ੀ ਘਟਨਾ ਗਲਾਸਗੋ ਦੇ ਲਾਗਲੇ ਕਸਬੇ ਪੇਜ਼ਲੀ 'ਚ ਵਾਪਰੀ ਹੈ, ਜਿੱਥੇ ਮਹਾਰਾਣੀ ਵਿਕਟੋਰੀਆ ਦੇ ਬੁੱਤ 'ਤੇ ਸਪਰੇਅ ਪੇਂਟ ਨਾਲ "ਰਾਜਾਸ਼ਾਹੀ ਨੂੰ ਖਤਮ ਕਰੋ" ਨਾਅਰਾ ਲਿਖਿਆ ਮਿਲਿਆ। ਇੱਕ ਫੇਸਬੁੱਕ ਖਾਤੇ ਰਾਹੀਂ ਜਨਤਕ ਕੀਤੀ ਤਸਵੀਰ ਰਾਹੀਂ ਸਵਾਲ ਉਠਾਇਆ ਗਿਆ ਹੈ ਕਿ "ਸ਼ਰਾਰਤੀ ਅਨਸਰਾਂ ਨੂੰ ਫੜਨ ਲਈ ਪੇਜ਼ਲੀ ਦੇ ਸੀਸੀਟੀਵੀ ਕੈਮਰੇ ਕਿੱਥੇ ਹਨ?" ਇਸ ਉਪਰੰਤ ਕੌਂਸਲ ਦੇ ਅਧਿਕਾਰੀਆਂ ਨੂੰ ਭਾਜੜ ਪੈਂਦੀ ਹੈ ਤੇ ਗਰਫੀਟੀ ਰਿਮੂਵਲ ਯੂਨਿਟ ਵੱਲੋਂ ਤੁਰੰਤ ਡੂੰਨ ਸਕੁਏਅਰ ਪਹੁੰਚ ਕੇ ਇਸ ਨਾਅਰੇ ਨੂੰ ਹਟਾਉਣ ਦੇ ਕਾਰਜ ਸ਼ੁਰੂ ਕੀਤੇ ਗਏ।

# ਬ੍ਰਿਸਟਲ ਬਾਰ ਨੂੰ ਆਰਜੀ ਤੌਰ 'ਤੇ ਦਿੱਤਾ ਗਿਆ ਮਹਾਰਾਣੀ ਐਲਿਜ਼ਾਬੈਥ ਆਰਮਜ਼ ਦਾ ਨਾਮ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਗਲਾਸਗੋ ਦੇ ਈਸਟ ਐਂਡ ਵਿੱਚ ਸਥਿਤ ਪ੍ਰਸਿੱਧ ਬ੍ਰਿਸਟਲ ਬਾਰ ਨੂੰ ਯੂਨੀਅਨ ਝੰਡੇ ਨਾਲ ਸ਼ਿੰਗਾਰਿਆ ਗਿਆ ਹੈ ਅਤੇ ਇਸਨੂੰ ਅਸਥਾਈ ਤੌਰ 'ਤੇ "ਕੁਈਨ ਐਲਿਜ਼ਾਬੈਥ ਆਰਮਜ਼" ਦਾ ਨਾਮ ਵੀ ਦਿੱਤਾ ਗਿਆ ਹੈ। ਮਹਾਰਾਣੀ ਦੀ ਮੌਤ ਦੇ 24 ਘੰਟਿਆਂ ਤੋਂ ਵੀ ਘੱਟ ਸਮੇਂ ਬਾਅਦ ਪੱਬ ਦੀਆਂ ਕੰਧਾਂ ਆਦਿ 'ਤੇ ਮਰਹੂਮ ਮਹਾਰਾਣੀ ਦੇ ਚਿੱਤਰ ਲਗਾਏ ਗਏ ਸਨ ਤੇ ਫਿਰ ਇਸਦਾ ਇਹ ਅਸਥਾਈ ਨਾਮ ਰੱਖਿਆ ਗਿਆ ਹੈ। ਇਸ ਕੰਧ-ਚਿੱਤਰ 'ਤੇ 'ਕੁਈਨ ਐਲਿਜ਼ਾਬੈਥ ii 1926 -2022' ਅਤੇ ਪੱਬ ਦੇ ਬਾਹਰ ਫੁੱਲਾਂ ਨਾਲ ਸ਼ਰਧਾਂਜਲੀ ਦੇਣ ਦੇ ਨਾਲ ਅੱਧੇ ਝੰਡੇ ਵੀ ਲਹਿਰਾਏ ਗਏ ਹਨ। ਬ੍ਰਿਸਟਲ ਬਾਰ ਮਹਾਰਾਣੀ ਐਲਿਜ਼ਾਬੈਥ ii ਦਾ ਸੋਗ ਮਨਾ ਰਿਹਾ ਹੈ। ਬਾਰ ਦੇ ਅੰਦਰ ਮਹਾਰਾਣੀ ਦੀਆਂ ਵੱਡੀਆਂ ਤਸਵੀਰਾਂ ਅਤੇ ਹੋਰ ਯੂਨੀਅਨ ਜੈਕ ਝੰਡੇ ਵੀ ਲਗਾਏ ਗਏ ਹਨ।




# ਗਲਾਸਗੋ ਡੋਰਜ਼ ਓਪਨ ਡੇਅਜ਼ ਫੈਸਟੀਵਲ ਦੌਰਾਨ ਸੈਂਕੜੇ ਸੈਲਾਨੀ ਪਹੁੰਚੇ ਗੁਰਦੁਆਰਾ ਸਾਹਿਬ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਵਿਰਾਸਤੀ ਇਮਾਰਤਾਂ ਅਤੇ ਕੁਦਰਤੀ ਸੁਹੱਪਣ ਕਰਕੇ ਵਿਸ਼ਵ ਪ੍ਰਸਿੱਧ ਹੈ। ਇੱਥੋਂ ਦੀਆਂ ਦਰਸ਼ਨੀ ਇਮਾਰਤਾਂ ਹਰ ਕਿਸੇ ਦਾ ਮਨ ਮੋਹਦੀਆਂ ਹਨ। ਹਰ ਵਰ੍ਹੇ ਗਲਾਸਗੋ ਡੋਰਜ਼ ਓਪਨ ਡੇਅਜ਼ ਫੈਸਟੀਵਲ 12 ਤੋਂ 18 ਸਤੰਬਰ ਤੱਕ ਮਨਾਇਆ ਜਾਂਦਾ ਹੈ। ਇਹਨਾਂ ਛੇ ਦਿਨਾਂ ਵਿੱਚ 100 ਦੇ ਲਗਭਗ ਇਤਿਹਾਸਕ ਇਮਾਰਤਾਂ, ਥੀਏਟਰਜ਼, ਮਿਊਜ਼ੀਅਮ, ਫ਼ੈਕਟਰੀਆਂ, ਸਟੂਡੀਓਜ਼, ਸ਼ਰਾਬ ਦੇ ਕਾਰਖਾਨੇ ਅਤੇ ਹੋਰ ਬਹੁਤ ਸਾਰੀਆਂ ਇਮਾਰਤਾਂ ਆਮ ਲੋਕਾਂ ਦੇ ਦੇਖਣ ਲਈ ਖੁੱਲ੍ਹੀਆਂ ਰੱਖੀਆਂ ਜਾਂਦੀਆਂ ਹਨ। ਇਹਨਾਂ ਦਿਨਾਂ ਵਿੱਚ ਹੀ ਵੱਖ ਵੱਖ ਭਾਈਚਾਰਿਆਂ, ਖ਼ਿੱਤਿਆਂ, ਮੁਲਕਾਂ ਤੋਂ ਆਏ ਲੋਕ ਵੀ ਤੁਰ ਫਿਰ ਕੇ ਗਲਾਸਗੋ ਦੀ ਅਮੀਰ ਵਿਰਾਸਤ ਨੂੰ ਨੇੜਿਓ ਦੇਖਦੇ ਹਨ।

ਇਹਨਾਂ ਇਮਾਰਤਾਂ ਵਿੱਚ ਗਲਾਸਗੋ ਦੇ ਗੁਰਦੁਆਰਾ ਸਾਹਿਬਾਨ ਵੀ ਸ਼ਾਮਲ ਹੋ ਚੁੱਕੇ ਹਨ। ਜਿਸ ਤਹਿਤ ਸੈਂਕੜਿਆਂ ਦੀ ਤਾਦਾਦ ਵਿੱਚ ਸੈਲਾਨੀ ਗੁਰੂਘਰ ਪਹੁੰਚ ਕੇ ਜਾਣਕਾਰੀ ਹਾਸਲ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਸਾਹਿਬ ਵਿਖੇ ਵੀ ਵੱਖ ਵੱਖ ਦਿਨਾਂ ਵਿੱਚ ਵੱਡੀ ਗਿਣਤੀ ਵਿੱਚ ਸੈਲਾਨੀਆਂ ਨੇ ਪਹੁੰਚ ਕਰਕੇ ਸਿੱਖ ਧਰਮ, ਸਿੱਖ ਇਤਿਹਾਸ, ਲੰਗਰ ਪ੍ਰਥਾ ਸਮੇਤ ਹੋਰ ਵੀ ਅਨੇਕਾਂ ਪੱਖਾਂ ਬਾਰੇ ਜਾਣਕਾਰੀ ਹਾਸਲ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਸਮਰਾ ਨੇ ਸੇਵਾਵਾਂ ਨਿਭਾਉਣ ਵਾਲੇ ਸਮੂਹ ਸੇਵਾਦਾਰਾਂ, ਭੁਝੰਗੀ ਸਿੰਘ ਸਿੰਘਣੀਆਂ ਅਤੇ ਮਾਪਿਆਂ ਦਾ ਹਾਰਦਿਕ ਧੰਨਵਾਦ ਕੀਤਾ ਜਿਹਨਾਂ ਦੀ ਅਣਥੱਕ ਮਿਹਨਤ ਨਾਲ ਮਹਿਮਾਨ ਸੈਲਾਨੀਆਂ ਨੂੰ ਨਿਰੰਤਰ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਰਹੀ।





# ਵਿਸ਼ਵ ਬੈਂਕ ਵੱਲੋਂ ਪੰਜਾਬ ਲਈ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਮਨਜ਼ੂਰ

**ਵਾਸ਼ਿੰਗਟਨ–** ਵਿਸ਼ਵ ਬੈਂਕ ਦੇ ਬੋਰਡ ਆਫ ਡਾਇਰੈਕਟਰਾਂ ਨੇ ਪੰਜਾਬ ਲਈ 15 ਕਰੋੜ ਅਮਰੀਕੀ ਡਾਲਰ (ਕਰੀਬ 1195 ਕਰੋੜ ਰੁਪਏ) ਦਾ ਕਰਜ਼ਾ ਮਨਜ਼ੂਰ ਕੀਤਾ ਹੈ। ਸੂਬੇ ਨੂੰ ਇਹ ਕਰਜ਼ਾ ਇਸ ਦੇ ਵਿੱਤੀ ਸਰੋਤਾਂ ਦੇ ਬਿਹਤਰ ਪ੍ਰਬੰਧਨ ਤੇ ਜਨਤਕ ਸੇਵਾਵਾਂ ਤੱਕ ਪਹੁੰਚ ਬਿਹਤਰ ਬਣਾਉਣ ਲਈ ਦਿੱਤਾ ਗਿਆ ਹੈ। ਕੌਮਾਂਤਰੀ ਵਿੱਤੀ ਸੰਸਥਾ, ਨੇ ਇਕ ਬਿਆਨ ਵਿਚ ਕਿਹਾ ਕਿ ਬੈਂਕ ਵੱਖ-ਵੱਖ ਸਰਕਾਰੀ ਵਿਭਾਗਾਂ ਦੀ ਸੰਸਥਾਗਤ ਸਮਰੱਥਾ ਨੂੰ ਮਜ਼ਬੂਤ ਕਰਨ ਵਿਚ ਰਾਜ ਵੱਲੋਂ ਕੀਤੇ ਜਾ ਰਹੇ ਯਤਨਾਂ ਵਿਚ ਸਹਾਈ ਹੋਵੇਗੀ। ਇਸ ਤੋਂ ਇਲਾਵਾ ਵਿੱਤੀ ਜੋਖ਼ਮਾਂ ਨਾਲ ਨਜਿੱਠਣ ਤੇ ਸੋਚ-ਵਿਚਾਰ ਕੇ ਨੀਤੀਆਂ ਦੀ ਚੋਣ ਵਿਚ ਵੀ ਮਦਦ ਕਰੇਗੀ ਤਾਂ ਕਿ ਟਿਕਾਊ ਵਿਕਾਸ ਵੱਲ ਵਧਿਆ ਜਾ ਸਕੇ। ਇਕ ਬਿਆਨ ਵਿਚ ਵਿਸ਼ਵ ਬੈਂਕ ਨੇ ਕਿਹਾ, 'ਪੰਜਾਬ ਦਾ ਵਿਕਾਸ ਸਮਰੱਥਾ ਮੁਤਾਬਕ ਨਹੀਂ ਹੈ। ਵਿੱਤੀ ਚੁਣੌਤੀਆਂ ਤੇ ਸੀਮਤ ਸੰਸਥਾਗਤ ਸਮਰੱਥਾ ਦਾ ਮਤਲਬ ਹੈ ਕਿ ਤਰਜੀਹੀ ਵਿਕਾਸ 'ਤੇ ਸਰੋਤਾਂ ਦੀ ਘਾਟ ਭਾਰੂ ਪੈ ਰਹੀ ਹੈ।' ਉਨ੍ਹਾਂ ਕਿਹਾ ਕਿ ਨਵੇਂ ਪ੍ਰਾਜੈਕਟ ਰਾਜ ਦੀ ਵਿਕਾਸ ਦੇ ਟੀਚਿਆਂ ਦੀ ਪ੍ਰਾਪਤੀ ਵਿਚ ਮਦਦ ਕਰਨਗੇ। ਅਜਿਹਾ ਯੋਜਨਾਬੰਦੀ, ਬਜਟ ਤੇ ਨਿਗਰਾਨੀ ਰਾਹੀਂ ਕੀਤਾ ਜਾ ਸਕਦਾ ਹੈ। ਵਿਸ਼ਵ ਬੈਂਕ ਨੇ ਡਿਜੀਟਲ ਤਕਨੀਕ ਦੀ ਵਰਤੋਂ, ਸਰਕਾਰੀ ਖ਼ਰੀਦ ਢਾਂਚੇ 'ਚ ਜ਼ਿੰਮੇਵਾਰੀ ਤੈਅ ਕਰਨ ਦਾ ਵੀ ਜ਼ਿਕਰ ਕੀਤਾ ਹੈ। ਭਾਰਤ ਵਿਚ ਵਿਸ਼ਵ ਬੈਂਕ ਦੇ ਡਾਇਰੈਕਟਰ ਅਗਸਟੇ ਟਾਨੋ ਕੁਆਮੇ ਨੇ ਕਿਹਾ ਕਿ ਇਹ ਨਵਾਂ ਪ੍ਰਾਜੈਕਟ ਰਾਜ ਦੀ ਨਵੀਂ ਡੇਟਾ ਨੀਤੀ, ਜਿਸ ਦਾ ਮੰਤਵ ਵੱਖ-ਵੱਖ ਸਮਾਜਿਕ ਸੁਰੱਖਿਆ ਉੱਦਮਾਂ ਨੂੰ ਇਕੱਠੇ ਕਰਨਾ ਹੈ ਤੇ ਸੰਭਾਵੀ ਲੀਕੇਜ ਨੂੰ ਘਟਾਉਣਾ ਹੈ, ਨੂੰ ਲਾਗੂ ਕਰਨ ਵਿਚ ਮਦਦ ਕਰੇਗਾ। ਇਸ ਪ੍ਰਾਜੈਕਟ ਤਹਿਤ ਦੋ ਉੱਦਮ ਕੀਤੇ ਜਾਣਗੇ। ਸੇਵਾਵਾਂ ਤੱਕ ਪਹੁੰਚ ਬਿਹਤਰ ਕਰਨ ਲਈ ਨਗਰ ਨਿਗਮਾਂ ਨੂੰ ਕਾਰਗੁਜ਼ਾਰੀ ਦੇ ਅਧਾਰ 'ਤੇ ਗਰਾਂਟਾਂ ਦਿੱਤੀਆਂ ਜਾਣਗੀਆਂ।

ਦੂਜੇ ਉੱਦਮ ਤਹਿਤ ਅੰਮ੍ਰਿਤਸਰ ਤੇ ਲੁਧਿਆਣਾ ਦੇ ਚੋਣਵੇਂ ਇਲਾਕਿਆਂ ਵਿਚ ਚੌਵੀ ਘੰਟੇ ਜਲ ਸਪਲਾਈ ਯਕੀਨੀ ਬਣਾਈ ਜਾਵੇਗੀ। ਪਾਣੀ ਦੀ ਲੀਕੇਜ ਘਟਾਉਣ ਲਈ ਯਤਨ ਹੋਣਗੇ। ਵਿਸ਼ਵ ਬੈਂਕ ਨੇ ਬਿਆਨ ਵਿਚ ਕਿਹਾ ਕਿ 15 ਕਰੋੜ ਡਾਲਰ ਦੇ ਕਰਜ਼ੇ ਦੀ ਮਿਆਦ 15 ਸਾਲ ਹੋਵੇਗੀ ਤੇ ਛੇ ਮਹੀਨਿਆਂ ਦਾ ਗਰੇਸ ਪੀਰੀਅਡ ਹੋਵੇਗਾ।




# ਮੁਫ਼ਤ ਬਿਜਲੀ ਨੇ ਪੰਜਾਬ ਦੇ ਵਿੱਤੀ ਹਾਲਾਤ ਵਿਗਾੜੇ- ਕੇਂਦਰੀ ਬਿਜਲੀ ਮੰਤਰੀ

**ਪਟਿਆਲਾ –** ਪਟਿਆਲਾ ਇੰਡਸਟਰੀਅਲ ਐਸੋਸੀਏਸ਼ਨ ਦੇ ਸੱਦੇ ਤੇ ਇਕ ਸਾਦੇ ਪ੍ਰੋਗਰਾਮ ਚ ਪੁੱਜੇ ਕੇਂਦਰੀ ਬਿਜਲੀ ਮੰਤਰੀ ਆਰ ਕੇ ਸਿੰਘ ਨੇ ਕਿਹਾ ਕਿ ਬਿਜਲੀ ਮੁਫਤ ਦਿੱਤੇ ਜਾਣ ਕਾਰਨ ਪੰਜਾਬ ਦੀ ਵਿੱਤੀ ਹਾਲਾਤ ਕਾਫੀ ਵਿਗੜ ਰਹੀ ਹੈ ਅਤੇ ਪੰਜਾਬ ਨੂੰ ਆਪਣਾ ਕਰਜ਼ਾ ਉਤਾਰਨ ਦੇ ਲਈ ਹੋਰ ਕਰਜ਼ਾ ਚੁੱਕਣਾ ਪੈ ਰਿਹਾ ਹੈ।

ਆਰ ਕੇ ਸਿੰਘ ਨੇ ਪੰਜਾਬ ਦੇ ਵਿੱਤੀ ਹਾਲਾਤ ਬਾਰੇ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ਕਰਜ਼ੇ ਦੇ ਜਾਲ 'ਚ ਫਸ ਚੁੱਕਿਆ ਹੈ। ਉਨ੍ਹਾਂ ਤਨਜ਼ ਕੱਸਦੇ ਹੋਏ ਇਹ ਵੀ ਕਿਹਾ ਕਿ ਬੇਸ਼ੱਕ ਬਿਜਲੀ ਸਭ ਨੂੰ ਮੁਫ਼ਤ ਦੇ ਦਿਉ ਪਰ ਸਰਕਾਰ ਨੂੰ ਆਪਣੇ ਸਿਰ 'ਤੇ ਇਹ ਕੰਮ ਕਰਨਾ ਪਵੇਗਾ। ਉਨ੍ਹਾਂ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਨਾਂ ਨਾ ਲੈਂਦੇ ਹੋਏ ਤਨਜ਼ ਕੱਸਿਆ ਕਿ 'ਮੈਂ 300 ਯੂਨਿਟ ਫ੍ਰੀ ਬਿਜਲੀ ਕਰ ਰਿਹਾ ਹਾਂ'।

ਉਨ੍ਹਾਂ ਕਿਹਾ ਕਿ ਬਿਜਲੀ ਸ਼ੌਕ ਨਾਲ ਮੁਫ਼ਤ ਕਰੋ ਪਰ ਇਸ ਦਾ ਭੁਗਤਾਨ ਸਰਕਾਰਾਂ ਵੱਲੋਂ ਕਰਨਾ ਪਵੇਗਾ ਤੇ ਸਰਕਾਰਾਂ ਦਾ ਪੈਸਾ ਲੋਕਾਂ ਦਾ ਪੈਸਾ ਹੈ, ਕਿਸੇ ਸਿਆਸੀ ਲੀਡਰ ਦੀ ਜੇਬ 'ਚੋਂ ਨਹੀਂ ਜਾਂਦਾ, ਇਹ ਲੋਕਾਂ ਦੇ ਟੈਕਸ ਦਾ ਪੈਸਾ ਹੈ। ਆਰ ਕੇ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ 19,000 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਹੈ ਜੋ ਕਿ ਬੇਹੱਦ ਚਿੰਤਾ ਦਾ ਵਿਸ਼ਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚ ਪੰਜਾਬ ਰਾਜ ਦਾ ਮੈਂਬਰ ਲਾਉਣ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਅਦਾਲਤ ਦੇ ਫ਼ੈਸਲੇ ਮਗਰੋਂ ਨਿਯਮ ਬਣਾਏ ਗਏ ਹਨ ਕਿ ਪੰਜਾਬ, ਹਰਿਆਣਾ, ਹਿਮਾਚਲ ਤੇ ਰਾਜਸਥਾਨ 'ਚੋਂ ਡਾਇਰੈਕਟਰ ਲਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪਬਲਿਕ ਐਂਟਰਪ੍ਰਾਇਜ਼ਿਜ਼ ਬੋਰਡ ਵੱਲੋਂ ਨਿਯੁਕਤੀ ਕੀਤੀ ਜਾਂਦੀ ਹੈ। ਇਹ ਵੀ ਕਿਹਾ ਕਿ ਕੋਈ ਵੀ ਯੋਗ ਇੰਜੀਨੀਅਰ ਇਸ ਲਈ ਚੁਣਿਆ ਜਾ ਸਕਦਾ ਹੈ। ਉਨ੍ਹਾਂ ਨੇ ਨਾਲ ਇਹ ਵੀ ਕਿਹਾ ਕਿ ਜੇਕਰ ਪੰਜਾਬ ਵਿਚੋਂ ਯੋਗ ਇੰਜਨੀਅਰ ਹੋਵੇਗਾ ਤਾਂ ਉਹ ਜ਼ਰੂਰ ਚੁਣਿਆ ਜਾਵੇਗਾ।

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਤਾਲਿਬਾਨ ਤੇ ਅਮਰੀਕਾ ਵਿਚਕਾਰ ਕੈਦੀਆਂ ਦੀ ਅਦਲਾ-ਬਦਲੀ

**ਕਾਬੁਲ –** ਤਾਲਿਬਾਨ ਨੇ ਕਬਾਇਲੀ ਨੇਤਾ ਬਸ਼ੀਰ ਨੂਰਜ਼ਈ ਦੇ ਬਦਲੇ ਅਮਰੀਕੀ ਇੰਜੀਨੀਅਰ ਮਾਰਕ ਫ੍ਰੈਰਿਚ ਨੂੰ ਆਜ਼ਾਦ ਕਰ ਦਿੱਤਾ ਹੈ। ਬਸ਼ੀਰ ਤਾਲਿਬਾਨ ਦੇ ਸੰਸਥਾਪਕ ਮੁੱਲਾ ਉਮਰ ਦਾ ਨੇੜਲਾ ਮੰਨਿਆ ਜਾਂਦਾ ਹੈ। ਉਸਨੂੰ ਸਾਲ 2005 'ਚ ਨਿਊਯਾਰਕ 'ਚ ਅਮਰੀਕਾ ਤੇ ਯੂਰਪ 'ਚ ਹੈਰੋਇਨ ਤਸਕਰੀ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕੀ ਅਦਾਲਤ ਨੇ ਉਸਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਤਾਲਿਬਾਨ ਨਾਲ ਜੁੜੇ ਹੱਕਾਨੀ ਨੈੱਟਵਰਕ ਨੇ ਅਮਰੀਕੀ ਜਲ ਸੈਨਾ ਦੇ ਅਧਿਕਾਰੀ ਤੇ ਇੰਜੀਨੀਅਰ ਫ੍ਰੈਰਿਚ ਨੂੰ ਅਫਗਾਨਿਸਤਾਨ 'ਚ 31 ਜਨਵਰੀ 2020 ਨੂੰ ਅਗਵਾ ਕਰ ਲਿਆ ਸੀ।

ਅਮਰੀਕੀ ਅਗਵਾਈ ਵਾਲੀਆਂ ਵਿਦੇਸ਼ੀ ਫੋਰਸਾਂ ਦਾ ਵਾਪਸੀ ਤੋਂ ਬਾਅਦ ਅਗਸਤ 2021 'ਚ ਤਾਲਿਬਾਨ ਨੇ ਅਫਗਾਨਿਸਤਾਨ 'ਤੇ ਕਬਜ਼ਾ ਕਰ ਲਿਆ। ਉਸ ਤੋਂ ਬਾਅਦ ਤੋਂ ਅਮਰੀਕਾ ਫ੍ਰੈਰਿਚ ਦੀ ਰਿਹਾਈ ਦੀਆਂ ਕੋਸ਼ਿਸ਼ਾਂ ਕਰ ਰਿਹਾ ਸੀ। ਅਮਰੀਕੀ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਮਾਮਲਾ ਤਾਲਿਬਾਨ ਸਰਕਾਰ ਨੂੰ ਮਾਨਤਾ ਦੇਣ 'ਤੇ ਉਨ੍ਹਾਂ ਦੇ ਵਿਚਾਰ ਨੂੰ ਪ੍ਰਭਾਵਿਤ ਕਰੇਗਾ। ਫਿਲਹਾਲ, ਕਿਸੇ ਵੀ ਦੇਸ਼ ਨੇ ਰਸਮੀ ਤੌਰ 'ਤੇ ਤਾਲਿਬਾਨ ਨੂੰ ਮਾਨਤਾ ਨਹੀਂ ਦਿੱਤੀ ਹੈ।



# ਯੂਬਾ ਸਿਟੀ, ਕੈਲੀਫੋਰਨੀਆ ਦੇ ਬਜੁਰਗ ਸਿੱਖ ਆਗੂ ਸਰਦਾਰ ਦਿਦਾਰ ਸਿੰਘ ਬੈਂਸ ਦੇ ਅੰਤਮ ਸੰਸਕਾਰ ਸਮੇਂ ਅੰਤਮ ਦਰਸ਼ਨਾਂ ਲਈ ਭਾਰੀ ਗਿਣਤੀ 'ਚ ਲੋਕ ਪਹੁੰਚੇ

## ਤਖਤ ਸ੍ਰੀ ਕੇਸਗੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਜੀ ਵੀ ਹੋਏ ਸ਼ਾਮਿਲ













**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਦੁਨੀਆਂ ਦੇ ਸਿੱਖ ਦਿਸਹੱਦਿਆਂ ਵਿੱਚ ਆਪਣਾ ਨਾਂ ਇੱਕ ਸਿੱਖ ਆਗੂ ਤੇ ਦਾਨੀ ਵਜੋਂ ਸਥਾਪਿਤ ਕਰਨ ਵਾਲੇ ਸਰਦਾਰ ਦਿਦਾਰ ਸਿੰਘ ਬੈਂਸ ਦਾ ਅੱਜ ਅੰਤਮ ਸੰਸਕਾਰ ਯੂਬਾ ਸਿਟੀ ਵਿਖੇ ਕਰ ਦਿੱਤਾ ਗਿਆ ਇਸ ਮੌਕੇ ਉਨਾਂ ਨੂੰ ਪਿਆਰ ਕਰਨ ਵਾਲੇ ਤੇ ਅੰਤਮ ਦਰਸ਼ਨ ਕਰਨ ਵਾਲੇ ਲੋਕ ਭਾਰੀ ਗਿਣਤੀ ਚ ਜਮਾਂ ਹੋਏ, ਇਸ ਦੌਰਾਨ ਸਰਦਾਰ ਦਿਦਾਰ ਸਿੰਘ (84) ਦੇ ਪਰਿਵਾਰਿਕ ਮੈਂਬਰਾਂ 'ਚ ਉਨਾਂ ਦੀ ਪਤਨੀ ਸੰਤੀ ਬੈਂਸ, ਬੇਟਾ ਅਜੀਤ ਸਿੰਘ ਬੈਂਸ, ਬੇਟੀ ਦਲਜੀਤ ਕੌਰ, ਬੇਟਾ ਕਰਮਦੀਪ ਸਿੰਘ ਬੈਂਸ, ਜੋ ਕਿ ਸਟਰ ਕਾਊਂਟੀ ਸੁਪਰਵਾਈਜਰ ਹਨ ਅਤੇ ਵੱਡੇ ਪਰਿਵਾਰ ਸਮੇਤ ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਵਲੋਂ ਸਰਦਾਰ ਦਿਦਾਰ ਸਿੰਘ ਬੈਂਸ ਨਾਲ ਆਪਣੇ ਆਪਣੇ ਤੁਜਰਬੇ ਤੇ ਵਿਹਾਰ ਸਾਂਝੇ ਕੀਤੇ।

ਰਿਵਰ ਵੈਲੀ ਹਾਈ ਸਕੂਲ ਦੇ ਇੱਕ ਇੰਨਡੋਰ ਸਟੇਡੀਅਮ ਵਿੱਚ ਅਯੋਜਿਤ ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਹਰ ਤਰਾਂ ਦੀ ਸ਼ਖਸ਼ੀਅਤ ਸ਼ਾਮਿਲ ਹੋਈ। ਜਿਨਾਂ ਵਿੱਚ ਖਾਸ ਤੌਰ ਤੇ ਕੈਲੀਫੋਰਨੀਆਂ ਦੇ ਸਾਬਕਾ ਗਵਰਨਰ ਜੈਰੀ ਬਰਾਊਨ, ਕਾਂਗਰਸਮੈਨ, ਕਾਊਂਟੀ ਸੁਪਰਵਾਈਜਰ, ਯੂਬਾ ਤੇ ਯੋਲੋ ਕਾਉਂਟੀ ਦੇ ਉਚ ਅਧਿਕਾਰੀ, ਮੇਅਰ ਯੂਬਾ ਸਿਟੀ, ਮੇਅਰ ਲੈਥਰੋਪ ਸੁਖਮਿੰਦਰ ਧਾਲੀਵਾਲ, ਤੋਂ ਇਲਾਵਾ ਸਿੱਖ ਭਾਈਚਾਰੇ ਵਿਚੋਂ ਸ੍ਰੀ ਤਖਤ ਕੇਸਗੁੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਜੀ, ਗੁਰਦੁਆਰਾ ਬੰਗਲਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਰਣਜੀਤ ਸਿੰਘ ਜੀ, ਦਿਲਬਾਗ ਸਿੰਘ ਬੈਂਸ, ਜਸਵੰਤ ਸਿੰਘ ਬੈਂਸ, ਅਕਾਲੀ ਆਗੂ ਤੇ ਧਨਾਢ ਦਰਸ਼ਨ ਸਿੰਘ ਧਾਲੀਵਾਲ, ਬਾਬਾ ਬਲਬੀਰ ਸਿੰਘ ਬੁੱਢਾ ਦੱਲ, ਜੰਗ ਸਿੰਘ, ਗਿਆਨ ਸਿੰਘ ਸੰਧੂ ਕਨੇਡਾ, ਹਰਭਜਨ ਸਿੰਘ ਯੋਗੀ ਦੇ ਬੇਟੇ ਭਾਈ ਰਣਵੀਰ ਸਿੰਘ, ਤੇ ਭਾਈ ਕੁਲਬੀਰ ਸਿੰਘ, ਬਲਦੇਵ ਸਿੰਘ ਸੱਲਾ ਈਸਟ ਕੋਸਟ, ਰਣਜੀਤ ਸਿੰਘ ਟੁੱਟ, ਜੱਥੇਦਾਰ ਤਾਰਾ ਸਿੰਘ, ਜਸਵਿੰਦਰ ਸਿੰਘ ਜੱਸੀ, ਨਿੱਝਰ ਬ੍ਰਦਰਜ, ਬਲਜੀਤ ਸਿੰਘ ਮਾਨ, ਸੁਰਿੰਦਰ ਸਿੰਘ ਅਟਵਾਲ, ਸੁਰਜੀਤ ਟੁੱਟ, ਦਲਵੀਰ ਸਿੰਘ ਸੰਘੇੜਾ, ਸੁਖਵੰਤ ਸਿੰਘ ਖੈਰਾ, ਜਤਿੰਦਰ ਭੰਗੂ, ਪੌਲ ਰਾਮ, ਸਰਬਜੀਤ ਥਿਆੜਾ, ਰੌਣਕ ਸਿੰਘ ਐਲ ਏ, ਸੁਖਵਿੰਦਰ ਅਬਲੋਵਾਲ, ਮੱਖਣ ਸਿੰਘ ਮੱਲਾ ਬੇਦੀਆਂ ਅਦਿ ਸਖਸ਼ੀਅਤਾਂ ਨੇ ਵਿਸ਼ੇਸ ਤੌਰ ਤੇ ਹਾਜਰੀ ਭਰੀ। ਇਸ ਤੋਂ ਬਾਅਦ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਜਿਸਦੇ ਸਰਦਾਰ ਦਿਦਾਰ ਸਿੰਘ ਬਾਨੀ ਸਨ ਵਿੱਚ ਅੰਤਮ ਅਰਦਾਸ ਕੀਤੀ ਗਈ ਇਸ ਅੰਤਿਮ ਅਰਦਾਸ ਵਿੱਚ ਸਿਰਫ ਸਿੱਖ ਭਾਈਚਾਰੇ ਦੀ ਸੰਗਤ ਤੇ ਹੋਰ ਪਰਿਵਾਰ ਤੇ ਰਿਸ਼ਤੇਦਾਰ ਸ਼ਾਮਿਲ ਸਨ।

ਇਸ ਮੌਕੇ ਸ੍ਰੀ ਤਖਤ ਕੇਸਗੁੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਜੀ ਵਲੋਂ ਬੈਂਸ ਪਰਿਵਾਰ ਨੂੰ ਸਿਰੋਪਾਓ ਦੇ ਕੇ ਤੇ ਗੁਰਦੁਆਰਾ ਸਾਹਿਬ ਵਲੋਂ ਦਿਦਾਰ ਸਿਮਘ ਬੈਂਸ ਦੇ ਨਾਂ ਦੀ ਪਲੈਕ ਭੇਂਟ ਕੀਤੀ ਗਈ। ਇਸ ਮੌਕੇ ਸ੍ਰੀ ਤਖਤ ਕੇਸਗੁੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਜੀ ਨੇ ਸਰਦਾਰ ਦਿਦਾਰ ਬੈਂਸ ਨੂੰ ਸਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸਰਦਾਰ ਦਿਦਾਰ ਸਿੰਘ ਬੈਂਸ ਨੇ ਬੜੀ ਸਾਦਗੀ ਵਾਲਾ ਜੀਵਨ ਜੀਵਿਆ ਤੇ ਉਹ ਮਹਾਨ ਦਾਨੀ ਸਨ ਜਿਨਾਂ ਨੇ ਸਿੱਖ ਕੌਮ ਲਈ ਕਿਰਤ ਕਰਦਿਆਂ ਸਾਰਾ ਜੀਵਨ ਲਾ ਦਿੱਤਾ। ਉਨਾਂ ਗੁਰਬਾਣੀ ਤੇ ਕਵੀ ਗਿਰਧਰ ਦੇ ਕਈ ਹਵਾਲਿਆਂ ਤਹਿਤ ਸੰਗਤ ਨਾਲ ਰੂਬਰੂ ਹੋਏ ਤੇ ਬੈਂਸ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਰਣਜੀਤ ਸਿੰਘ ਜੀ ਨੇ ਕਥਾ ਤੇ ਸਰਧਾਂਜਲੀ ਭੇਂਟ ਕੀਤੀ ਤੇ ਸਰਦਾਰ ਸਿੰਘ ਬੈਂਸ ਦੇ ਨਾਂ ਤੇ ਕੋਈ ਖਾਸ ਸਦੀਵੀ ਯਾਦਗਾਰ ਬਣਾਉਣ ਦੀ ਪ੍ਰਬੰਧਕਾਂ ਨੂੰ ਬੇਨਤੀ ਵੀ ਕੀਤੀ।

ਇਸ ਮੌਕੇ ਸ੍ਰੀ ਤਖਤ ਕੇਸਗੁੜ ਸਾਹਿਬ ਦੇ ਜੱਥੇਦਾਰ ਭਾਈ ਰਘਵੀਰ ਸਿੰਘ ਜੀ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਅਤੇ ਸ੍ਰਮੋਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਭੇਜਿਆ ਸ਼ੋਕ ਸੰਦੇਸ਼ ਵੀ ਪੜ ਕੇ ਸੁਣਾਇਆ। ਇਸ ਮੌਕੇ ਹਰਭਜਨ ਸਿੰਘ ਯੋਗੀ ਦੇ ਬੇਟੇ ਭਾਈ ਰਣਵੀਰ ਸਿੰਘ, ਗਿਆਨ ਸਿੰਘ ਸੰਧੂ ਕਨੇਡਾ, ਗੁਰਨਾਮ ਸਿਮਘ ਪੰਮਾ, ਹਰਬੰਸ ਸਿੰਘ ਪੰਮਾ ਆਦਿ ਨੇ ਵੀ ਸਰਦਾਰ ਸਿੰਘ ਬੈਂਸ ਨੂੰ ਸਰਧਾਂਜਲੀ ਭੇਂਟ ਕੀਤੀ। ਵਰਨਣਯੋਗ ਹੈ ਕਿ ਸਰਦਾਰ ਦਿਦਾਰ ਸਿੰਘ ਬੈਂਸ ਦਾ ਪੰਜਾਬ ਵਿਚਲਾ ਪਿੰਡ ਨੰਗਲ ਖੁਰਦ, ਨੇੜੇ ਮਾਹਿਲਪੁਰ ਹੁਸ਼ਿਆਰਪੁਰ ਹੈ ।

# ਮਿਸੀਸਿੱਪੀ ਸੂਬੇ ਵਿੱਚ ਕੈਸ਼ੀਅਰ ਵਜੋਂ ਕੰਮ ਕਰਦੇ ਪੰਜਾਬੀ ਲੜਕੇ ਪਰਮਵੀਰ ਸਿੰਘ ਦਾ ਕਾਲੇ ਲੁਟੇਰੇ ਵਲੋਂ ਗੋਲੀ ਮਾਰ ਕੇ ਕਤਲ

**ਸੈਕਰਾਮੈਂਟੋ 16 ਸਤੰਬਰ–** ਮਿਸੀਸਿੱਪੀ ਸੂਬੇ ਵਿੱਚ ਪੰਜਾਬੀ ਲੜਕੇ ਨੂੰ ਕਾਲੇ ਲੁਟੇਰੇ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਉਹ ਟੁਪੇਲੋ ਸ਼ਹਿਰ ਦੇ ਇੱਕ ਗੈਸ ਸਟੇਸ਼ਨ ਦੇ ਨੇੜੇ ਸਥਿਤ ਇੱਕ ਸਟੋਰ 'ਤੇ ਕੈਸ਼ੀਅਰ ਵਜੋਂ ਕੰਮ ਕਰਦਾ ਸੀ। ਮ੍ਰਿਤਕ ਨੌਜਵਾਨ ਦੀ ਪਹਿਚਾਣ ਪਰਮਵੀਰ ਸਿੰਘ 33 ਵਜੋਂ ਹੋਈ ਹੈ ਜੋ ਕਪੂਰਥਲਾ ਦੇ ਪਿੰਡ ਢਪੱਈ ਤੋਂ ਸੀ ਘਟਨਾ ਸਮੇਂ ਇੱਕ ਅਫ਼ਰੀਕੀ ਮੂਲ ਦਾ ਵਿਅਕਤੀ ਗੈਸ ਸਟੇਸ਼ਨ 'ਤੇ ਆਇਆ ਅਤੇ ਉਸ ਨੇ ਲੁੱਟ ਖੋਹ ਦੀ ਨੀਅਤ ਨਾਲ ਪਰਮਵੀਰ ਨੂੰ ਗੋਲੀ ਮਾਰ ਦਿੱਤੀ । ਇਸ



ਨੌਜਵਾਨ ਕਰਨਜੀਤ ਸਿੰਘ ਦੀ ਵੀ ਕਿਸੇ ਹਮਲਾਵਰ ਵੱਲੋਂ ਗੋਲੀਆਂ ਮਾਰ ਕਿ ਹੱਤਿਆ ਕਰ ਦਿੱਤੀ ਗਈ ਸੀ । ਅਜਿਹੀਆਂ ਘਟਨਾਵਾਂ ਕਾਰਣ ਸਮੁੱਚਾ ਭਾਈਚਾਰਾ ਸੋਗ ਚ ਹੈ । ਵਰਨਣਯੋਗ ਹੈ ਕਿ 33 ਸਾਲਾ ਪਰਮਵੀਰ ਸਿੰਘ ਆਪਣੇ ਸਟੋਰ 'ਤੇ ਬੈਠਾ ਸੀ। ਇਸੇ ਦੌਰਾਨ ਇੱਕ ਲੁਟੇਰਾ ਆਇਆ, ਜਿਸ ਨੇ ਬੰਦੂਕ ਦੀ ਨੋਕ 'ਤੇ ਸਟੋਰ ਲੁੱਟਣ ਦਾ ਯਤਨ ਕੀਤਾ ਤੇ ਇਸੇ ਦੌਰਾਨ ਪਰਮਵੀਰ ਸਿੰਘ 'ਤੇ ਗੋਲੀ ਚਲਾ ਦਿੱਤੀ। ਵੀਡੀਓ ਚ ਦਿਖਾਈ ਦੇ ਰਿਹਾ ਹੈ ਕਿ ਪਰਮਵੀਰ ਸਿੰਘ ਨੇ ਲੁਟੇਰੇ ਦਾ

ਦੌਰਾਨ ਪਰਮਵੀਰ ਦੀ ਮੌਕੇ 'ਤੇ ਹੀ ਮੌਤ ਹੋ ਗਈ । ਇਥੇ ਇਹ ਵੀ ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਹੀ ਅਮਰੀਕਾ ਦੇ ਜ਼ੌਰਜੀਆ ਸੂਬੇ 'ਚ ਵੀ ਇੱਕ ਪੰਜਾਬੀ ਕੋਈ ਵਿਰੋਧ ਨਹੀਂ ਕੀਤਾ, ਫਿਰ ਵੀ ਉਸ ਨੇ ਉਸ 'ਤੇ ਫਾਇਰ ਕਰ ਦਿੱਤਾ, ਜਿਸ ਕਾਰਨ ਉਸ ਦੀ ਥਾਂ ਤੇ ਹੀ ਮੌਤ ਹੋ ਗਈ।

# ਮਿਨੇਸੋਟਾ ਰਾਜ ਵਿਚ ਕੋਰੋਨਾਵਾਇਰਸ ਮਹਾਮਾਰੀ ਰਾਹਤ ਪ੍ਰੋਗਰਾਮ ਵਿਚ 25 ਕਰੋੜ ਡਾਲਰ ਦਾ ਘਪਲਾ

**ਸੈਕਰਾਮੈਂਟੋ 21 ਸਤੰਬਰ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਕੋਰੋਨਾਵਾਇਰਸ ਮਹਾਮਾਰੀ ਰਾਹਤ ਪ੍ਰੋਗਰਾਮ ਵਿਚ ਵੱਡੀ ਪੱਧਰ ਉਪਰ ਕਥਿਤ ਘਪਲੇਬਾਜੀ ਸਾਹਮਣੇ ਆਈ ਹੈ। ਸੰਘੀ ਅਧਿਕਾਰੀਆਂ ਨੇ ਕੋਰੋਨਾਵਾਇਰਸ ਮਹਾਮਾਰੀ ਰਾਹਤ ਪ੍ਰੋਗਰਾਮ ਵਿਚੋਂ ਬੇਈਮਾਨੀ ਨਾਲ 25 ਕਰੋੜ ਡਾਲਰ ਕਢਵਾਉਣ ਦੇ ਮਾਮਲੇ ਵਿਚ 47 ਵਿਅਕਤੀਆਂ ਵਿਰੁੱਧ ਦੋਸ਼ ਆਇਦ ਕੀਤੇ ਹਨ। ਇਨਾਂ ਲੋਕਾਂ ਨੇ ਮਹਾਮਾਰੀ ਦੌਰਾਨ ਬੱਚਿਆਂ ਨੂੰ ਖਾਣਾ ਮੁਹੱਈਆ ਕਰਵਾਉਣ ਦੇ ਨਾਂ 'ਤੇ ਠੱਗੀ ਮਾਰੀ। ਇਹ ਠੱਗੀ ਮਾਰਨ ਦਾ ਮਾਮਲਾ ਮਿਨੇਸੋਟਾ ਰਾਜ ਵਿਚ ਸਾਹਮਣੇ ਆਇਆ ਹੈ। ਚੀਫ ਫੈਡਰਲ ਪ੍ਰਾਸੀਕਿਊਟਰ ਮਿਨੇਸੋਟਾ ਯੂ ਐਸ ਅਟਾਰਨੀ ਐਂਡਰੀਊ ਆਮ ਲੂਗਰ ਨੇ ਕਿਹਾ ਹੈ ਕਿ ਸ਼ੱਕੀ ਦੋਸ਼ੀਆਂ ਨੇ ਬੱਚਿਆਂ ਨੂੰ ਖਾਣਾ ਸਪਲਾਈ ਲਈ ਅਦਾਇਗੀ ਉਪਰ ਦਾਅਵਾ ਕਰਨ ਲਈ ਸਥਾਨਕ ਗੈਰ-ਮੁਨਾਫਾ ਸੰਸਥਾ ' ਫੀਡਿੰਗ ਆਵਰ ਫਿਊਚਰ' ਦੀ ਵਰਤੋਂ ਕੀਤੀ ਜੋ ਖਾਣਾ ਕਦੀ ਪਹੁੰਚਾਇਆ ਹੀ ਨਹੀਂ ਗਿਆ। ਇਸ ਪੈਸੇ ਦੀ ਵਰਤੋਂ ਕਥਿੱਤ ਦੋਸ਼ੀਆਂ ਨੇ ਮਹਿੰਗੀਆਂ ਕਾਰਾਂ, ਘਰ , ਗਹਿਣੇ ਤੇ ਹੋਰ ਜਾਇਦਾਦ ਖਰੀਦਣ ਲਈ ਕੀਤੀ। ਲੂਗਰ ਨੇ ਕਿਹਾ ਹੈ 'ਮੈ ਉਨਾਂ ਅਧਿਕਾਰੀਆਂ ਤੇ ਜਾਂਚਕਾਰਾਂ ਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦਾ ਜਿਨਾਂ ਨੇ ਝੂਠ ਤੇ ਬੇਈਮਾਨੀ ਦਾ ਪਰਦਾਫਾਸ਼ ਕੀਤਾ ਹੈ ਤੇ ਇਸ ਗੁੰਝਲਦਾਰ ਮਾਮਲੇ 'ਤੇ ਰੋਸ਼ਨੀ ਪਾਈ ਹੈ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਸ ਨੂੰ ਇਕ ਵਿਆਪਕ ਘਪਲੇ ਦਾ ਨਾਂ ਦਿੱਤਾ ਹੈ ਜੋ ਸਰਕਾਰ ਦੀਆਂ ਮਹਾਮਾਰੀ ਦੌਰਾਨ ਰਾਹਤ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਵਿਚੋਂ ਕੀਤਾ ਗਿਆ। ਐਫ ਬੀ ਆਈ ਡਾਇਰੈਕਟਰ ਕ੍ਰਿਸਟੋਫਰ ਵਰੇ ਨੇ ਕਿਹਾ ਹੈ ਕਿ ਲਾਏ ਗਏ ਦੋਸ਼ਾਂ ਤੋਂ ਪਤਾ ਲੱਗਦਾ ਹੈ ਕਿ ਸ਼ੱਕੀ ਦੋਸ਼ੀਆਂ ਨੇ ਆਪਣੇ ਮਾੜੇ ਇਰਾਦਿਆਂ ਨੂੰ ਪੂਰਾ ਕਰਨ ਲਈ ਇਕ ਵਿਆਪਕ ਸਾਜਿਸ਼ ਰਚੀ ਤੇ ਉਹ ਮਾਲਾਮਾਲ ਹੋਏ। ਜਸਟਿਸ ਕੈਂਪਬੈੱਲ ਜੋ ਇੰਟਰਨਲ ਰੈਵਨਿਊ ਸਰਵਿਸਜ ਕ੍ਰਿਮੀਨਲ ਇਨਵੈਸਟੀਗੇਸ਼ਨ ਡਵੀਜਨ ਸ਼ਿਕਾਗੋ ਦੇ ਸਪੈਸ਼ਲ ਏਜੰਟ ਇੰਚਾਰਜ ਹਨ, ਨੇ ਕਿਹਾ ਹੈ ਕਿ " ਕੌਮੀ ਸੰਕਟ ਸਮੇ ਬਚਿਆਂ ਨੂੰ ਖਾਣਾ ਦੇਣ ਵਾਲੇ ਸਰਕਾਰੀ ਪ੍ਰੋਗਰਾਮ ਦੀ ਨਿੱਜੀ ਫਾਇਦ ਲਈ ਵਰਤੋਂ ਕਰਨਾ ਕਥਿੱਤ ਦੋਸ਼ੀਆਂ ਦੀ ਭੁੱਖ ਦਾ ਪ੍ਰਤੀਕ ਹੈ। ਉਨਾਂ ਨੇ ਬੱਚਿਆਂ ਦੀ ਲਾਗਤ ਉਪਰ ਆਪਣੇ ਆਪ ਨੂੰ ਅਮੀਰ ਬਣਾਇਆ ਹੈ ਤੇ ਦੇਸ਼ ਦੇ ਭਵਿੱਖ ਨੂੰ ਬਚਾਉਣ ਦੀ ਬਜਾਏ ਉਨਾਂ ਨੇ ਭਵਿੱਖ ਨੂੰ ਮਾਰਨ ਦਾ ਕੰਮ ਕੀਤਾ ਹੈ।"

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਸਰਕਾਰ ਦੇ ਦਲਿਤ ਪਿਛੜਾ ਵਿਰੋਧੀ ਨੀਤੀਆ ਖ਼ਿਲਾਫ਼ 9 ਅਕਤੂਬਰ ਨੂੰ ਸੂਬਾ ਪੱਧਰੀ ਵਰਕਰ ਸੰਮੇਲਨ ਕਰਗੀ ਬਸਪਾ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਨੇ ਅੱਜ ਬਰਨਾਲਾ ਵਿਖੇ ਵਿਸ਼ਾਲ ਰੋਸ਼ ਪ੍ਰਦਰਸਨ ਤੇ ਰੋਸ਼ ਮਾਰਚ ਕੀਤਾ। ਅਗਸਤ 15 ਤੋਂ ਸੁਰੂ ਕੀਤੇ ਬਸਪਾ ਦੇ ਇਸ ਅੰਦੋਲਨ ਦਾ ਅੱਜ 20ਵਾਂ ਰੋਸ ਮਾਰਚ ਸੀ, ਜੋਕਿ ਪੰਜਾਬ ਦੇ ਵੱਖ ਵੱਖ ਜਿਲ੍ਹਾ ਹੈਂਡ ਕੁਆਰਟਰ ਤੇ ਕਰਕੇ ਰਾਸ਼ਟਰਪਤੀ ਦੇ ਨਾਮ ਮੈਮੋਰੰਡਮ ਭੇਜੇ ਜਾ ਰਹੇ ਹਨ। ਇਸ ਮੌਕੇ ਬਸਪਾ ਵਰਕਰਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਨੌਸਰਬਾਜ਼ੀ ਦੀ ਨਟਵਰਲਾਲ ਸਰਕਾਰ ਚਲ ਰਹੀ ਹੈ।

ਪਿਛਲੇ ਛੇ ਮਹੀਨਿਆਂ ਵਿਚ ਪੰਜਾਬ ਸਰਕਾਰ ਨਟਵਰਲਾਲ ਦੀ ਨੌਸਰਬਾਜ਼ੀ ਨਾਲ ਚਲਾਈ ਹੈ ਅਤੇ ਦੂਜੇ ਸੂਬਿਆਂ ਵਿਚ ਜਾਕੇ ਗ਼ਲਤ ਪ੍ਰਚਾਰ ਕੀਤਾ ਹੈ। ਪਿਛਲੇ ਹਫਤੇ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੀਆਂ ਵਿਦਿਆਰਥਣਾਂ ਦੀ ਅਸ਼ਲੀਲ ਵੀਡਿਓ ਕਾਂਡ ਵਿਚ ਯੂਨੀਵਰਸਿਟੀ ਸੰਚਾਲਕਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ, ਬਰਨਾਲਾ ਵਿਖੇ ਸਿੱਖਿਆ ਮੰਤਰੀ ਮੀਤ ਹੇਅਰ ਦੀ ਰਿਹਾਇਸ਼ ਤੋਂ ਬਾਹਰ ਪ੍ਰੋਫ਼ੈਸਰਾਂ ਤੇ ਲਾਇਬ੍ਰੇਰੀਅਨ ਦੀ ਪੰਜਾਬ ਪੁਲਿਸ ਵਲੋਂ ਕੁੱਟਮਾਰ, ਜਰਮਨੀ ਵਿਖੇ ਮੁੱਖ ਮੰਤਰੀ ਨੂੰ ਜਹਾਜ਼ ਤੋਂ ਉਤਾਰੇ ਜਾਣ ਦੀ ਘਟਨਾ, ਸਾਇਕਲ ਕੰਪਨੀ ਤੇ ਬੀਐਮਡਬਲਯੂ ਕੰਪਨੀ ਨਾਲ ਐਮਓਯੂ ਕਾਂਡ ਆਦਿ ਸਭ ਵਿਚ ਪੰਜਾਬ ਤੇ ਪੰਜਾਬੀਅਤ ਨਾਲ ਨੌਸਰਬਾਜ਼ੀ ਹੈ, ਅਤੇ ਅਜਿਹਾ ਪਿਛਲੇ ਛੇ ਮਹੀਨਿਆ ਤੋਂ ਚਲ ਰਿਹਾ ਹੈ। ਮੁੱਖ ਮੰਤਰੀ ਨੂੰ ਜਹਾਜ਼ ਤੋਂ ਉਤਾਰੇ ਜਾਣ ਦੀ ਘਟਨਾ ਨੇ ਤਾਂ ਪੰਜਾਬੀਅਤ ਨੂੰ ਕੱਖੋਂ ਹੌਲਾ ਕਰ ਦਿੱਤਾ ਹੈ।

ਸ ਗੜ੍ਹੀ ਨੇ ਜੋਰਦਾਰ ਤਰੀਕੇ ਨਲ ਗੱਲ ਰੱਖਦਿਆਂ ਆਮ ਆਦਮੀ ਪਾਰਟੀ ਦੇ ਬਖੀਏ ਉਧੇੜੇ ਤੇ ਕਿਹਾ ਕਿ 7 ਰਾਜ ਸਭਾ ਮੈਂਬਰ ਦੀ ਚੋਣ ਵਿੱਚ ਇੱਕ ਵੀ ਅਨੁਸੂਚਿਤ ਜਾਤੀ ਚੋਣ ਨਹੀਂ ਚੁਣਿਆ। ਜਗਰਾਉਂ ਵਿਖੇ ਅਨੁਸੂਚਿਤ ਜਾਤੀਆਂ ਦੀ ਔਰਤ ਜੋਕਿ ਆਮ ਆਦਮੀ ਪਾਰਟੀ ਦੀ ਜਿਲਾ ਜੁਆਇੰਟ ਸਕੱਤਰ ਹੈ, ਨੂੰ ਥਾਣੇ ਵਿਚ ਬੇਪੱਤ ਕੀਤਾ ਗਿਆ। ਮਾਲੇਰਕੋਟਲਾ ਦੇ ਅਬਦੁਲਾਪੁਰ ਪਿੰਡ ਚ ਮਜ਼੍ਹਬੀ ਸਿੱਖ ਭਾਈਚਾਰੇ ਦੇ ਗ੍ਰੰਥੀ ਸਿੰਘ ਦੀ ਦਾੜ੍ਹੀ ਪੁੱਟਕੇ ਮੂੰਹ ਕਾਲਾ ਕਰਕੇ ਮੂਤ ਪਿਲਾਉਣ ਦੀ ਵੀਡਿਓ ਦਾ ਵਾਇਰਲ ਰੋਣਾ ਆਦਿ ਦਲਿਤਾਂ ਤੇ ਜੁਲਮਾਂ ਦੀ ਦਾਸਤਾਨ ਹੈ। ਇਥੋਂ ਤਕ ਕਿ ਕਾਂਗਰਸ ਨੇ ਦਲਿਤਾਂ ਨੂੰ ਪੈਰਾਂ ਦੀਆ ਜੁੱਤੀਆਂ ਸਿਰ ਤੇ ਬਿਠਾ ਲਈਆ ਅਤੇ ਲਾਅ ਅਫਸਰਾਂ ਦੀ ਭਰਤੀ ਦੇ ਮਾਮਲੇ ਵਿਚ ਆਮ ਆਦਮੀ ਪਾਰਟੀ ਨੇ ਹਾਈਕੋਰਟ ਵਿਚ ਰਿਟ ਪਟੀਸ਼ਨ ਦਾਇਰ ਕਰਕੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਨੂੰ ਨਾਲਾਇਕ ਦੱਸਿਆ।

ਇਸ ਮੌਕੇ ਬਹੁਜਨ ਸਮਾਜ ਪਾਰਟੀ ਵਲੋਂ ਵਿਸ਼ਾਲ ਰੋਸ਼ ਮਾਰਚ ਕਢਿਆ ਗਿਆ ਜੋਕਿ ਭਗਵਾਨ ਵਾਲਮੀਕਿ ਚੌਂਕ ਤੋਂ ਮੁੱਖ ਬਾਜ਼ਾਰ ਤੋਂ ਹੁੰਦਾ ਹੋਇਆ ਕਚਹਿਰੀ ਚੋਕ ਪੁੱਜਾ, ਜਿੱਥੇ ਰਾਸ਼ਟਰਪਤੀ ਦੇ ਨਾਮ ਮੈਮੋਰੰਡਮ ਪ੍ਰਸ਼ਾਸ਼ਨਿਕ ਅਧਿਕਾਰੀ ਸ਼੍ਰੀ ਮੇਜਰ ਸਿੰਘ ਨੂੰ ਦਿੱਤਾ ਗਿਆ। ਨੀਲੇ ਝੰਡਿਆਂ ਤੇ ਤਖਤੀਆਂ ਨਾਲ ਨਾਹਰੇ ਮਾਰਦੇ ਬਸਪਾ ਵਰਕਰਾਂ ਦਾ ਨਿਰਾਲਾ ਜਿਸ ਨਜ਼ਰ ਆ ਰਿਹਾ ਸੀ। ਬਰਨਾਲਾ ਜਿਲ੍ਹਾ ਪ੍ਰਸ਼ਾਸ਼ਨ ਦੀ ਵਡੀ ਨਾਲਾਇਕੀ ਸਾਹਮਣੇ ਆਈ ਜਦੋਂ ਬਸਪਾ ਵਰਕਰਾਂ ਨੂੰ ਇਕ ਘੰਟਾ ਸੜਕ ਉੱਤੇ ਕੇਹਰ ਦੀ ਧੁੱਪ ਵਿਚ ਖੜੇ ਹੋਣਾ ਪਿਆ। ਜਿਸ ਦੇ ਨਤੀਜ਼ੇ ਵਲੋਂ ਬਸਪਾ ਸੂਬਾ ਪ੍ਰਧਾਨ ਦੇ ਆਦੇਸ਼ ਦੇ ਬਰਨਾਲਾ ਦੀਆ ਸੜਕਾਂ ਕਚਹਿਰੀ ਚੌਂਕ ਕੋਲ ਜਾਮ ਕਰ ਦਿੱਤੀਆ, ਅਤੇ ਕੇਜਰੀਵਾਲ ਤੇ ਭਗਵੰਤ ਮਾਨ ਦੀ ਅਰਥੀ ਤਿਆਰ ਕਰਕੇ ਫੂਕੀ ਗਈ। ਸ਼ਹਿਰ ਦੇ ਖਰਾਬ ਹੁੰਦੇ ਜਾ ਰਹੇ ਮਾਹੌਲ ਵਿਚ ਐਸਪੀ ਰੈਂਕ ਦੇ ਅਧਿਕਾਰੀ ਨੇ ਆਕੇ ਮੈਮੋਰੰਡਮ ਪ੍ਰਾਪਤ ਕੀਤਾ। ਇਸ ਮੌਕੇ ਸ ਗੜ੍ਹੀ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀਆਂ ਦਲਿਤ ਵਿਰੋਧੀ ਨੀਤੀਆਂ ਖਿਲਾਫ 9 ਅਕਤੂਬਰ ਨੂੰ ਸੂਬਾ ਪੱਧਰੀ ਵਰਕਰ ਸੰਮੇਲਨ ਦਾ ਐਲਾਨ ਕੀਤਾ।

ਇਸ ਮੌਕੇ ਸੂਬਾ ਜਨਰਲ ਸਕੱਤਰ ਸ਼੍ਰੀ ਚਮਕੌਰ ਸਿੰਘ ਵੀਰ, ਸੂਬਾ ਸਕੱਤਰ ਦਰਸ਼ਨ ਸਿੰਘ ਝਲੂਰ, ਜਿਲ੍ਹਾ ਪ੍ਰਧਾਨ ਮੇਵਾ ਸਿੰਘ, ਸ਼੍ਰੀਮਤੀ ਪਰਮਜੀਤ ਕੌਰ ਝਲੂਰ, ਜਗਰੂਪ ਸਿੰਘ ਪੱਖੋਂ, ਹਰਬੰਸ ਸਿੰਘ ਛੀਨੀਵਾਲ, ਦਰਸ਼ਨ ਸਿੰਘ ਤਪਾ, ਦਾਰਾ ਸਿੰਘ, ਹਰਮੇਲ ਸਿੰਘ ਐਸਡੀਓ, ਜੋਗਿੰਦਰ ਸਿੰਘ ਅਲੀਪੁਰ, ਰਾਜ ਸਿੰਘ ਬਰਨਾਲਾ, ਜਗਦੇਵ ਸਿੰਘ ਖੁੱਡੀ, ਜੀਵਨ ਚੋਪੜਾ, ਗੁਰਪ੍ਰੀਤ ਮੂਮ, ਜਗਤਾਰ ਸਿੰਘ, ਬੂਟਾ ਸਿੰਘ, ਹਰੀ ਰਾਮ, ਅਵਤਾਰ ਸਿੰਘ ਖੁੱਡੀ, ਮਨੀ ਮਾਲਵਾ, ਕੇਵਲ ਸਿੰਘ ਬੁਰਜਵਾਲਾ, ਜਨਕ ਸਿੰਘ ਬਾਜਵਾ, ਨੱਛਤਰ ਸਿੰਘ ਕੋਟਦੂੰਨਾ, ਸੁਰਜੀਤ ਸਿੰਘ ਆਦਿ ਹਾਜ਼ਰੀ ਸਨ।

# ਸੰਘ ਸ਼ਕਤੀਆਂ ਦੀ ਸਾਜ਼ਿਸ਼ ਨਾਲ ਕੇਜਰੀਵਾਲ ਤੇ ਭਾਜਪਾ ਦੀ ਨੂਰਾਂ ਕਸ਼ਤੀ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭੜਕਾਉਣ ਦੀ ਖੇਡ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਨੇ 'ਆਪ' ਵੱਲੋਂ ਭਾਜਪਾ ਉਤੇ ਵਿਧਾਇਕਾਂ ਨੂੰ ਖਰੀਦਣ ਦੇ ਲਗਾਏ ਜਾਂਦੇ ਦੋਸ਼ਾਂ ਨੂੰ ਲੈ ਕੇ ਕਿਹਾ ਕਿ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਜਾਰੀ ਬਿਆਨ ਵਿੱਚ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕਰਨਾ ਜਾਂ ਵਿਧਾਇਕ ਖਰੀਦਣ ਦੇ ਲਈ ਝੂਠੇ ਦੋਸ਼ ਲਗਾਉਣਾ ਦੋਵੇਂ ਹੀ ਲੋਕਤੰਤਰ ਲਈ ਖਤਰਨਾਕ ਹਨ। ਉਨ੍ਹਾਂ ਕਿਹਾ ਕਿ ਇਕ ਪਾਸੇ ਦੋਸ਼ ਲਗਾਉਣ ਵਾਲੀ ਆਮ ਆਦਮੀ ਪਾਰਟੀ ਹੈ ਜੋ ਡਰਾਮੇ ਕਰਨ ਵਿੱਚ



ਮਾਹਿਰ ਹੈ, ਦੂਜੇ ਪਾਸੇ ਇਸ ਕੰਮ ਵਿੱਚ ਮਾਹਰ ਭਾਜਪਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਇਨ੍ਹਾਂ ਦੋਵਾਂ ਪਾਰਟੀਆਂ ਦਾ ਮੁੱਖ ਮੁੱਦਾ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣਾ ਹੈ, ਇਹ ਨਾਗਪੁਰ ਦੀ ਸੰਘੀ ਸਾਜਿਸ਼ ਨਾਲ ਹੀ ਨੂਰਾਂ ਕੁਸ਼ਤੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਪਾਰਟੀਆਂ ਵੱਲੋਂ ਦਿਨੋਂ ਦਿਨ ਲੋਕ ਵਿਰੋਧੀ ਫੈਸਲੇ ਲਏ ਜਾ ਰਹੇ ਹਨ। ਇਸ ਨੂਰਾਂ ਕੁਸ਼ਤੀ ਵਿੱਚ ਮੀਡੀਆ ਵੱਡੀ ਪੱਧਰ ਤੇ ਜੀਓ ਪਾਲੀਟੀਕਸ ਦਾ ਹੱਥ ਠੋਕਾ ਬਣ ਗਿਆ ਹੈ ਜਿਸ ਤਹਿਤ ਮੋਦੀ ਸਰਕਾਰ ਦੀ ਸੁਰੱਖਿਆ ਲਈ ਕੇਜਰੀਵਾਲ ਤੇ ਰਾਹੁਲ ਗਾਂਧੀ ਦੀ ਸਰਗਰਮੀ ਜੀਓ ਪਾਲਿਟਿਕਸ ਖੇਡ ਹੈ।

# ਚੰਡੀਗੜ ਯੂਨਵਰਸਿਟੀ ਦੀਆਂ ਵਿਦਿਆਰਥਣਾਂ ਦੀ ਅਸ਼ਲੀਲ ਵੀਡੀਓ ਵਾਇਰਲ ਮਾਮਲੇ ਵਿੱਚ ਪੁਲਿਸ ਬਿਨਾਂ ਕਿਸੇ ਦਬਾਅ ਤੋਂ ਜਾਂਚ ਕਰੇ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਮੋਹਾਲੀ ਜ਼ਿਲ੍ਹੇ ਵਿੱਚ ਸਥਿਤ ਚੰਡੀਗੜ੍ਹ ਯੂਨੀਵਰਸਿਟੀ ਵਿਚ ਵਿਦਿਆਰਥਣਾਂ ਦੀ ਵੀਡੀਓ ਬਣਾਕੇ ਵਾਇਰਲ ਕਰਨ ਦੇ ਮਾਮਲੇ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਿ ਪੁਲਿਸ ਬਿਨਾਂ ਕਿਸੇ ਦਬਾਅ ਦੇ ਜਾਂਚ ਕਰੇ। ਸ ਗੜ੍ਹੀ ਨੇ ਕਿਹਾ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਸ ਵਿੱਚ ਸ਼ਾਮਲ ਸਭ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਦੇ ਹੋਏ ਸਖਤ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਜਾਣ। ਸ ਗੜ੍ਹੀ ਨੇ ਕਿਹਾ ਕਿ ਵਿਦਿਅਕ ਅਦਾਰਿਆਂ ਵਿੱਚ ਪੜ੍ਹਾਈ ਕਰ ਰਹੀਆਂ ਧੀਆਂ ਦੀ ਇਜ਼ਤ ਨਾਲ ਇਸ ਤਰ੍ਹਾਂ ਖਲਵਾੜ ਕਰਨਾ ਬਹੁਤ ਚਿੰਤਾਜਨਕ ਤੇ ਨਿੰਦਣਯੋਗ ਹੈ ਅਤੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਵਿਦਿਆਰਥੀਆਂ ਨਾਲ ਖੜ੍ਹੀ ਹੈ, ਅਸੀ ਕਿਸੀ ਵੀ ਵਿਦਿਆਰਥੀ ਨਾਲ ਧੱਕਾ ਨਹੀਂ ਹੋਣ ਦਿਆਂਗੇ।

-----

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com








# ਉੱਘੇ ਲੇਖਕ ਰਿਟਾ: ਕਰਨਲ ਹਰੀਸਿਮਰਨ ਸਿੰਘ ਦੀ ਪੁਸਤਕ "ਦੀਪ ਸਿੰਘ ਸ਼ਹੀਦ, ਦਾ ਮੈਨ ਇਨ ਦਾ ਲੀਜੈਂਡ' ਭਾਰਤੀ ਅੰਬੈਸੀ 'ਚ ਲੋਕ ਅਰਪਿਤ

## ਭਾਰਤੀ ਅੰਬੈਸਡਰ ਸ੍ਰ ਤਰਨਜੀਤ ਸਿੰਘ ਸੰਧੂ ਮੁੱਖ ਮਹਿਮਾਨ ਵਜੋਂ ਹੋਏ ਸ਼ਾਮਿਲ, ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਤੇ ਹੋਰ ਨੁਮਾਇੰਦੇ ਹੋਏ ਸ਼ਾਮਿਲ







**ਵਾਸ਼ਿੰਗਟਨ, 16 ਸਤੰਬਰ (ਰਾਜ ਗੋਗਨਾ)—** ਪੰਜਾਬੀ ਦੇ ਉੱਘੇ ਸਿੱਖ ਲੇਖਕ ਰਿਟਾ। ਕਰਨਲ ਹਰੀਸਿਮਰਨ ਸਿੰਘ ਵਲੋਂ ਲਿਖੀ ਪੁਸਤਕ 'ਦੀਪ ਸਿੰਘ ਸ਼ਹੀਦ, ਦਾ ਮੈਨ ਇਨ ਦਾ ਲੀਜੈਂਡ' ਅਤੇ ਸਮਾਗਮ ਦੇ ਮੁੱਖ ਮਹਿਮਾਨ ਵਾਸ਼ਿੰਗਟਨ ਸਥਿੱਤ ਭਾਰਤੀ ਅੰਬੈਸੀ ਦੇ ਅੰਬੈਸਡਰ ਸ੍ਰ। ਤਰਨਜੀਤ ਸਿੰਘ ਸੰਧੂ ਵਲੋਂ ਲੋਕ ਅਰਪਿਤ ਕੀਤੀ ਗਈ। ਇਸ ਸਮਾਗਮ ਵਿਚ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਆਪਣੇ ਸਾਥੀਆਂ ਬਲਜਿੰਦਰ ਸਿੰਘ ਸ਼ੰਮੀ, ਗੁਰਵਿੰਦਰ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਦਿਲਵੀਰ ਸਿੰਘ, ਰਤਨ ਸਿੰਘ, ਹਰੀ ਰਾਜ ਸਿੰਘ, ਹਰਜੀਤ ਚੰਢੋਕ ਨਾਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਪੁਸਤਕ ਲੋਕ ਅਰਪਿਤ ਕਰਨ ਉਪਰੰਤ ਭਾਰਤੀ ਅੰਬੈਸਡਰ ਸ੍ਰ। ਤਰਨਜੀਤ ਸਿੰਘ ਸੰਧੂ ਨੇ ਆਪਣੇ ਸੰਬੋਧਨੀ ਭਾਸ਼ਣ ਵਿਚ ਕਿਹਾ ਕਿ ਅੱਜ ਦੇ ਸੋਸ਼ਲ ਮੀਡੀਆ ਦੇ ਯੁੱਗ ਵਿਚ ਵੀ ਪੁਸਤਕਾਂ ਭਰੋਸੇਯੋਗਤਾ ਅਤੇ ਗਿਆਨ ਦਾ ਪ੍ਰਤੀਕ ਬਣੀਆਂ ਹੋਈਆਂ ਹਨ। ਸਾਡੀ ਅਗਲੀ ਪੀੜ੍ਹੀ ਤੱਕ ਸਾਡੇ ਗੌਰਵਮਈ ਇਤਿਹਾਸ ਨੂੰ ਸੁਰੱਖਿਅਤ ਪਹੁੰਚਾਉਣ ਲਈ ਪੁਸਤਕਾਂ ਦਾ ਵੱਡਾ ਯੋਗਦਾਨ ਹੈ ਅਤੇ ਮੈਂ ਅੱਜ ਲੇਖਕ ਰਿਟਾ। ਕਰਨਲ ਹਰੀਸਿਮਰਨ ਸਿੰਘ ਨੂੰ ਉਨ੍ਹਾਂ ਦੇ ਪੁਸਤਕ ਲੋਕ ਅਰਪਿਤ ਹੋਣ 'ਤੇ ਵਧਾਈ ਦਿੰਦਾ ਹਾਂ।ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ੍ਰ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਉਹਨਾਂ ਰਿਟਾ। ਕਰਨਲ ਹਰੀਸਿਮਰਨ ਸਿੰਘ ਵਲੋਂ ਦਿੱਤੀ ਗਈ ਪ੍ਰੈਜ਼ੈਂਟੇਸ਼ਨ ਵਿਚ ਦੇਖਿਆ ਕਿ ਪੁਸਤਕ ਵਿਚ ਬਹੁਤ ਪ੍ਰਭਾਵਸ਼ਾਲੀ ਸਮੱਗਰੀ ਹੈ, ਸੋ ਅਸੀਂ ਸਿੱਖਸ ਆਫ ਅਮੈਰਿਕਾ ਵਲੋਂ ਇਸ ਪੁਸਤਕ ਦੇ ਪ੍ਰਚਾਰ ਲਈ ਭਰਪੂਰ ਕੋਸ਼ਿਸ਼ ਕਰਾਂਗੇ। ਪੁਸਤਕ ਦੇ ਲੇਖਕ ਰਿਟ।

ਕਰਨਲ ਹਰੀਸਿਮਰਨ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਪੁਸਤਕ ਲਿਖਣਾ ਦਾ ਉਨ੍ਹਾਂ ਦਾ ਮਕਸਦ ਸੀ ਕਿ ਸਿੱਖ ਕੌਮ ਦੇ ਮਹਾਨ ਯੋਧੇ ਬਾਬਾ ਦੀਪ ਸਿੰਘ ਜੀ ਸ਼ਹੀਦ ਬਾਰੇ ਬਹੁਤ ਬਰੀਕੀ ਨਾਲ ਜਾਣਿਆ ਜਾਵੇ, ਕੁਝ ਅਣਗੌਲੇ ਪੱਖ ਖਾਸਕਰ ਨਵੀਂ ਪੀੜ੍ਹੀ ਦੇ ਸਨਮੁੱਖ ਜ਼ਰੂਰ ਹੋਣੇ ਚਾਹੀਦੇ ਹਨ ਤੇ ਉਹ ਪੁਸਤਕਾਂ ਜ਼ਰੀਏ ਹੀ ਹੋ ਸਕਦੇ ਹਨ। ਉਹਨਾਂ ਕਿਹਾ ਕਿ ਉਹ ਮਾਣ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਪੁਸਤਕ ਵਾਸ਼ਿੰਗਟਨ ਸਥਿੱਤ ਭਾਰਤੀ ਅੰਬੈਸੀ ਵਿਚ ਬਹੁਤ ਹੀ ਉੱਚ ਪੱਧਰੀ ਸਮਾਗਮ ਵਿਚ ਲੋਕ ਅਰਪਿਤ ਹੋਈ ਹੈ ਅਤੇ ਆਸ ਹੈ ਕਿ ਪਾਠਕ ਇਸ ਪੁਸਤਕ ਨੂੰ ਹਾਸਲ ਕਰ ਕੇ ਜ਼ਰੂਰ ਪੜ੍ਹਨਗੇ। ਅੰਤ ਵਿਚ ਭਾਰਤ ਅੰਬੈਸੀ ਵਲੋਂ ਆਏ ਹੋਏ ਮਹਿਮਾਨਾਂ ਨੂੰ ਦੀ ਚਾਹ ਪਾਣੀ ਨਾਲ ਸੇਵਾ ਕੀਤੀ ਗਈ।





# ਸ਼ਾਨਦਾਰ ਸੇਵਾਵਾਂ, ਯੋਗਦਾਨ ਅਤੇ ਪ੍ਰਾਪਤੀਆਂ ਲਈ 45 ਡਾਕਟਰਾਂ ਦਾ ਸਨਮਾਨ




**ਚੰਡੀਗੜ੍ਹ–** ਪਾਇਨੀਅਰ ਆਫ਼ ਮੈਡੀਕਲ ਸਾਇੰਸਜ਼ ਸਮਾਰੋਹ ਵਿੱਚ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਅਤੇ ਸੰਸਦ ਮੈਂਬਰ ਸੰਤ ਸੀਚੇਵਾਲ ਨੇ ਸਮਾਜ ਪ੍ਰਤੀ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਡਾਕਟਰਾਂ ਅਤੇ ਮੈਡੀਕਲ ਵਰਕਰਾਂ ਨੂੰ ਸਨਮਾਨਤ ਕੀਤਾ। ਜਾਣਕਾਰੀ ਦਿੰਦਿਆਂ ਐਸਆਰਐਸ। ਫਾਊਂਡੇਸ਼ਨ ਦੇ ਸੰਸਥਾਪਕ ਡਾ: ਸਾਜਨ ਸ਼ਰਮਾ ਅਤੇ ਐਮਡੀ ਅਨਮੋਲ ਲੂਥਰਾ, ਡਾ: ਹਰਜੀਤ ਕੌਰ, ਕਵਲਜੀਤ ਨੇ ਦੱਸਿਆ ਕਿ ਪਾਇਨੀਅਰ ਆਫ਼ ਮੈਡੀਕਲ ਸਾਇੰਸਜ਼ ਪ੍ਰੋਗਰਾਮ ਵਿਚ ਮੈਡੀਕਲ ਖੇਤਰ ਦੇ ਹਰ ਵਰਗ ਦੇ ਵਧੀਆ ਸੇਵਾਦਾਰ ਡਾਕਟਰ, ਪੈਰਾ-ਮੈਡੀਕਲ ਸਟਾਫ਼ ਅਤੇ ਕਰਮਚਾਰੀ ਸ਼ਾਮਲ ਹੋਣਗੇ। ਕਲਾਸ 4 ਦਾ ਸਟਾਫ। ਸਨਮਾਨਿਤ ਹੋਣ ਵਾਲਿਆਂ ਵਿੱਚ ਡਾ: ਐਚਕੇ ਖਰਬੰਦਾ (ਹੋਮੀਓਪੈਥੀ), ਡਾ: ਸੁਖਜਿੰਦਰ ਸਿੰਘ ਯੋਗੀ, ਡਾ: ਬਲਜਿੰਦਰ ਸਿੰਘ, ਡਾ: ਅਨਿਲ ਗੋਇਲ, ਯੋਗੇਸ਼ ਖੇਤਰਪਾਲ, ਡਾ: ਪਰਮਿੰਦਰ ਕੁਮਾਰ ਮੌਦਗਿਲ, ਡਾ: ਸਾਹਿਲ ਬੱਸੀ ਅਤੇ ਡਾ: ਨਿਤਿਨ ਬਹਿਲ ਸ਼ਾਮਿਲ ਸਨ।

ਪਦਮ ਸ੍ਰੀ ਪ੍ਰੋਫੈਸਰ ਅਤੇ ਸਾਬਕਾ ਡਾਇਰੈਕਟਰ ਪੀ।ਜੀ।ਆਈ ਡਾ ਦਿਗੰਬਰ ਬੇਹਰਾ, ਪੰਜਾਬ ਸਰਕਾਰ ਦੇ ਵਿਧਾਇਕ ਡਾ। ਚਰਨਜੀਤ ਸਿੰਘ, ਦਿਨੇਸ਼ ਚੱਢਾ, ਨੀਨਾ ਮਿੱਤਲ, ਜੀਵਨ ਜੋਤ ਕੌਰ, ਆਈਐਮਏ ਪ੍ਰਧਾਨ, ਪੰਜਾਬ ਸਿਹਤ ਅਤੇ ਪਰਿਵਾਰ ਭਲਾਈ ਦੇ ਚੇਅਰਮੈਨ ਸਾਇਸ਼ਾ ਗੁਪਤਾ, ਅੰਜੁਮ ਮੌਦਗਿਲ ਅਤੇ ਹੋਰ ਬਹੁਤ ਸਾਰੇ ਪਤਵੰਤੇ। ਮੈਡੀਕਲ ਸਾਇੰਸਜ਼ ਦੇ ਪਾਇਨੀਅਰ ਵਿੱਚ ਸ਼ਾਮਲ ਹੋਏ।

# 'ਅਲਾਪ ਰਿਕਾਰਡਜ ਮਿਊਜਿਕ ਆਰਟ' ਤੇ ਦਰਸ਼ਨ ਸਿੰਘ ਨੂਰ ਦੀ ਪੇਸ਼ਕਸ਼ 'ਕਾਸ਼ੀ ਵਿੱਚ ਹੋ ਗਈ ਰੁਸ਼ਨਾਈ' ਜਲਦੀ ਹੀ ਹੋਵੇਗਾ ਰਿਲੀਜ਼




**ਚੰਡੀਗੜ੍ਹ, (ਪ੍ਰੀਤਮ ਲੁਧਿਆਣਵੀ–** ਸੱਭਿਆਚਾਰਕ ਹਲਕਿਆਂ ਦੀ ਪ੍ਰਸਿੱਧ ਕੰਪਨੀ ਅਲਾਪ ਰਿਕਾਰਡਜ ਮਿਊਜਿਕ ਆਰਟ ਤੇ ਸੁਲਝੀ ਹੋਈ, ਤਜ਼ਰਬੇਕਾਰ, ਸਨਮਾਨੀ-ਸਤਿਕਾਰੀ ਸ਼ਖਸੀਅਤ ਸ੍ਰ.ਦਰਸ਼ਨ ਸਿੰਘ ਨੂਰ ਦੀ ਧਾਰਮਿਕ ਪੇਸ਼ਕਸ਼ 'ਕਾਂਸ਼ੀ ਵਿੱਚ ਹੋ ਗਈ ਰੁਸ਼ਨਾਈ' ਗਾਇਕ ਗੁਰਮੀਤ ਸਿਤਾਰਾ ਮਾਣਕ ਮਾਜਰਾ ਦੀ ਦਮਦਰ ਤੇ ਸੁਰੀਲੀ ਅਵਾਜ਼ ਵਿੱਚ ਵੀਡੀਓ ਟਰੈਕ ਜਲਦੀ ਹੀ ਰੀਝਾਂ, ਚਾਵਾਂ ਤੇ ਸਧਰਾਂ ਨਾਲ ਰਿਲੀਜ ਕੀਤਾ ਜਾ ਰਿਹਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦਰਸ਼ਨ ਸਿੰਘ ਨੂਰ ਜੀ ਨੇ ਦੱਸਿਆ ਕਿ ਇਸ ਸਿੰਗਲ ਟਰੈਕ ਵਿੱਚ ਮਿਊਜ਼ਿਕ ਹਰਮਿੰਦਰ ਸਿੰਘ ਮਾਹੀ ਦਾ ਹੈ। ਇਸਦੇ ਲੇਖਕ ਮਰਹੂਮ ਮਾਸਟਰ ਮਲੂਕ ਚੰਦ ਜਾਡਲਾ ਜੀ, ਪਰਡਿਊਸਰ ਸੁਰਿੰਦਰ ਸਿੰਘ ਬੱਬੂ ਜੀ ਤੇ ਇਸਦੇ ਵੀਡੀਓ ਡਾਇਰੈਕਟਰ ਸੋਨੀ ਸੋਹਲ ਜੀ ਹਨ। ਇਸ ਪ੍ਰੋਜੈਕਟ ਵਿਚ ਕਮੈਂਟਰੀ ਸੁਖਮਨ ਸੇਹ ਜੀ ਦੀ ਹੈ, ਜਦਕਿ ਸਹਿਯੋਗ ਲਈ ਕੇਹਰ ਸਿੰਘ ਪਰੋਜਪੁਰੀਆ ਅਤੇ ਰਣਜੀਤ ਸਿੰਘ ਰਾਣਾ ਖੰਨਾ ਦਾ ਵਿਸ਼ੇਸ ਧੰਨਵਾਦ ਕੀਤਾ ਗਿਆ ਹੈ। ਉਮੀਦ ਹੈ ਕਿ 'ਕਾਂਸ਼ੀ ਵਿੱਚ ਹੋ ਗਈ ਰੁਸ਼ਨਾਈ' ਗੀਤ ਪੂਰੀ ਟੀਮ ਦੀ ਮਿਹਨਤ ਨੂੰ ਭਰਵਾਂ ਬੂਰ ਪਾਵੇਗਾ।

# ਵੱਡੇ ਘਰਾਣਿਆਂ, ਮਾਫ਼ੀਆ ਤੇ ਹਾਕਮਾਂ ਦੇ ਮੀਡੀਆ ਉੱਤੇ ਹਮਲਿਆਂ ਖਿਲਾਫ਼ ਪ੍ਰਦਰਸ਼ਨ

## ਵਰਕਿੰਗ ਜਰਨਲਿਸਟ ਐਕਟ ਦੀ ਬਹਾਲੀ ਲਈ ਸੰਘਰਸ਼ ਤੇਜ ਕਰਨ ਦਾ ਹੋਕਾ, ਬੰਗਾ ਇਕਾਈ ਦੀ ਚੋਣ



**ਬੰਗਾ (ਸੁਰਜੀਤ ਮਜਾਰੀ)–** ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ ਦੇ ਬੈਨਰ ਹੇਠ ਇੱਥੇ ਪੱਤਰਕਾਰ ਭਾਈਚਾਰਾ ਭਾਰੀ ਗਿਣਤੀ ਵਿੱਚ ਇਕੱਤਰ ਹੋਇਆ। ਇਸ ਮੌਕੇ ਪੱਤਰਕਾਰਾਂ ਲਈ ਵਰਕਿੰਗ ਜਰਨਲਿਸਟ ਐਕਟ ਦੀ ਬਹਾਲੀ, ਵੇਜ ਬੋਰਡ ਲਾਗੂ ਕਰਨ ਅਤੇ ਸਰਬੱਤ ਸਿਹਤ ਬੀਮਾਂ ਸਹੂਲਤ ਦਿੱਤੇ ਜਾਣ ਲਈ ਆਵਾਜ਼ ਬੁਲੰਦ ਕੀਤੀ ਗਈ। ਇਸ ਦੇ ਨਾਲ ਕੇਂਦਰ ਸਰਕਾਰ ਦੇ ਟੋਲ ਪਲਾਜਿਆਂ ਤੋਂ ਮੁਫ਼ਤ ਲਾਂਘਾ, ਸਾਰੇ ਪੀਲਾ ਕਾਰਡ ਹੋਲਡਰਾਂ ਨੂੰ ਮੁਫ਼ਤ ਬੱਸ ਸਫ਼ਰ, ਪੁੱਡਾ ਅਧੀਨ ਘਰ ਨਿਰਮਾਣ ਲਈ ਥਾਂ ਰਾਖਵਾਂ ਕਰਨ, ਪੈਨਸ਼ਨ ਸਹੂਲਤ ਦੇਣ ਆਦਿ ਮੁੱਦੇ ਵੀ ਗੰਭੀਰਤਾ ਨਾਲ ਵਿਚਾਰੇ ਗਏ।

ਇਕੱਤਰਤਾ ਦੀ ਪ੍ਰਧਾਨਗੀ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਜੰਡੂ ਨੇ ਦੇਸ਼ ਦੀ ਆਜ਼ਾਦੀ, ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਉਸਾਰਨ ਅਤੇ ਸਮਾਜਿਕ ਕੁਰਤੀਆਂ ਦੇ ਖ਼ਾਤਮੇ ਹਿੱਤ ਮਿਸ਼ਨਰੀ ਪੱਤਰਕਾਰੀ ਦੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਨੈਸ਼ਨਲ ਜਰਨਲਿਸਟ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਬਲਵਿੰਦਰ ਸਿੰਘ ਜੰਮੂ ਨੇ ਅਜੋਕੇ ਦੌਰ ਵਿੱਚ ਵੱਡੇ ਘਰਾਣਿਆਂ ਵਲੋਂ ਮੀਡੀਆ ਨੂੰ ਆਪਣੇ ਕਬਜ਼ੇ 'ਚ ਲੈਣ, ਮਾਫ਼ੀਆਂ ਵਲੋਂ ਮੀਡੀਆ 'ਤੇ ਹਮਲੇ ਕਰਨ ਅਤੇ ਸਮੇਂ ਦੇ ਹਾਕਮਾਂ ਵਲੋਂ ਮੀਡੀਆ ਨੂੰ ਆਪਣੇ ਢੰਗ ਨਾਲ ਚਲਾਉਣ ਨੂੰ ਬੇਹੱਦ ਮੰਦਭਾਗਾ ਦੱਸਿਆ ਅਤੇ ਇਹ ਘੇਰਾਬੰਦੀ ਨੂੰ ਤੋੜਣ ਲਈ ਜੱਥੇਬੰਦਕ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਉਪਰੰਤ ਯੂਨੀਅਨ ਦੇ ਸੂਬਾਈ ਆਗੂ ਜੈ ਸਿੰਘ ਛਿੱਬਰ ਅਤੇ ਪਾਲ ਸਿੰਘ ਨੌਲੀ ਨੇ ਵੀ ਪੱਤਰਕਾਰ ਭਾਈਚਾਰੇ ਲਈ ਸਥਾਨਕ, ਸੂਬਾ ਅਤੇ ਕੌਮੀ ਪੱਧਰ 'ਤੇ ਆ ਰਹੀਆਂ ਮੌਜੂਦਾ ਸਮੱਸਿਆਵਾਂ ਦੇ ਕਈ ਪੱਖਾਂ ਨੂੰ ਵਿਚਾਰਿਆ।

**ਬੰਗਾ ਇਕਾਈ ਦੀ ਚੋਣ**

ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਬੰਗਾ ਇਕਾਈ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸ ਵਿੱਚ ਜਸਬੀਰ ਸਿੰਘ ਨੂਰਪੁਰ ਨੂੰ ਪ੍ਰਧਾਨ, ਇੰਜ। ਹਰਮੇਸ਼ ਵਿਰਦੀ ਨੂੰ ਚੈਅਰਮੈਨ, ਸੁਰਜੀਤ ਮਜਾਰੀ ਨੂੰ ਮੁੱਖ ਸਲਾਹਕਾਰ ਚੁਣਿਆ ਗਿਆ।

ਇਵੇਂ ਨਵਕਾਂਤ ਭਰੋਮਜਾਰਾ ਨੂੰ ਜਨਰਲ ਸਕੱਤਰ, ਨਰਿੰਦਰ ਮਾਹੀ ਨੂੰ ਸੀਨੀਅਰ ਮੀਤ ਪ੍ਰਧਾਨ, ਨਰਿੰਦਰ ਰੱਤੂ ਨੂੰ ਮੀਤ ਪ੍ਰਧਾਨ, ਪ੍ਰਵੀਰ ਅੱਬੀ ਨੂੰ ਸਕੱਤਰ ਅਤੇ ਮਨੀਸ਼ ਚੁੱਘ ਖਜ਼ਾਨਚੀ ਵਜੋਂ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ ਕਸਬਾ ਬਹਿਰਾਮ ਦੇ ਪ੍ਰਧਾਨ ਵਜੋਂ ਨਛੱਤਰ ਸਿੰਘ ਬਹਿਰਾਮ ਅਤੇ ਕਸਬਾ ਮੁਕੰਦਪੁਰ ਦੇ ਪ੍ਰਧਾਨ ਵਜੋਂ ਸੰਜੀਵ ਭਨੋਟ ਦੀ ਵੀ ਚੋਣ ਕੀਤੀ ਗਈ। ਨਵੀਂ ਟੀਮ ਨੇ ਸਮੂਹਿਕ ਤੌਰ 'ਤੇ ਯੂਨੀਅਨ ਦੇ ਬੈਨਰ ਹੇਠ ਲਾਮਬੰਦੀ ਨਾਲ ਹੱਕਾਂ ਦੀ ਸੁਰੱਖਿਆ ਅਤੇ ਸਮਾਜਿਕ ਸਰੋਕਾਰਾਂ ਲਈ ਸੰਘਰਸ਼ ਦਾ ਅਹਿਦ ਲਿਆ।

## ਮਹਾਰਾਣੀ ਐਲਿਜ਼ਾਬੈਥ-2 ਦੇ ਅੰਤਿਮ ਸੰਸਕਾਰ 'ਚ ਸ਼ਾਮਲ ਹੋਈ ਮੁਰਮੂ



**ਲੰਡਨ–** ਭਾਰਤ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ, ਮਹਾਰਾਣੀ ਐਲਿਜ਼ਾਬੈਥ–2 ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਅਤੇ ਭਾਰਤ ਸਰਕਾਰ ਵੱਲੋਂ ਦੁੱਖ ਜ਼ਾਹਿਰ ਕਰਨ ਲਈ ਸ਼ਨਿਚਰਵਾਰ ਸ਼ਾਮ ਨੂੰ ਲੰਡਨ ਪਹੁੰਚ ਗਈ। ਮਹਾਰਾਣੀ ਦੇ ਅੰਤਿਮ ਸੰਸਕਾਰ ਵਿੱਚ ਦੁਨੀਆਂ ਭਰ ਦੇ ਸ਼ਾਹੀ ਪਰਿਵਾਰਾਂ ਦੇ ਮੈਂਬਰਾਂ ਸਣੇ ਕਰੀਬ 500 ਵਿਸ਼ਵ ਆਗੂ ਸ਼ਾਮਲ ਹੋਣਗੇ। ਅੰਤਿਮ ਸੰਸਕਾਰ 19 ਸਤੰਬਰ ਨੂੰ ਵੈਸਟਮਿੰਟਸਟਰ ਐਬੇ ਵਿੱਚ ਹੋਵੇਗਾ, ਜਿਸ ਵਿੱਚ ਕਰੀਬ ਦੋ ਹਜ਼ਾਰ ਵਿਅਕਤੀਆਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ। ਸੋਗ ਸਮਾਰੋਹ ਸਥਾਨਕ ਸਮੇਂ ਅਨੁਸਾਰ ਸਵੇਰੇ 11 ਵਜੇ ਸ਼ੁਰੂ ਹੋਵੇਗਾ ਅਤੇ ਇਕ ਘੰਟੇ ਬਾਅਦ ਪੂਰੇ ਦੇਸ਼ ਵਿੱਚ ਦੋ ਮਿੰਟ ਦੇ ਮੌਨ ਤੋਂ ਬਾਅਦ ਸਮਾਪਤ ਹੋਵੇਗਾ। ਰਾਸ਼ਟਰਪਤੀ ਭਵਨ ਨੇ ਟਵੀਟ ਕੀਤਾ, ''ਰਾਸ਼ਟਰਪਤੀ ਦਰੋਪਦੀ ਮੁਰਮੂ, ਮਹਾਰਾਣੀ ਐਲਿਜ਼ਾਬੈਥ–2 ਦੇ ਅੰਤਿਮ ਸੰਸਕਦਾਰ ਵਿੱਚ ਸ਼ਾਮਲ ਹੋਣ ਲਈ ਲੰਡਨ ਪਹੁੰਚ ਗਈ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਪਿੰਡ ਨਿਚਲੀ ਬੜੋਈ ਵਿੱਖੇ ਛਿੰਝ ਮੇਲੇ ਵਿੱਚ ਪਹਿਲਵਾਨਾਂ ਨੇ ਵਿਖਾਏ ਜੌਹਰ

### ਵਿਧਾਇਕ ਨਰੇਸ਼ ਪੁਰੀ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ

**ਪਠਾਨਕੋਟ, 20 ਸਿਤੰਬਰ–** ਪਠਾਨਕੋਟ ਦੇ ਨੇੜਲੇ ਪਿੰਡ ਨਿਚਲੀ ਬੜੋਈ ਵਿੱਖੇ ਬਾਬਾ ਗੁਰਭੱਜ ਸਿੰਘ ਦੀ ਯਾਦ ਨੂੰ ਸਮਰਪਿਤ ਦੋ ਰੋਜ਼ਾ ਛਿੰਝ ਮੇਲਾ ਤੇ ਕੁਸ਼ਤੀ ਮੁਕਾਬਲੇ ਧੂਮ ਧਾਮ ਤੇ ਜੋਸ਼ੋ ਖਰੋਸ਼ ਨਾਲ ਸੰਪੰਨ ਹੋ ਗਏ। ਛਿੰਝ ਮੇਲੇ ਵਿੱਚ ਪੰਜਾਬ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਜੰਮੂ–ਕਸ਼ਮੀਰ,ਦਿੱਲੀ, ਰਾਜਸਥਾਨ ਦੇ ਪਹਿਲਵਾਨਾ ਨੇ ਆਪਣੀ ਤਾਕਤ ਦੇ ਜੌਹਰ ਵਿਖਾਏ, ਉੱਥੇ ਵੱਖ–ਵੱਖ ਦਾਅ–ਪੇਚ ਲਾਕੇ ਦਰਸ਼ਕ ਦੇ ਮਨ ਮੋਹੇ। ਇਨ੍ਹਾਂ ਮੁਕਾਬਲਿਆ ਵਿੱਚ ਮਾਲੀ ਦੀ ਕੁਸਤੀ ਵਿੱਚ ਪਹਿਲਵਾਨ ਅਮਨ ਬਾਹੜੋਵਾਲ ਅਤੇ ਮੇਜਰ ਸਿੰਘ ਡੇਰਾ ਬਾਬਾ ਨਾਨਕ ਵਿਚਕਾਰ ਜਬਰਦਸਤ ਜੱਦੋ–ਜਹਿਦ ਮੁਕਾਬਲੇ ਵਿੱਚ ਆਖ਼ਰ ਇਕ ਦੂਜੇ ਦੇ ਮੋਢੇ ਲਾਉਣ ਤੋਂ



ਅਸਮਰੱਥ ਰਹੇ ਸਿੱਟੇ ਵੱਜੋਂ ਦੋਵੇ ਪਹਿਲਵਾਨਾ ਨੂੰ ਜੇਤੂ ਕਰਾਰ ਦਿੱਤਾ ਗਿਆ। ਜੇਤੂ ਦੋਵੇ ਪਹਿਲਵਾਨਾ ਨੂੰ ਮੁੱਖ ਮਹਿਮਾਨ ਵਿਧਾਇਕ ਨਰੇਸ਼ ਪੁਰੀ ਨੇ 3100–3100 ਰੁਪਏ ਅਤੇ ਮੋਮੈਂਟੋ ਭੇਂਟ ਕਰਦਿਆ ਸਨਮਾਨਿਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਿਧਾਇਕ ਨਰੇਸ਼ ਪੁਰੀ ਨੇ ਛਿੰਝ ਮੇਲਾ ਕਮੇਟੀ ਦੇ ਅਹੁਦੇਦਾਰ ਦੀ ਪ੍ਰਸ਼ੰਸਾ ਕੀਤੀ ਅਤੇ ਖਿਡਾਰੀਆ ਨੂੰ ਵਧੀਆ ਖੇਡ ਪ੍ਰਦਰਸ਼ਨ ਕਰਨ ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਸਿੰਝ ਕਮੇਟੀ ਪ੍ਰਬੰਧਕ ਲਾਡੀ ਬੜੋਈ, ਸਰਪੰਚ ਪ੍ਰੀਤਮ ਕੌਰ, ਸਾਬਕਾ ਸਰਪੰਚ ਡਾ: ਅਮਰਜੀਤ ਸਿੰਘ, ਲਖਵਿੰਦਰ ਸਿੰਘ ਲੱਖਾ,ਜਸਵਿੰਦਰ ਸਿੰਘ ਆਦਿ ਸਾਮਲ ਸਨ।

## ਸਵੱਛਤਾ ਹੀ ਸੇਵਾ ਅਧੀਨ ਪਿੰਡਾਂ ਅੰਦਰ ਚਲਾਇਆ ਜਾ ਰਿਹਾ ਜਾਗਰੂਕਤਾ ਪ੍ਰੋਗਰਾਮ-ਸ ਬਲਰਾਜ ਸਿੰਘ

**ਪਠਾਨਕੋਟ, 20 ਸਿਤੰਬਰ–** ਸਰਕਾਰ ਵੱਲੋਂ 15 ਸਤੰਬਰ 2022 ਤੋਂ 2 ਅਕਤੂਬਰ 2022 ਤੱਕ ਸਵੱਛਤਾ ਹੀ ਸੇਵਾ ਅਧੀਨ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਅਧੀਨ ਅੱਜ ਦਫਤਰ ਵਧੀਕ ਡਿਪਟੀ ਕਮਿਸਨਰ (ਵਿਕਾਸ) ਸਰਨਾ ਵਿਖੇ ਸ ਬਲਰਾਜ ਸਿੰਘ ਵਧੀਕ ਡਿਪਟੀ ਕਮਿਸਨਰ (ਵਿਕਾਸ) ਦੀ ਪ੍ਰਧਾਨਗੀ ਵਿੱਚ ਇੱਕ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਮੁਕੇਸ




ਕੁਮਾਰ ਐਕਸੀਅਨ ਵਾਟਰ ਸਪਲਾਈ ਅਤੇ ਸੈਨੀਟੇਸਨ ਵਿਭਾਗ ਪਠਾਨਕੋਟ, ਧੀਰਜ ਡੋਗਰਾ ਐਸਡੀਓ, ਰਜਿੰਦਰ ਕੁਮਾਰ ਐਸ।ਡੀ।ਓ।, ਗਗਨਦੀਪ ਸਿੰਘ ਐਸਡੀਓ ਪੰਚਾਇਤੀ ਰਾਜ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਹਾਜਰ ਸਨ।

ਮੀਟਿੰਗ ਦੋਰਾਨ ਸੰਬੋਧਤ ਕਰਦਿਆਂ ਸ ਬਲਰਾਜ ਸਿੰਘ ਵਧੀਕ ਡਿਪਟੀ ਕਮਿਸਨਰ (ਵਿਕਾਸ) ਪਠਾਨਕੋਟ ਨੇ ਦੱਸਿਆ ਕਿ ਸਰਕਾਰ ਵੱਲੋਂ 15 ਸਤੰਬਰ ਤੋਂ 2 ਅਕਤੂਬਰ ਤੱਕ ਸਵੱਛਤਾ ਹੀ ਸੇਵਾ ਮੁਹਿੰਮ ਚਲਾਈ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਮੂਹਿੰਮ ਦਾ ਮੁੱਖ ਉਦੇਸ ਸਾਨੂੰ ਅਪਣੇ ਆਲੇ ਦੁਆਲੇ ਸਾਫ ਸਫਾਈ ਰੱਖਣ ਲਈ ਜਾਗਰੁਕ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਮੂਹਿੰਮ ਅਧੀਨ ਠੋਸ ਅਤੇ ਤਰਲ ਕੂੜਾ ਪ੍ਰਬੰਧਨ ਪ੍ਰੋਜੈਕਟ , ਛੱਪੜਾਂ , ਗਲੀਆਂ ਅਤੇ ਰੂੜੀਆਂ ਦੀ ਸਾਫ ਸਫਾਈ, ਪਿੰਡਾਂ ਅੰਦਰ ਠੋਸ ਕੂੜਾ ਪ੍ਰਬੰਧਨ ਪ੍ਰੋਜੈਕਟ ਲਗਾਉਂਣ ਦੀ ਸੁਰੂਆਤ ਕਰਨਾ, ਇਸ ਪ੍ਰੋਜੈਕਟ ਲਈ ਸਵੈ–ਸਹਾਇਤਾ ਸਮੂਹਾਂ ਨੂੰ ਟ੍ਰੇਨਿੰਗ ਦੇਣਾ, ਛੱਪੜਾਂ ਦੀ ਸਾਫ ਸਫਾਈ ਅਤੇ ਰੁੱਖ ਲਗਾਉਂਣਾ, ਪਿੰਡਾਂ ਅੰਦਰ ਜਾਗਰੁਕਤਾ ਪ੍ਰੋਗਰਾਮ ਆਯੋਜਿਤ ਕਰਨੇ ਅਤੇ ਪੰਚਾਇਤ ਅਤੇ ਹੋਰ ਪਿੰਡ ਵਾਸੀਆਂ ਨੂੰ ਪਿੰਡ ਅੰਦਰ ਸਾਫ ਸਫਾਈ ਰੱਖਣ ਦੇ ਲਈ ਜਾਗਰੁਕ ਕਰਨਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਿਲ੍ਹਾ ਪਠਾਨਕੋਟ ਦੇ ਬਮਿਆਲ ਬਲਾਕ ਨੂੰ ਇਸ ਵਾਰ ਸਮਪੂਰਨ ਤੋਰ ਤੇ ਓਡੀਐਫ ਲਈ ਚੋਣ ਕੀਤੀ ਗਈ ਹੈ ਅਤੇ ਭਵਿੱਖ ਅੰਦਰ ਪੂਰਾ ਜਿਲ੍ਹਾ ਪਠਾਨਕੋਟ ਸਤ ਪ੍ਰਤੀਸਤ ਓਡੀਐਫ ਕੀਤੇ ਜਾਣ ਦੀ ਯੋਜਨਾ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਪਿੰਡਾਂ ਅੰਦਰ ਜਾਗਰੁਕਤਾ ਅਭਿਆਨ ਦੇ ਅਧੀਨ ਹੀ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਂਣ ਲਈ ਵੀ ਜਾਗਰੁਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿਸਾਨਾਂ ਨੂੰ ਅਪੀਲ ਵੀ ਕੀਤੀ ਜਾ ਰਹੀ ਹੈ ਕਿ ਪਰਾਲੀ ਨੂੰ ਅੱਗ ਨਾ ਲਗਾ ਕੇ, ਖੇਤਾਂ ਅੰਦਰ ਹੀ ਰਲਾ ਦੇਣਾ ਚਾਹੀਦਾ ਹੈ ਇਸ ਨਾਲ ਖੇਤਾਂ ਦੀ ਪੈਦਾਵਾਰ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਵਾਤਾਵਰਨ ਵੀ ਦੂਸਿਤ ਨਹੀਂ ਹੁੰਦਾ।

## 4 ਜਗਾ ਤੇ ਮੱਛਰ ਦਾ ਲਾਰਵਾ ਮਿਲਿਆ

**ਪਠਾਨਕੋਟ, 16 ਸਿਤੰਬਰ–** ਲੋਕਾਂ ਦੀ ਸਿਹਤ ਸੰਭਾਲ ਨੂੰ ਮੁੱਖ ਰੱਖਦਿਆ ਸਿਹਤ ਵਿਭਾਗ ਅਤੇ ਕਾਰਪੋਰੇਸ਼ਨ ਦੀਆ ਵਿਸ਼ੇਸ਼ ਟੀਮਾ ਵੱਲੋਂ ਸਾਂਝੇ ਤੌਰ ਤੇ ਚੈਕਿੰਗ ਦੌਰਾਨ 4 ਜਗਾ ਤੇ ਮੱਛਰ ਦਾ ਲਾਰਵਾ ਮਿਲਿਆ। ਇਨਾ 4 ਜਗਾ ਵਿੱਚ ਪਠਾਨਕੋਟ ਹਿਮਾਚਲ ਰੋਡਵੇਜ਼ ਦੀ ਵਰਕਸ਼ਾਪ ਵਿੱਚ ਟਾਇਰਾਂ ਵਿੱਚ, ਰੇਲਵੇ ਡਾਕਖਾਨੇ ਦੀ ਬਾਲਟੀ ਵਿਚ ਅਤੇ ਇੰਦਰਾ ਕਲੋਨੀ ਦੇ ਦੋ ਘਰਾਂ ਵਿੱਚ ਕੂਲਰ, ਕੱਡਮ ਕੁਰਸੀ ਤੇ ਮੱਛਰ ਦਾ ਲਾਰਵਾ ਮਿਲਿਆ। ਚੀਫ ਸੈਕਟਰੀ ਇਨਸਪੈਕਟਰ ਦੀਪਕ ਕੁਮਾਰ ਨੇ ਮੋਕੇ ਤੇ ਚਲਾਨ ਕੱਟ ਕੇ ਉਨ੍ਹਾਂ ਨੂੰ ਦਿਨ ਮੰਗਲਵਾਰ ਨੂੰ ਕਾਰਪੋਰੇਸ਼ਨ ਦੇ ਸਿਹਤ ਅਫ਼ਸਰ ਕੋਲ ਪੇਸ਼ ਹੋਣ ਦੀ ਹਦਾਇਤ ਜਾਰੀ ਕੀਤੀ।




ਇਹ ਕਾਰਵਾਈ ਸਹਾਇਕ ਸਿਵਲ ਸਰਜਨ ਡਾ: ਅਦਿਤੀ ਸਲ–ਾਰੀਆ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਸਾਕਸ਼ੀ ਦੇ ਨਿਰਦੇਸ਼ਾਂ ਤੇ ਅੱਜ ਸਿਹਤ ਵਿਭਾਗ ਅਤੇ ਕਾਰਪੋਰੇਸ਼ਨ ਦੀ ਟੀਮ ਨੇ ਕੀਤੀ। ਇਸ ਮੌਕੇ ਸਪਰੇਅ ਟੀਮ ਵੱਲੋਂ ਘਰਾਂ ਦੇ ਅੰਦਰ ਬਾਹਰ ਸਪਰੇਅ ਕੀਤੀ ਗਈ। ਲੋਕਾਂ ਨੂੰ ਡੇਂਗੂ ਦੇ ਬਚਾਅ ਵਾਸਤੇ ਜਾਗਰੂਕ ਕੀਤਾ ਗਿਆ। ਦੱਸਿਆ ਗਿਆ ਕਿ ਡੇਂਗੂ ਦੇ ਬਚਾਅ ਵਾਸਤੇ ਹਰ ਘਰ ਦਾ ਜਾਗਰੂਕ ਹੋਣਾ ਜ਼ਰੂਰੀ ਹੈ। ਇਹ ਵੀ ਦੱਸਿਆ ਗਿਆ ਕਿ ਡੇਂਗੂ ਦਾ ਮੱਛਰ ਹਮੇਸ਼ਾਂ ਦਿਨ ਵੇਲੇ ਕੱਟਦਾ ਹੈ ਅਤੇ ਇਸ ਦੀ ਪਹਿਚਾਣ ਚੀਤੇ ਵਰਗੀਆਂ ਧਾਰੀਆਂ ਤੋਂ ਹੁੰਦੀ ਹੈ। ਇਸ ਕਰਕੇ ਕੱਪੜੇ ਅਜਿਹੇ ਪਾਉ ਕਿ ਸਰੀਰ ਪੂਰੀ ਤਰ੍ਹਾਂ ਢਕਿਆ ਰਹੇ। ਜੇ ਕਿਸੇ ਨੂੰ ਤੇਜ਼ ਬੁਖਾਰ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਤੇ ਲਾਲ ਰੰਗ ਦੇ ਦਾਣੇ, ਅੱਖਾਂ ਦਾ ਪਿਛਲੇ ਪਾਸੇ ਨੂੰ ਧਸ ਜਾਣਾ ਇਸ ਦੀਆਂ ਮੁੱਖ ਨਿਸ਼ਾਨੀਆਂ ਹਨ । ਜੇ ਕਿਸੇ ਨੂੰ ਇਨ੍ਹਾਂ ਵਿੱਚੋਂ ਕੋਈ ਨਿਸ਼ਾਨੀ ਹੈ ਤਾਂ ਤੁਰੰਤ ਸਰਕਾਰੀ ਹਸਪਤਾਲ ਵਿਚ ਇਸ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫਤ ਹੈ । ਟੀਮ ਵਿਚ ਹੈਲਥ ਇੰਸਪੈਕਟਰ ਅਵਿਨਾਸ਼ ਸ਼ਰਮਾ, ਰਾਜਿੰਦਰ ਕੁਮਾਰ, ਹੈਲਥ ਇੰਸਪੈਕਟਰ ਅਨੋਖ ਲਾਲ ,ਹੈਲਥ ਇੰਸਪੈਕਟਰ ਰਾਜਿੰਦਰ ਭਗਤ, ਹੈਲਥ ਇੰਸਪੈਕਟ ਰਾਜ ਅੰਮ੍ਰਿਤ ਸਿੰਘ , ਸ਼ਕਤੀ ਗੋਪਾਲ, ਇਕਬਾਲ ਸਿੰਘ ,ਮਲਕੀਤ ਸਿੰਘ ਹੈਲਥ ਵਰਕਰ ਆਦਿ ਹਾਜ਼ਰ ਸਨ।

## ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਵਾਹੁਣ ਨਾਲ਼ ਮਿੱਟੀ ਦੀ ਉਪਜਾਊ ਸ਼ਕਤੀ ਵੱਧਦੀ ਹੈ : ਡਾ ਪ੍ਰਿਤਪਾਲ ਸਿੰਘ

**ਪਠਾਨਕੋਟ 16 ਸਤੰਬਰ–** ਡਿਪਟੀ ਕਮਿਸ਼ਨਰ, ਪਠਾਨਕੋਟ ਸ਼੍ਰੀ ਹਰਬੀਰ ਸਿੰਘ ਦੇ ਦਿਸ਼ਾ–ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫ਼ਸਰ ਪਠਾਨਕੋਟ, ਡਾ ਅਮਰੀਕ ਸਿੰਘ ਜੀ ਦੀ ਅਗਵਾਈ ਹੇਠ ਪਿੰਡ ਅਖਵਾੜਾ ਬਲਾਕ ਨਰੋਟ ਜੈਮਲ ਸਿੰਘ ਵਿਖ਼ੇ ਇਨ–ਸਿਟੂ (ਸੀ। ਆਰ। ਐਮ) ਸਕੀਮ ਅਧੀਨ ਕਲੱਸਟਰ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੀ ਪ੍ਰਧਾਨਗੀ ਡਾ ਪ੍ਰਿਤਪਾਲ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ ਨੇ ਕੀਤਾ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ। ਸੁਖਪ੍ਰੀਤ ਸਿੰਘ, ਡਿਪਟੀ ਪੀ। ਡੀ ਆਤਮਾ ਨੇ ਕਿਸਾਨਾਂ ਨੂੰ ਆਤਮਾ ਸਕੀਮ ਅਧੀਨ ਚੱਲ ਰਹੀਆਂ ਵੱਖ –ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਸਮੂਹ ਬਣਾ ਕੇ ਸਹਾਇਕ ਧੰਦੇ ਜਿਵੇਂ ਖੂੰਭਾਂ ਦੀ ਕਾਸ਼ਤ, ਡੇਅਰੀ, ਮੁਰਗੀ ਪਾਲਣ ਆਦਿ ਅਪਨਾਉਣ ਲਈ ਆਤਮਾ ਸਕੀਮ ਅਧੀਨ ਸਿਖਲਾਈ ਮੁਹੱਇਆ ਕਰਵਾਉਣ ਲਈ ਪ੍ਰੇਰਿਤ ਕੀਤਾ ਤਾਂ ਜੋ ਖੇਤੀ ਦੇ ਨਾ.ਲ ਸਹਾਇਕ ਧੰਦੇ ਅਪਣਾ ਕੇ ਆਮਦਨ ਵਿੱਚ ਵਾਧਾ ਕੀਤਾ ਜਾ ਸਕੇ। ਇਸ ਤੋਂ ਇਲਾਵਾ ਉਹਨਾਂ ਨੇ ਬਰਸੀਮ ਦੇ ਬੀਜ ਨੂੰ ਤਿਆਰ ਕਰਨ ਸੰਬੰਧੀ ਵੀ ਨੁਕਤੇ ਸਾਂਝੇ ਕੀਤੇ। ਡਾ ਨੌਨਿਹਾਲ ਸਿੰਘ ਬੀ। ਟੀ। ਐਮ ਆਤਮਾ ਨੇ ਕਿਸਾਨਾਂ ਨੂੰ ਸਹੀ ਸਪਰੇਅ ਤਕਨੀਕ ਅਪਨਾਉਣ ਸੰਬੰਧੀ ਨੁਕਤੇ ਸਾਂਝੇ ਕੀਤੇ। ਸ੍ਰੀ ਸੁਰੇਸ਼ ਕੁਮਾਰ ਖੇਤੀਬਾੜੀ ਉਪ –ਨਿਰੀਖਕ ਨੇ ਪੀ। ਐਮ ਕਿਸਾਨ ਸਨਮਾਨ ਨਿਧੀ ਸਕੀਮ ਅਧੀਨ ਲਾਭ ਲੈਣ ਲਈ ਕਿਸਾਨਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤ। ਡਾ ਪ੍ਰਿਤਪਾਲ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਹੀ ਵਾਹੁਣ ਅਤੇ ਅੱਗ ਨਾ ਲਾਉਣ ਸੰਬੰਧੀ ਪ੍ਰੇਰਿਤ ਕੀਤਾ। ਉਹਨਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪਰਾਲੀ ਸਾੜਨ ਨਾ.ਲ ਮਿੱਟੀ ਦੀ ਉੱਪਰਲੀ ਉਪਜਾਊ ਸਤਹ ਵੀ ਸੜ ਜਾਂਦੀ ਹੈ ਜਿਸ ਨਾ.ਲ ਮਿੱਟੀ ਦੀ ਭੌਤਿਕ, ਰਸਾਇਣਕ ਅਤੇ ਜੈਵਿਕ ਬਣਤਰ ਖ਼ਰਾਬ ਹੁੰਦੀ ਹੈ ਜਿਸ ਦੇ ਨਤੀਜੇ ਵਜੋਂ ਮਿੱਟੀ ਦੀ ਉਪਜਾਊ ਸ਼ਕਤੀ ਘੱਟਦੀ ਹੈ ਅਤੇ ਫ਼ਸਲਾਂ ਦੇ ਝਾੜ ਵਿੱਚ ਗਿਰਾਵਟ ਆਉਂਦੀ ਹੈ। ਉਹਨਾਂ ਦੱਸਿਆ ਕਿ ਬਲਾਕ ਨਰੋਟ ਜੈਮਲ ਸਿੰਘ ਵਿੱਚ ਵੱਖ–ਵੱਖ ਕਿਸਾਨਾਂ ਵੱਲੋਂ ਸੁਪਰ–ਸੀਡਰ ਸਬਸਿਡੀ 'ਤੇ ਲਏ ਹੋਏ ਹਨ ਅਤੇ ਕੁੱਝ ਕਿਸਾਨਾਂ ਨੂੰ ਸੁਪਰ ਸੀਡਰ ਖਰੀਦਣ ਦੀ ਸੈਂਕਸ਼ਨ ਮਿਲੀ ਹੋਈ ਹੈ। ਉਹ ਕਿਸਾਨ ਛੋਟੇ ਕਿਸਾਨਾਂ ਦੇ ਖੇਤਾਂ ਵਿੱਚ ਸੁਪਰ ਸੀਡਰ ਨਾ.ਲ ਕਣਕ ਬੀਜ ਕੇ ਪਰਾਲੀ ਦੀ ਸਮੱਸਿਆ ਨੂੰ ਹੱਲ ਕਰ ਸਕਦੇ ਹਨ। ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਡਾ ਪ੍ਰਿਤਪਾਲ ਸਿੰਘ ਨੇ ਅੱਗੇ ਅਪੀਲ ਕੀਤੀ ਪਰਾਲੀ ਦੇ ਧੂੰਏ ਤੋਂ ਹੋਣ ਵਾਲੇ ਨੁਕਸਾਨ ਸੰਬੰਧੀ ਹੋਰਨਾਂ ਕਿਸਾਨਾ ਅਤੇ ਰਿਸ਼ਤੇਦਾਰਾਂ ਨੂੰ ਵੀ ਦੱਸਿਆ ਜਾਵੇ ਅਤੇ ਪਰਾਲੀ ਨੂੰ ਬਿਲਕੁੱਲ ਵੀ ਅੱਗ ਨਾ ਲਗਾਈ ਜਾਵੇ ਤਾਂ ਜੋ ਅਸੀਂ ਸਾਰੇ ਰਲ ਮਿਲ ਕੇ ਵਾਤਾਵਰਨ ਨੂੰ ਸਾਫ਼–ਸੁਥਰਾ ਅਤੇ ਹਰਾ–ਭਰਾ ਰੱਖ ਸਕੀ। ਅੱਜ ਦੇ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਕਿਸਾਨਾਂ ਨੇ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ ਜਾਗਰੂਕ ਕੀਤਾ ਗਿਆ।



# ਕਮੇਡੀਅਨ ਰਾਜੂ ਸ੍ਰੀਵਾਸਤਵ ਦਾ ਦੇਹਾਂਤ



**ਨਵੀਂ ਦਿੱਲੀ–** ਪ੍ਰਸਿੱਧ ਹਾਸਰਸ ਕਲਾਕਾਰ ਰਾਜੂ ਸ੍ਰੀਵਾਸਤਵ ਦਾ ਇੱਥੇ ਏਮਸ ਵਿੱਚ ਦੇਹਾਂਤ ਹੋ ਗਿਆ। ਇਹ ਜਾਣਕਾਰੀ ਉਨ੍ਹਾਂ ਦੇ ਭਰਾ ਦੀਪੂ ਸ੍ਰੀਵਾਸਤਵ ਨੇ ਦਿੱਤੀ। ਰਾਜੂ ਸ੍ਰੀਵਾਸਤਵ ਲੱਗਪਗ 40 ਤੋਂ ਵੱਧ ਦਿਨਾਂ ਤੋਂ ਦਿੱਲੀ ਏਮਸ ਵਿੱਚ ਦਾਖਲ ਸਨ। ਉਨ੍ਹਾਂ ਨੂੰ 10 ਅਗਸਤ ਨੂੰ ਦਿਲ ਦਾ ਦੌਰਾ ਪੈਣ ਮਗਰੋਂ ਦਿੱਲੀ ਦੇ ਏਮਸ ਵਿੱਚ ਦਾਖਲ ਕਰਵਾਇਆ ਗਿਆ ਸੀ ਤੇ ਉਦੋਂ ਤੋਂ ਹੀ ਉਹ ਵੈਂਟੀਲੇਟਰ ’ਤੇ ਸਨ। ਹਸਪਤਾਲ ਦੇ ਸੂਤਰਾਂ ਮੁਤਾਬਕ ਰਾਜੂ ਸ੍ਰੀਵਾਸਤਵ ਨੂੰ ਅੱਜ ਸਵੇਰੇ 10।20 ਵਜੇ ਮ੍ਰਿਤਕ ਕਰਾਰ ਦਿੱਤਾ ਗਿਆ। ਮਨੋਰੰਜਨ ਜਗਤ ਵਿੱਚ 1980 ਤੋਂ ਜਾਣੇ ਪਛਾਣੇ ਚਿਹਰੇ ਰਾਜੂ ਸ੍ਰੀਵਾਸਤਵ ਨੂੰ ਕਮੇਡੀ ਸ਼ੋਅ ‘ਦਿ ਗਰੇਟ ਇੰਡੀਅਨ ਲਾਫਟਰ ਚੈਂਲੇਜ–2005’ ਨਾਲ ਪ੍ਰਸਿੱਧੀ ਮਿਲੀ ਸੀ। ਰਾਜੂ ਸ੍ਰੀਵਾਸਤਵ ਨੇ “ਮੈਨੇ ਪਿਆਰ ਕੀਆ”, “ਬਾਜ਼ੀਗਰ” ਅਤੇ “ਬੰਬੇ ਟੂ ਗੋਆ” ਦੀ ਰੀਮੇਕ “ਆਮਦਨੀ ਅਠੱਨੀ ਖਰਚਾ ਰੁਪਈਆ” ਆਦਿ ਫ਼ਿਲਮਾਂ ਵਿੱਚ ਕੰਮ ਵੀ ਕੀਤਾ। ਉਹ ਫਿਲਮ ਡਿਵੈੱਲਪਮੈਂਟ ਕੌਂਸਲ ਆਫ ਉੱਤਰ ਪ੍ਰਦੇਸ਼ ਦੇ ਚੇਅਰਪਰਸਨ ਵੀ ਸਨ।

# ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੀ ਮਾਨਤਾ ਬਰਕਰਾਰ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਐਕਟ 2014 ਦੀ ਸੰਵਿਧਾਨਕ ਪ੍ਰਮਾਣਿਕਤਾ ਨੂੰ ਬਰਕਰਾਰ ਰੱਖਿਆ ਹੈ। ਇਸੇ ਐਕਟ ਤਹਿਤ ਹਰਿਆਣਾ ਵਿੱਚ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਲਈ ਵੱਖਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਜਸਟਿਸ ਹੇਮੰਤ ਗੁਪਤਾ ਤੇ ਜਸਟਿਸ ਵਿਕਰਮ ਨਾਥ ਦੇ ਬੈਂਚ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਐਕਟ ਨੂੰ ਰੱਦ ਕਰਨ ਦੀ ਮੰਗ ਕਰਦੀ ਪਟੀਸ਼ਨ ਖਾਰਜ ਕਰ ਦਿੱਤੀ।

ਹਰਿਆਣਾ ਵਾਸੀ ਪਟੀਸ਼ਨਰ ਹਰਭਜਨ ਸਿੰਘ ਨੇ ਸਾਲ 2014 ਵਿੱਚ ਸਿਖਰਲੀ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦਾਅਵਾ ਕੀਤਾ ਸੀ ਕਿ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 72 ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਅੰਤਰ–ਰਾਜੀ ਸੰਸਥਾ ਹੈ, ਨਾਲ ਸਬੰਧਤ ਕੋਈ ਵੀ ਕਾਨੂੰਨ ਬਣਾਉਣ ਦਾ ਅਧਿਕਾਰ ਸਿਰਫ਼ ਕੇਂਦਰ ਸਰਕਾਰ ਕੋਲ ਹੈ ਤੇ ਮੌਜੂਦਾ ਕਾਨੂੰਨ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਹੈ, ਜੋ ਸੂਬਾਈ ਕਾਨੂੰਨ ਜ਼ਰੀਏ ਸ਼੍ਰੋਮਣੀ ਕਮੇਟੀ ਨੂੰ ਦੁਫਾੜ ਕਰਨ ਦੀ ਇਜਾਜ਼ਤ ਦਿੰਦੀ ਹੋਵੇ। ਪਟੀਸ਼ਨ ਵਿੱਚ ਇਹ ਗੱਲ ਵੀ ਆਖੀ ਗਈ ਸੀ ਕਿ ਕਾਹਲੀ ਨਾਲ ਲਾਗੂ ਕੀਤਾ ਕਾਨੂੰਨ ਨਾ ਸਿਰਫ਼ ਸੰਵਿਧਾਨਕ ਵਿਵਸਥਾਵਾਂ ਅਤੇ ਪੰਜਾਬ ਪੁਨਰਗਠਨ ਐਕਟ ਦੀਆਂ ਕਾਨੂੰਨੀ ਵਿਵਸਥਾਵਾਂ ਦੀ ਖਿਲਾਫ਼ਵਰਜ਼ੀ ਹੈ ਬਲਕਿ ਇਹ ਸਿੱਖ ਧਰਮ ਦੇ ਸ਼ਰਧਾਲੂਆਂ ਵਿੱਚ ਵੰਡੀਆਂ ਪਾਉਣ ਦੇ ਇਰਾਦੇ ਨਾਲ ਵੰਡਪਾਊ ਵੀ ਹੈ। ਪਟੀਸ਼ਨਰ ਦਾ ਦਾਅਵਾ ਸੀ ਕਿ “ਕਾਨੂੰਨ ਤਹਿਤ, ਹਰਿਆਣਾ ਕਿਸੇ ਅਜਿਹੇ ਵਿਸ਼ੇ ਬਾਰੇ ਕਾਨੂੰਨ ਨਹੀਂ ਬਣਾ ਸਕਦਾ, ਜਿੱਥੇ ਪਹਿਲਾਂ ਹੀ ਕੇਂਦਰੀ ਕਾਨੂੰਨ ਅਮਲ ’ਚ ਹੋਵੇ, ਕਿਉਂਕਿ ਧਾਰਮਿਕ ਸੰਸਥਾਵਾਂ ਦਾ ਵਿਸ਼ਾ ਐਂਟਰੀ 28 ਸੂਚੀ ।।। ਨਾਲ ਸਬੰਧਤ ਹੈ। ਅੰਤਰਰਾਜੀ ਸੰਸਥਾ ਨਾਲ ਸਬੰਧਤ ਸਖ਼ਤ ਵਿਵਸਥਾਵਾਂ ਦਾ ਕਾਨੂੰਨ ਤਹਿਤ ਪਾਲਣ ਨਹੀਂ ਕੀਤਾ ਗਿਆ। ਪਟੀਸ਼ਨਰ ਨੇ ਕਿਹਾ ਸੀ, “ਇਥੇ ਇਹ ਗੱਲ ਵੀ ਅਹਿਮ ਤੇ ਨੋਟ ਕਰਨ ਵਾਲੀ ਹੈ ਕਿ ਹਲਕਿਆਂ ਦਾ ਰਾਖਵਾਂਕਰਨ, ਸਿੱਖ ਗੁਰਦੁਆਰਾ ਚੋਣ ਟ੍ਰਿਬਿਊਨਲ ਦਾ ਸੰਵਿਧਾਨ ਤੇ ਗੁਰਦੁਆਰਿਆਂ ਨੂੰ 1925 ਦੇ ਐਕਟ ਦੀ ਧਾਰਾ 85 ਦੀਆਂ ਵਿਵਸਥਾਵਾਂ ਅਧੀਨ ਲਿਆਉਣ ਬਾਰੇ ਨੋਟੀਫਿਕੇਸ਼ਨ ਕੇਂਦਰ ਸਰਕਾਰ ਵੱਲੋਂ ਹੀ ਜਾਰੀ ਕੀਤਾ ਜਾਂਦਾ ਹੈ।”

**ਨਜ਼ਰਸਾਨੀ ਪਟੀਸ਼ਨ ਦਾਖ਼ਲ ਕਰੇਗੀ ਸ਼੍ਰੋਮਣੀ ਕਮੇਟੀ**

ਸ਼੍ਰੋਮਣੀ ਕਮੇਟੀ ਨੇ ਸੁਪਰੀਮ ਕੋਰਟ ਦੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਬੰਧੀ ਫੈਸਲੇ ਖਿਲਾਫ਼ ਨਜ਼ਰਸਾਨੀ ਪਟੀਸ਼ਨ ਦਾਖ਼ਲ ਕਰਨ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਵਲੋਂ ਸੀਨੀਅਰ ਵਕੀਲਾਂ ਦੀ ਰਾਏ ਨਾਲ ਅਗਲੀ ਕਾਨੂੰਨੀ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਜਾਵੇਗਾ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿਗ ਵਿਚ ਕੀਤਾ ਗਿਆ ਹੈ। ਸੁਪਰੀਮ ਕੋਰਟ ਨੇ ਅਜ ਹਰਿਆਣਾ ਕਮੇਟੀ ਸਬੰਧੀ ਸ਼੍ਰੋਮਣੀ ਕਮੇਟੀ ਦੀ ਪਟੀਸ਼ਨ ਦੇ ਉਲਟ ਫੈਸਲਾ ਦਿੱਤਾ ਹੈ। ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਵਿੱਚ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਹਰਿਆਣਾ ਕਮੇਟੀ ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ ਦੇਣ ਦੇ ਮਾਮਲੇ ਵਿਚ ਨਜ਼ਰਸਾਨੀ ਪਟੀਸ਼ਨ ਪਾਉਣ ’ਤੇ ਸਹਿਮਤੀ ਬਣੀ ਹੈ। ਲੋੜੀਂਦੀ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਦਿੱਲੀ ਰਵਾਨਾ ਹੋ ਗਏ ਹਨ। ਉਨ੍ਹਾਂ ਆਖਿਆ ਕਿ ਭਾਵੇਂ ਅਜੇ ਸ਼੍ਰੋਮਣੀ ਕਮੇਟੀ ਨੂੰ ਸਿਖਰਲੀ ਕੋਰਟ ਦੇ ਫੈਸਲੇ ਦੀ ਕਾਪੀ ਨਹੀਂ ਮਿਲੀ, ਪਰ ਫਿਰ ਵੀ ਸੀਨੀਅਰ ਵਕੀਲਾਂ ਨਾਲ ਸਲਾਹ–ਮਸ਼ਵਰੇ ਲਈ ਕਾਰਵਾਈ ਆਰੰਭ ਦਿੱਤੀ ਹੈ। ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿੱਚ ਲਗਪਗ 50 ਗੁਰਦੁਆਰੇ ਆਉਂਦੇ ਹਨ , ਜਿਨ੍ਹਾਂ ਵਿਚ ਸਿੱਧੇ ਤੌਰ ’ਤੇ ਸੈਕਸ਼ਨ 85 ਹੇਠ ਲਗਪਗ 8 ਇਤਿਹਾਸਕ ਗੁਰਦੁਆਰੇ ਹਨ ਅਤੇ ਸੈਕਸ਼ਨ 87 ਹੇਠਲੇ ਲਗਪਗ 40 ਤੋਂ ਵੱਧ ਗੁਰਦੁਆਰੇ ਹਨ।

# ਅਨੂੰ, ਕੋਮਲ ਤੇ ਪ੍ਰਭਜੋਤ ਨੇ ਜਿੱਤੀ ਲਿਖਤੀ ਪ੍ਰਤੀਯੋਗਤਾ

## ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਆਮ ਗਿਆਨ ਦਾ ਲਿਖਤੀ ਮੁਕਾਬਲਾ



**ਬੰਗਾ, (ਰੇਸ਼ਮ ਕਰਨ–ਾਣਵੀ)** ਸਮਾਜਿਕ ਸਾਂਝ ਸੰਸਥਾ ਬੰਗਾ ਵਲੋਂ ਬਾਬਾ ਗੋਲਾ ਕੰਨਿਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਗਾ ਵਿਖੇ ਆਮ ਗਿਆਨ ਦੀ ਲਿਖਤੀ ਪ੍ਰਤੀਯੋਗਤਾ ਕਰਵਾਈ ਗਈ। ਇਸ ਤਹਿਤ 25 ਅੰਕਾਂ ਵਾਲੇ 25 ਸਵਾਲਾਂ ਦੇ ਲਿਖਤੀ ਪੇਪਰ ਦੇ ਹੱਲ ਲਈ ਇਸ ਸਕੂਲ ਦੀਆਂ ਵੱਖ ਵੱਖ ਜਮਾਤਾਂ ਦੀਆਂ 25 ਵਿਦਿਆਰਥਣਾਂ ਨੇ ਭਾਗ ਲਿਆ। ਇਸ ਪ੍ਰੀਖਿਆ ਵਿੱਚ ਬਾਹਰਵੀਂ ਜਮਾਤ ਦੀ ਅਨੂੰ, ਸੱਤਵੀਂ ਜਮਾਤ ਦੀ ਕੋਮਲ ਅਤੇ ਅੱਠਵੀਂ ਜਮਾਤ ਦੀ ਪ੍ਰਭਜੋਤ ਕੌਰ ਨੇ ਕ੍ਰਮਵਾਰ ਪਹਿਲੇ ਤਿੰਨ ਸਥਾਨ ਹਾਸਲ ਕੀਤੇ।

ਜੇਤੂਆਂ ਨੂੰ ਯਾਦਗਾਰੀ ਮੰਮੈਂਟੋ ਅਤੇ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ ਜਦੋਂ ਬਾਕੀ ਸਾਰੀਆਂ ਪ੍ਰਤੀਯੋਗਤੀ ਵਿਦਿਆਰਥਣਾਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਰਸਮ ਮੁੱਖ ਮਹਿਮਾਨ ਡਾ ਬਖਸ਼ੀਸ਼ ਸਿੰਘ ਕਰਨ ਹਸਪਤਾਲ ਬੰਗਾ, ਸਕੂਲ ਮੁੱਖੀ ਮੈਡਮ ਜਸਵਿੰਦਰ ਕੌਰ ਅਤੇ ਸੰਸਥਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ ਨੇ ਸਾਂਝੇ ਤੌਰ ’ਤੇ ਨਿਭਾਈ। ਉਹਨਾਂ ਪ੍ਰਤੀਯੋਗੀ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਚੰਗੇ ਭਵਿੱਖ ਲਈ ਸ਼ੁੱਭ ਇਛਾਵਾਂ ਸਾਂਝੀਆਂ ਕੀਤੀਆਂ। ਬੁਲਾਰਿਆਂ ਨੇ ਦੱਸਿਆ ਕਿ ਅਜੋਕੇ ਦੌਰ ’ਚ ਕੁੜੀਆਂ ਨੂੰ ਆਪਣੀ ਸਥਾਪਤੀ ਦਾ ਹੋਰ ਪ੍ਰਗਟਾਵਾ ਕਰਨ ਲਈ ਆਮ ਗਿਆਨ ਦੀਆਂ ਅਜਿਹੇ ਮੌਕਿਆਂ ਦਾ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ। ਇਸ ਪ੍ਰੀਖਿਆ ਦੀ ਸਫ਼ਲਤਾ ਲਈ ਸਟੇਟ ਐਵਾਰਡੀ ਡਾ। ਬਿੰਦੂ ਕੈਂਥ, ਪ੍ਰੀਖਿਆ ਨਿਗਰਾਨ ਸੁਰਜੀਤ ਮਜਾਰੀ ਦਾ ਨਿੱਘਾ ਸਹਿਯੋਗ ਰਿਹਾ। ਇਸ ਮੌਕੇ ਸਟੇਜ ਦਾ ਸੰਚਾਲਨ ਮੈਡਮ ਅਨੀਸ਼ਾ ਸ਼ਰਮਾ ਕੰਪਿਊਟਰ ਵਿਭਾਗ ਨੇ ਬਾਖੂਬੀ ਨਿਭਾਇਆ।

# ਐਕਟਰਸ ਤੇ ਮਾਡਲ 'ਉਪਮਾ ਸ਼ਰਮਾ' ਪਹੁੰਚੀ ਅੰਮ੍ਰਿਤਸਰ





ਐਕਟਰਸ ਤੇ ਮਾਡਲ 'ਉਪਮਾ ਸ਼ਰਮਾ' ਅੰਮ੍ਰਿਤਸਰ ਪਹੁੰਚੀ ਪ੍ਰੋਗਰਾਮਾਂ ਵਿੱਚ ਆਏ ਹੋਏ ਮੈਂਬਰਾਂ ਵੱਲੋਂ ਆਪਣੇ ਟੈਲੇਂਟ ਦੇ ਨਾਲ ਮੇਕਅਪ ਕਰਕੇ ਵੱਖਰੀ ਪਛਾਣ ਬਣਾਈ। ਭੁਪਿੰਦਰ ਅਹੂਜਾ ਨੇ ਵੱਖ ਵੱਖ ਪ੍ਰੋਗਰਾਮ ਕਰਵਾ ਕੇ ਪੋਲੀਵੁਡ ਅਤੇ ਬੋਲੀਵੁਡ ਵੱਡੇ ਵੱਡੇ ਸਟਾਰਕਾਸਟਾਂ ਨੂੰ ਬੁਲਾਇਆ ਹੈ ਅਤੇ ਲੋਕਾਂ ਦਾ ਪਿਆਰ ਹਾਸਲ ਕੀਤਾ ਹੈ। ਜੇਕਰ ਗੱਲ ਕਰੀਏ ਭੁਪਿੰਦਰ ਅਹੂਜਾ ਦੇ ਕਰੀਅਰ ਦੀ ਤਾਂ ਅਹੂਜਾ ਨੂੰ ਸ਼ੁਰੂ ਤੋਂ ਹੀ ਭਵਿੱਖ ਵਿਚ ਕੁਝ ਅਜਿਹਾ ਕਰਨ ਦੀ ਸੋਚ ਰਹੀ ਹੈ।

**– ਸਿਮਰਪ੍ਰੀਤ ਸਿੰਘ**

# ਮਨਮੋਹਕ ਅਤੇ ਪ੍ਰੇਰਨਾਦਾਇਕ ਰਿਹਾ ਸ੍ਰੀ ਸੁਖੀ ਬਾਠ ਨਾਲ ਅੰਤਰਰਾਸ਼ਟਰੀ ਪ੍ਰੋਗਰਾਮ (ਸਿਰਜਣਾ ਦੇ ਆਰ ਪਾਰ)

ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਫਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਵਾਲੀਆ ਅਤੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਪ੍ਰਧਾਨ ਡਾ ਸਰਬਜੀਤ ਕੌਰ ਸੋਹਲ ਦੇ ਸਾਂਝੇ ਯਤਨਾਂ ਨਾਲ ਸਿਰਜਣਾ ਦੇ ਆਰ ਪਾਰ ਪ੍ਰੋਗਰਾਮ ਵਿੱਚ ਪ੍ਰਸਿੱਧ ਸਮਾਜ ਸੇਵੀ , ਸਾਹਿਤ ਪ੍ਰੇਮੀ ਅਤੇ ਪੰਜਾਬ ਭਵਨ ਸਰੀ ਦੇ ਸੰਸਥਾਪਕ ਸ੍ਰੀ ਸੁਖੀ ਬਾਠ ਮੁਖ ਮਹਿਮਾਨ ਵੱਜੋਂ ਸ਼ਾਮਿਲ ਹੋਏ। ਉਹਨਾਂ ਮੁਢਲੇ ਸਾਲਾਂ ਵਿਚ ਪੰਜਾਬ ਤੋਂ ਕੈਨੇਡਾ ਆ ਕੇ ਜੋ ਚੁਨੌਤੀਆਂ ਦਾ ਸਾਹਮਣਾ ਕਰਨਾ ਪਿਆ ਉਸ ਬਾਰੇ ਗੱਲਬਾਤ ਕੀਤੀ। ਉਹਨਾਂ ਆਪਣੇ ਪਰਿਵਾਰਕ ਪਿਛੋਕੜ, ਇੱਕ ਸਫਲ ਕਾਰੋਬਾਰੀ ਬਣਨ ਦੀ ਘਾਲਣਾ ਬਾਰੇ,ਪਰਾਏ ਮੁਲਕ ਵਿੱਚ ਆਪਣੀ ਪਛਾਣ ਬਣਾਉਣ ਦੀ ਜਦੋਂ ਜਹਿਦ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਉਹਨਾਂ ਸਰੀ ਵਿਖੇ ਪੰਜਾਬ ਭਵਨ ਬਣਾਉਣ ਦਾ ਮਕਸਦ ਸਾਂਝਾ ਕਰਦਿਆਂ ਦੱਸਿਆ ਕਿ ਇਹ ਭਵਨ ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਲਈ ਬਣਵਾਇਆ ਗਿਆ।ਜੋ ਉਹਨਾਂ ਦੇ ਪਿਤਾ ਸ੍ਰ ਅਰਜਨ ਸਿੰਘ ਬਾਠ ਦੀ ਯਾਦ ਨੂੰ ਸਮਰਪਿਤ ਹੈ। ਉਹਨਾਂ ਸੁਖੀ ਬਾਠ ਫਾਊਂਡੇਸ਼ਨ ਬਾਰੇ ਵੀ ਜਾਣਕਾਰੀ ਦਿੱਤੀ ਜੋ ਪੰਜਾਬ ਅਤੇ ਪੰਜਾਬੋਂ ਬਾਹਰ ਲੋੜਵੰਦਾਂ ਦੀ ਮਦੱਦ ਲਈ ਤਤਪਰ ਹੈ। ਸ੍ਰੀ ਸੁਖੀ ਬਾਠ ਨੇ 1ਅਤੇ 2 ਅਕਤੂਬਰ ਨੂੰ ਪੰਜਾਬ ਭਵਨ ਸਰੀ ਵੱਲੋਂ ਕਰਵਾਈ ਜਾਣ ਵਾਲੀ ਦੋ ਰੋਜ਼ਾ ਕੌਮਾਂਤਰੀ ਅੰਤਰਰਾਸ਼ਟਰੀ ਕਾਨਫਰੰਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ। ਉਹਨਾਂ ਨੇ ਇਸ ਕਾਨਫਰੰਸ ਵਿਚਲੇ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ ਜਿਸ ਵਿੱਚ 18 ਮੁਲਕਾਂ ਤੋਂ ਸਾਹਿਤ ਵਿਦਵਾਨ ਸ਼ਾਮਲ ਹੋਏ। ਕੈਨੇਡਾ ਦੇ ਪੰਜਾਬੀ ਸਾਹਿਤ, ਸਾਹਿਤ ਦਾ ਸਿਆਸੀ ਪਰਿਪੇਖ, ਪੰਜਾਬੀ ਕਲਾਵਾਂ ਅਤੇ ਪੰਜਾਬੀ ਚਿੱਤਰਕਾਰੀ ਬਾਰੇ ਵਿਚਾਰ ਚਰਚਾ ਹੋਵੇਗੀ। ਦੋ ਦਿਨਾਂ ਚੱਲਣ ਵਾਲੀ ਇਸ ਕਾਨਫਰੰਸ ਵਿੱਚ ਪੰਜਾਬ ਭਵਨ ਸਰੀ ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਬਾਰੇ ਨਿੱਠ ਕੇ ਚਰਚਾ ਹੋਵੇਗੀ। ਉਹਨਾਂ ਨਵੀਂ ਪੀੜ੍ਹੀ ਨੂੰ ਵਿਦੇਸ਼ ਵਿੱਚ ਆ ਕੇ ਮਿਹਨਤ ਅਤੇ ਸੰਘਰਸ਼ ਕਰਨ ਦੇ ਨਾਲ ਨਾਲ ਜੀਵਨ ਵਿਚ



ਅਨੁਸ਼ਾਸਨ ਰੱਖਣ ਦੀ ਪ੍ਰੇਰਨਾ ਦਿੱਤੀ।


ਉਹਨਾਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਯਤਨਸ਼ੀਲ ਸੰਸਥਾਵਾਂ ਨੂੰ ਆਪਸੀ ਸਹਿਯੋਗ ਅਤੇ ਮਿਲਵਰਤਨ ਨਾਲ ਕੰਮ ਕਰਨ ਲਈ ਕਿਹਾ। ਇਸ ਪ੍ਰੋਗਰਾਮ ਵਿੱਚ ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਪ੍ਰਧਾਨ ਰਿੰਟੂ ਭਾਟੀਆ,ਮੁਖ ਪ੍ਰਬੰਧਕ ਪ੍ਰਸਿੱਧ ਲੇਖਿਕਾ ਸੁਰਜੀਤ ਕੌਰ (ਟਰਾਂਟੋ) ਮੁਖ ਸਲਾਹਕਾਰ ਸ੍ਰ ਪਿਆਰਾ ਸਿੰਘ ਕੁੱਦੋਵਾਲ, ਮੀਤ ਪ੍ਰਧਾਨ ਦੀਪ ਕੁਲਦੀਪ ਤੇ ਜਨਰਲ ਸਕੱਤਰ ਪਰਜਿੰਦਰ ਕੌਰ ਕਲੇਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਰਿੰਟੂ ਭਾਟੀਆ ਜੀ ਨੇ ਸੁਖੀ ਬਾਠ ਨੂੰ ਜੀ ਆਇਆਂ ਕਹਿੰਦਿਆਂ ਉਹਨਾਂ ਦੇ ਸਮਾਜਿਕ ਯੋਗਦਾਨ ਬਾਰੇ ਦੱਸਿਆ। ਪ੍ਰੋ ਕੁਲਜੀਤ ਕੌਰ ਸੀਨੀਅਰ ਮੀਤ ਪ੍ਰਧਾਨ ਅੰਤਰ–ਰਾਸ਼ਟਰੀ ਸਾਹਿਤਕ ਸਾਂਝਾ ਨੇ ਇਸ ਪ੍ਰੋਗਰਾਮ ਦਾ ਸੰਚਾਲਨ ਕੀਤਾ ਜੋਕਿ ਬਹੁਤ ਕਾਬਿਲੇ ਤਾਰੀਫ਼ ਹੈ। ਪ੍ਰੋ: ਕੁਲਜੀਤ ਕੌਰ ਜੀ ਇਰ ਮੰਝੇ ਹੋਏ ਟੀ ਵੀ ਐਂਕਰ ਤੇ ਹੋਸਟ ਵੀ ਹਨ ਤੇ ਬਹੁਤ ਵਧੀਆ ਸ਼ਾਇਰਾ ਵੀ ਹੈ। ਡਾ ਸਰਬਜੀਤ ਕੌਰ ਸੋਹਲ ਨੇ ਸੁਖੀ ਬਾਠ ਜੀ ਦਾ ਧੰਨਵਾਦ ਕੀਤਾ ਅਤੇ ਕਾਨਫਰੰਸ ਲਈ ਸ਼ੁਭ ਕਾਮਨਾਵਾਂ ਕੀਤੀਆਂ ਤੇ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਦਾ ਵੀ ਧੰਨਵਾਦ ਕੀਤਾ । ਸ : ਪਿਆਰਾ ਸਿੰਘ ਕੁੱਦੋਵਾਲ ਜੀ ਨੇ ਦੇਸ਼ਾਂ ਵਿਦੇਸ਼ਾਂ ਤੋਂ ਜੁੜੇ ਸੱਭ ਮੈਂਬਰਜ਼ ਦਾ ਧੰਨਵਾਦ ਕੀਤਾ ਤੇ ਬਹੁਤ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਪ੍ਰੋਗਰਾਮ ਨੂੰ ਸਮ ਅੱਪ ਕੀਤਾ। ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੀ ਸੰਸਥਾਪਕ ਤੇ ਪ੍ਰਬੰਧਕ ਰਮਿੰਦਰ ਵਾਲੀਆ ਰੰਮੀ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਸੁਖੀ ਬਾਠ ਜੀ ਨੂੰ ਕਾਨਫਰੰਸ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਪ੍ਰੋਗਰਾਮ ਵਿੱਚ ਪ੍ਰੋ ਜਾਗੀਰ ਸਿੰਘ ਕਾਹਲੋਂ, ਪ੍ਰੋ ਨਵਰੂਪ, ਡਾ ਬਲਜੀਤ ਕੌਰ ਰਿਆੜ, ਸਿੱਕੀ ਝੱਜੀ ਪਿੰਡ ਵਾਲਾ, ਗੁਰਵਿੰਦਰ ਸਿੰਘ ਧਮੀਜਾ (ਹਰਿਆਣਾ ਸਾਹਿਤ ਅਕਾਦਮੀ ਦੇ ਡਿਪਟੀ ਚੇਅਰਮੈਨ) ਗੁਰਜੀਤ ਸਿੰਘ, ਨਰਿੰਦਰ ਮੋਮੀ, ਨਰਿੰਦਰ ਕੌਰ ਭੱਚੂ, ਹਰਦੀਪ ਕੌਰ ਜੀ , ਹਰਭਜਨ ਕੌਰ ਗਿੱਲ, ਹਰਦਿਆਲ ਸਿੰਘ ਝੀਤਾ, ਗਿਆਨ ਸਿੰਘ,ਇੰਜੀ: ਜਗਦੀਪ ਸਿੰਘ ਮਾਂਗਟ, ਡਾ ਅਮਰਜੋਤੀ ਮਾਂਗਟ, ਡਾ ਨੀਨਾ ਸੈਣੀ, ਅੰਜਨਾ ਮੈਨਨ, ਗੁਰਬਿੰਦਰ ਸਿੰਘ ਗਿੱਲ, ਪ੍ਰੋ ਜਸਪਾਲ ਸਿੰਘ (ਇਟਲੀ), ਡਾ ਰਵਿੰਦਰ ਕੌਰ ਭਾਟੀਆ, ਮਨਜੀਤ ਸੇਖੋਂ, ਅਵਤਾਰ ਸਿੰਘ ਢਿੱਲੋਂ, ਸੀਮਾ ਸ਼ਰਮਾ, ਮਨਦੀਪ ਕੌਰ , ਵਰਿੰਦਰ ਸਿੰਘ, ਡਾ ਪੁਸ਼ਵਿੰਦਰ ਕੌਰ ਆਦਿ ਅਨੇਕਾਂ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਪੀ ਟੀ ਐਨ 24 ਟੀ ਵੀ ਚੈਨਲ ਤੋਂ ਪਹੁੰਚੇ ਟੋਰਾਂਟੋ ਦੀ ਨਾਮਵਰ ਮੀਡੀਆ ਸ਼ਖ਼ਸੀਅਤ ਤੇ ਸੀ ਈ ਓ ਜੀ ਟੀ ਏ ਨਿਊਜ਼ ਮੀਡੀਆ ਸ ਚਮਕੌਰ ਸਿੰਘ ਮਾਛੀਕੇ ਜੀ ਇਸ ਅੰਤਰਰਾਸ਼ਟਰੀ ਪ੍ਰੋਗਰਾਮ ਸਿਰਜਨਾ ਦੇ ਆਰ ਪਾਰ ਦੀ ਕਵਰੇਜ ਲਈ ਵਿਸ਼ੇਸ਼ ਤੌਰ ਤੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਤੇ ਪ੍ਰੋਗਰਾਮ ਨੂੰ ਲਾਈਵ ਟੈਲੀਕਾਸਟ ਵੀ ਕੀਤਾ , ਉਹਨਾਂ ਦੇ ਇਸ ਵਿਸ਼ੇਸ਼ ਸਹਿਯੋਗ ਲਈ ਦਿੱਲੋਂ ਧੰਨਵਾਦੀ ਹਾਂ ਜੀ । ਇਹ ਜਾਣਕਾਰੀ ਰਮਿੰਦਰ ਰੰਮੀ ਨੇ ਸਾਂਝੀ ਕੀਤੀ । ਧੰਨਵਾਦ ਸਹਿਤ ।


**ਪ੍ਰੋਫੈਸਰ ਕੁਲਜੀਤ ਕੌਰ,**
**ਐਚ ਐਮ ਵੀ ਕਾਲਜ ਜਲੰਧਰ**
**ਮਾਡਰੇਟਰ ਤੇ ਸੀਨੀਅਰ ਮੀਤ ਪ੍ਰਧਾਨ**
**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ**

# ਰਿਚਮੰਡ ਇੰਡੀਆਨਾ ਰਾਜ ਦੀ ਪੁਲਿਸ ਅਧਿਕਾਰੀ ਦੀ ਸਿਰ ਵਿੱਚ ਗੋਲੀ ਲੱਗਣ ਤੋਂ 5 ਹਫ਼ਤਿਆਂ ਤੋ ਬਾਅਦ ਹੋਈ ਮੌਤ

**ਨਿਊਯਾਰਕ, 20 ਸਤੰਬਰ (ਰਾਜ ਗੋਗਨਾ )**—ਪਿਛਲੇ ਦਿਨੀ ਅਗਸਤ ਮਹੀਨੇ ਵਿੱਚ ਰਿਚਮੰਡ ਇੰਡੀਅਨਾਂ ਵਿਖੇਂ ਆਪਣੀ ਡਿਊਟੀ ਨਿਭਾਅ ਰਹੀ ਇਕ ਮਹਿਲਾ ਪੁਲਿਸ ਅਧਿਕਾਰੀ ਸੀਰਾ ਬਰਟਨ (28) ਸਾਲ ਦੀ ਅੱਜ ਰਾਤ ਨੂੰ ਮੌਤ ਹੋ ਗਈ ਹੈ। ਸੀਰਾ ਬਰਟਨ ਇੱਕ ਪੂਰਬੀ ਇੰਡੀਆਨਾ ਪੁਲਿਸ ਅਧਿਕਾਰੀ ਦੀ ਲੰਘੇ ਅਗਸਤ ਮਹੀਨੇ ਟ੍ਰੈਫਿਕ ਸਟਾਪ ਦੌਰਾਨ ਸਿਰ ਵਿੱਚ ਗੋਲੀ ਲੱਗਣ ਤੋਂ ਪੰਜ ਹਫ਼ਤਿਆਂ ਤੋਂ ਵੱਧ ਸਮੇਂ ਦੇ ਬਾਅਦ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਕਿਹਾ।

ਪੁਲਿਸ ਅਧਿਕਾਰੀ ਸੀਰਾ ਬਰਟਨ ਦੀ ਬੀਤੀ ਰਾਤ ਉਸ ਦੇ ਪਰਿਵਾਰ ਨਾਲ ਘਿਰੀ ਰੀਡ ਹੈਲਥ ਫੈਸਿਲਿਟੀ ਵਿੱਚ ਮੌਤ ਹੋ ਗਈ, ਰਿਚਮੰਡ ਪੁਲਿਸ ਵਿਭਾਗ ਨੇ ਫੇਸਬੁੱਕ 'ਤੇ ਇਕ ਪੋਸਟ ਵਿੱਚ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ, ਰਿਚਮੰਡ ਕਮਿਊਨਿਟੀ, ਅਤੇ ਜਿਨ੍ਹਾਂ ਨੇ ਸੀਰਾ ਬਰਟਨ ਅਤੇ ਉਸਦੇ ਪਰਿਵਾਰ ਅਤੇ ਵਿਭਾਗ ਨੂੰ ਨੇੜੇ ਅਤੇ ਦੂਰ ਤੋਂ ਸਮਰਥਨ ਦਿੱਤਾ ਹੈ ਅਸੀਂ ਪਰਿਵਾਰ ਨੂੰ ਸਮਰਥਨ ਦੇਣ ਵਾਲੇ ਉਹਨਾਂ ਲੋਕਾ ਦਾ ਧੰਨਵਾਦ ਕਰਦੇ ਹਾਂ ਪ੍ਰੰਤੂ ਇਕ ਨੇਕ ਪੁਲਿਸ ਅਧਿਕਾਰੀ ਦਾ





ਛੋਟੀ ਉਮਰ ਚ' ਚਲੇ ਜਾਣਾ ਵਿਭਾਗ ਨੂੰ ਅਤੇ ਪਰਿਵਾਰ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਮਹਿਲਾ ਪੁਲਿਸ ਅਧਿਕਾਰੀ ਬਰਟਨ ਨਾਲ 10 ਅਗਸਤ ਨੂੰ ਹੋਈ ਗੋਲੀਬਾਰੀ ਵਿੱਚ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈ ਸੀ। ਜਿਸ ਨੂੰ ਹਾਸਪਾਈਸ ਕੇਅਰ, ਉਸ ਨੂੰ ਡੇਟਨ, ਓਹੀਓ ਦੇ ਇੱਕ ਹਸਪਤਾਲ ਵਿੱਚ ਜੀਵਨ ਦੀ ਸਹਾਇਤਾ ਲਈ ਭਰਤੀ ਕਰਵ-ਾਇਆ ਗਿਆ ਸੀ। ਮ੍ਰਿਤਕ ਬਰਟਨ ਇੰਡੀਆਨਾਪੋਲਿਸ ਤੋਂ ਲਗਭਗ 65 ਮੀਲ ਪੂਰਬ ਵਿੱਚ, ਰਿਚਮੰਡ ਵਿੱਚ ਪੁਲਿਸ 9 ਵਿਭਾਗ ਵਿੱਚ ਚਾਰ ਸਾਲ ਤੋ ਨੋਕਰੀ ਕਰਦੀ ਸੀ। ਜਿਸ ਨੇ ਮੈਥਾਮਫੇਟਾਮਾਈਨ, ਕੋਕੀਨ ਅਤੇ ਹੈਰੋਇਨ ਅਤੇ ਇੱਕ ਗੰਭੀਰ ਹਿੰਸਕ ਅਪਰਾਧੀ ਦੁਆਰਾ ਇੱਕ ਹਥਿਆਰਬੰਦ ਨੂੰ ਪਕੜਿਆ ਉਸਨੇ ਦੋਸ਼ੀ ਨਾ ਹੋਣ ਦੀ ਬੇਨਤੀ ਕੀਤੀ ਹੈ।

ਅਧਿਕਾਰੀਆਂ ਨੇ ਕਿਹਾ ਹੈ ਕਿ ਲੀ ਨਾਮੀ ਵਿਅਕਤੀ ਨੂੰ ਉਸ ਨੇ ਰੋਕਿਆ ਅਤੇ ਮਹਿਲਾ ਪੁਲਿਸ ਬਰਟਨ ਨੂੰ ਉਸਦੇ ਪੁਲਿਸ ਕੁੱਤੇ ਦੀ ਸਹਾਇਤਾ ਲਈ ਬੁਲਾਇਆ, ਕੇ-9 ਪੁਲਿਸ ਵਿਭਾਗ ਦੇ ਕੁੱਤੇ ਨੇ ਨਸ਼ੀਲੇ ਪਦਾਰਥਾਂ ਦੀ ਸੰਭਾਵਤ ਉਸ ਕੋਲ ਮੌਜੂਦਗੀ ਦਾ ਸੰਕੇਤ ਦਿੱਤਾ। ਅਦਾਲਤੀ ਦਸਤਾਵੇਜ਼ਾਂ ਵਿੱਚ ਕਿਹਾ ਗਿਆ ਹੈ ਕਿ ਜਦੋਂ ਅਧਿਕਾਰੀ ਗੱਲ ਕਰ ਰਹੇ ਸਨ, ਦੋਸ਼ੀ ਨੇ ਇੱਕ ਬੰਦੂਕ ਕੱਢੀ ਜੋ ਕੇ-9 ਦੀ ਮਹਿਲਾ ਪੁਲਿਸ ਅਧਿਕਾਰੀ ਬਰਟਨ ਨੂੰ ਗੋਲੀ ਮਾਰ ਦਿੱਤੀ। ਦੂਜੇ ਅਫਸਰਾਂ ਨੇ ਜਵਾਬੀ ਗੋਲੀਬਾਰੀ ਕੀਤੀ ਅਤੇ ਉਹ ਭੱਜ ਗਿਆ। ਦੋਸ਼ੀ ਲੀ ਨੂੰ ਥੋੜ੍ਹੇ ਜਿਹੇ ਪੈਦਲ ਪਿੱਛਾ ਕਰਨ ਤੋਂ ਬਾਅਦ ਪੁਲਿਸ ਨੇ ਫੜ ਲਿਆ ਗਿਆ ਸੀ। ਇਸ ਘਟਨਾ ਵਿੱਚ ਕਿਸੇ ਹੋਰ ਅਫਸਰ ਨੂੰ ਗੋਲੀ ਨਹੀਂ ਲੱਗੀ।

# ਸਾਬਕਾ ਵਿਸ਼ਵ ਜੂਨੀਅਰ ਸਰਫਿੰਗ ਚੈਂਪੀਅਨ ਕਲਾਨੀ ਡੇਵਿਡ ਦੀ ਖੇਡ ਦਾ ਅਭਿਆਸ ਕਰਦੇ ਸਮੇਂ ਹੋਈ ਮੌਤ

**ਨਿਊਯਾਰਕ, 20 ਸਤੰਬਰ (ਰਾਜ ਗੋਗਨਾ )**—ਬੀਤੇਂ ਦਿਨ ਵਿਸ਼ਵ ਜੂਨੀਅਰ ਸਰਫਿੰਗ ਚੈਪੀਂਅਨ ਕਮਾਨੀ ਡੇਵਿਡ "ਸਰਫਿੰਗ ਕਰ ਰਿਹਾ ਸੀ ਜਦੋਂ ਉਸਨੂੰ ਮਿਰਗੀ ਦਾ ਦੌਰਾ ਪਿਆ ਅਤੇ ਉਹ ਡੁੱਬ ਗਿਆ, ਅਤੇ ਉਸਦੀ ਉਮਰ 24 ਸਾਲ ਵਿੱਚ ਹੀ ਮੋਤ ਹੋ ਗਈ। ਸਾਬਕਾ ਵਿਸ਼ਵ ਜੂਨੀਅਰ ਸਰਫਿੰਗ ਚੈਂਪੀਅਨ ਕਲਾਨੀ ਡੇਵਿਡ ਦੀ ਹਫਤੇ ਦੇ ਅੰਤ ਵਿੱਚ ਕੋਸਟਾ ਰੀਕਨ ਬੀਚ ਉੱਤੇ ਸਮੁੰਦਰ ਵਿੱਚ ਅਭਿਆਸ ਦੌਰਾਨ ਮਿਰਗੀ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।

ਦੋਸਤਾਂ ਅਤੇ ਅਧਿਕਾਰੀਆਂ ਨੇ ਕਿਹਾ ਕਿ ਉਹ ਖੇਡ ਜਿਸ ਵਿੱਚ ਉਸਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਹ 24 ਸਾਲ ਦਾ ਸੀ। ਹਾਲਾਂਕਿ, ਉਸਦੀ ਬਿਮਾਰੀ ਨੇ ਉਸਨੂੰ ਖੇਡਾਂ ਵਿੱਚ





ਕਾਮਯਾਬ ਹੋਣ ਤੋਂ ਨਹੀਂ ਰੋਕਿਆ ਅਤੇ ਉਸਨੇ ਸਰਫਿੰਗ ਅਤੇ ਸਕੇਟਬੋਰਡਿੰਗ ਦੋਵਾਂ ਦਾ ਅਭਿਆਸ ਕੀਤਾ। ਉਸਨੇ ਮੁੱਖ ਸਕੇਟ ਸਰਕਟਾਂ ਵਿੱਚ ਪਹਿਲੇ ਸਥਾਨਾਂ ਲਈ ਮੁਕਾਬਲਾ ਕਰਦੇ ਹੋਏ, ਅੰਡਰ 16 ਵਰਗ ਵਿੱਚ 2012 ਵਿੱਚ ਪਨਾਮਾ ਵਿੱਚ ਜੂਨੀਅਰ ਵਿਸ਼ਵ ਸਰਫਿੰਗ ਦਾ ਖਿਤਾਬ ਵੀ ਜਿੱਤਿਆ ਸੀ। ਕੋਸਟਾ ਰੀਕਾ ਦੀ, ਜੁਡੀਸ਼ੀਅਲ ਇਨਵੈਸਟੀਗੇਸ਼ਨ ਏਜੰਸੀ ਨੇ ਕਿਹਾ, "ਉਹ ਸਰਫਿੰਗ ਕਰ ਰਿਹਾ ਸੀ ਜਦੋਂ ਉਸ ਨੂੰ ਮਿਰਗੀ ਦਾ ਦੌਰਾ ਪਿਆ ਅਤੇ ਉਹ ਡੁੱਬ ਗਿਆ, "ਮੌਤ ਦੀ ਅਜੇ ਜਾਂਚ ਕੀਤੀ ਜਾ ਰਹੀ ਹੈ।"ਕਲਾਨੀ ਦੁਨੀਆ ਦੇ ਸਭ ਤੋਂ ਪ੍ਰਤਿਭਾਸ਼ਾਲੀ ਸਕੇਟਰਾਂ ਵਿੱਚੋਂ ਇੱਕ ਸੀ। "ਉਹ ਲਗਾਤਾਰ ਆਪਣੀਆਂ ਸੀਮਾਵਾਂ ਨੂੰ ਧੱਕ ਰਿਹਾ ਸੀ।

# ਨੈਸ਼ਨਲ ਅਤੇ ਗਲੋਬਲ ਪੁਰਸਕਾਰ ਵਿਜੇਤਾ ਡਾਕਟਰ ਨਰਿੰਦਰ ਸਿੰਘ ਕੰਗ ਅਤੇ ਸਰਦਾਰਨੀ ਵੋਨਿੰਦਰ ਕੋਰ ਕੰਗ ਨੂੰ ਗੁਰਦੁਆਰਾ ਸ਼ਹੀਦਾਂ ਅਸਥਾਨ ਧੰਨ-ਧੰਨ ਬਾਬਾ ਦੀਪ ਸਿੰਘ ਜੀ ਹਿੱਕਸਵਿਲ ਨਿਊਯਾਰਕ ਵਿਖੇ ਸਾਰੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਸਨਮਾਨਿਤ ਕੀਤਾ ਗਿਆ

**ਨਿਊਯਾਰਕ, 20 ਸਤੰਬਰ (ਰਾਜ ਗੋਗਨਾ )**—ਭੁਲੱਥ ਦੇ ਨਜ਼ਦੀਕੀ ਪਿੰਡ ਖੱਸਣ ਜ਼ਿਲ੍ਹਾ ਕਪੂਰਥਲਾ ਪੰਜਾਬ ਰਾਜ ਦੇ ਉਘੇ ਸਮਾਜ ਸੇਵੀ ਅਤੇ ਯੋਗ ਪ੍ਰਬੰਧਕ ਡਾਕਟਰ ਨਰਿੰਦਰ ਸਿੰਘ ਕੰਗ ਅਤੇ ਉਹਨਾਂ ਦੀ ਪਤਨੀ ਸਰਦਾਰਨੀ ਵੋਨਿੰਦਰ ਕੋਰ ਕੰਗ ਜੋ ਅੱਜ ਕੱਲ ਅਮਰੀਕਾ ਦੌਰੇ ਤੇ ਆਏ ਹੋਏ ਹਨ।ਉਹਨਾਂ ਦਾ ਗੁਰਘਰ ਦੀ ਕਮੇਟੀ ਵੱਲੋ ਸਨਮਾਨ ਕੀਤਾ ਗਿਆ। ਡਾਕਟਰ ਨਰਿੰਦਰ ਸਿੰਘ ਕੰਗ ਜੋ 4 ਵਾਰ ਦੇ ਨੈਸ਼ਨਲ ਪੁਰਸਕਾਰ, ਅਤੇ ਸਵ: ਸਤਨਾਮ ਸਿੰਘ ਰੰਧਾਵਾ ਐਵਾਰਡ ਅਤੇ ਗਲੋਬਲ ਪੁਰਸਕਾਰ ਦੇ ਵਿਜੇਤਾ ਹਨ। ਅੱਜ ਉਹ ਗੁਰਦੁਆਰਾ ਸ਼ਹੀਦਾ ਅਸਥਾਨ ਧੰਨ - ਧੰਨ ਬਾਬਾ ਦੀਪ ਸਿੰਘ ਜੀ ਗੁਰਦੁਆਰਾ ਹਿੱਕਸਵਿਲ ਨਿਊਯਾਰਕ ਵਿਖੇ ਨਤਮਸਤਕ ਹੋਏ ਜਿੱਥੇ ਗੁਰਦੁਆਰਾ ਸ਼ਹੀਦਾਂ ਦੇ ਮੁੱਖ ਸੇਵਾਦਾਰ ਗਿਆਨੀ ਭੁਪਿੰਦਰ ਸਿੰਘ ਜੀ ਦੀ ਰਹਿਨੁਮਾਈ ਵਿੱਚ ਨਿਊਯਾਰਕ ਗੁਰੂਦਵਾਰਿਆਂ ਦੀਆਂ ਸਮੂੰਹ ਪ੍ਰਬੰਧਕ ਕਮੇਟੀਆਂ ਵੱਲੋਂ ਉਹਨਾਂ ਨੂੰ ਜਿੱਥੇ ਜੀ ਆਇਆ ਨੂੰ ਕਿਹਾ ਗਿਆ ਉੱਥੇ ਉਹਨਾਂ ਨੂੰ ਸਿਰੋਪਾ ਅਤੇ ਗੁਰੂ ਘਰ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਨਿਊਯਾਰਕ ਦੇ ਉਘੇ ਵਿਦਵਾਨ ਸਿੱਖ ਧਰਮ ਪ੍ਰਚਾਰਕ ਗਿਆਨੀ ਭੁਪਿੰਦਰ ਸਿੰਘ ਜੀ ਜਿੰਨਾਂ ਦਾ ਪੰਜਾਬ ਤੋ ਪਿਛੋਕੜ ਭੁਲੱਥ ਲਾਗਲੇ ਪਿੰਡ ਖੱਸਣ ਦੇ ਨਾਲ ਹੈ ਉਹਨਾ ਨੇ ਇਸ ਮੌਕੇ ਗੱਲਬਾਤ ਦੇ ਦੋਰਾਨ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਡਾਕਟਰ ਨਰਿੰਦਰ ਸਿੰਘ ਕੰਗ ਇਨਸਾਫ਼ ਪਸੰਦ ਅਤੇ ਯੋਗ ਪ੍ਰਬੰਧਕ ਹਨ।



ਸਮਾਜ ਦੀ ਸੇਵਾ ਉਹ ਹਮੇਸ਼ਾ ਵੱਧ ਚੜ੍ਹ ਕੇ ਕਰਦੇ ਹਨ। ਜਿਵੇਂ ਸਿਹਤ, ਵਿਦਿਆ ਦੇ ਖੇਤਰ, ਪਾਣੀ ਦੀ ਸੰਭਾਲ, ਵਾਤਾਵਰਣ, ਖੇਡਾਂ ਅਤੇ ਪਿੰਡ ਖੱਸਣ ਦੇ ਵਿਕਾਸ ਲਈ ਉਹ ਚਾਰ ਵਾਰ ਨੈਸ਼ਨਲ ਪੁਰਸਕਾਰ, ਸਵ ਸਤਨਾਮ ਸਿੰਘ ਰੰਧਾਵਾ ਪੁਰਸਕਾਰ ਅਤੇ ਗਲੋਬਲ ਪੁਰਸਕਾਰ ਨਾਲ ਸਨਮਾਨਿਤ ਹੋ ਚੁੱਕੇ ਹਨ। ਅਮਰੀਕਾ ਦੀਆਂ ਵੱਖ ਵੱਖ ਸੁਸਾਇਟੀਆਂ ਅਤੇ ਗੁਰੂ ਘਰਾਂ ਵੱਲੋਂ ਉਹਨਾਂ ਅਤੇ ਉਹਨਾਂ ਦੀ ਪਤਨੀ ਵੋਨਿੰਦਰ ਕੰਗ ਨੂੰ ਸਨਮਾਨਿਤ ਕੀਤਾ ਗਿਆ।

ਅੱਜ ਦਾ ਸਮਾਗਮ ਗੁਰਦੁਆਰਾ ਸ਼ਹੀਦਾ ਬਾਬਾ ਦੀਪ ਸਿੰਘ ਜੀ ਹਿਕਸਵਿਲ ਨਿਉਯਾਰਕ ਵਿੱਖੇ ਹੋਇਆ। ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਗਿਆਨੀ ਭੁਪਿੰਦਰ ਸਿੰਘ, ਮੁੱਖ ਸੇਵਾਦਾਰ ਸਜਣ ਸਿੰਘ ਗੁਰਦੁਆਰਾ ਸੰਤ ਸਾਗਰ, ਸ੍ਰੀ ਅਸ਼ੋਕ ਕੁਮਾਰ (ਜੇਐਮਡੀ ਸਮੂੰਹ), ਸ੍ਰੀ ਵਿਪਨ ਕੁਮਾਰ ਸਰਪੰਚ, ਜਗਦੀਪ ਸਿੰਘ, ਸ। ਵਰਿੰਦਰਪਾਲ ਸਿੰਘ ਸਿੱਕਾ ਸਕੱਤਰ ਪਲੈਨ ਵਿਉ ਗੁਰਦੁਆਰਾ, ਸ। ਗੁਰਚਰਨ ਸਿੰਘ ਸੱਚਦੇਵਾ ਜਨਰਲ ਸਕੱਤਰ ਗੁਰਦੁਆਰਾ ਮਾਤਾ ਸਾਹਿਬ ਕੌਰ, ਸ੍ਰੀ ਅਸ਼ੋਕ ਮਾਹੀਂ ਪ੍ਰਧਾਨ ਗੁਰਦੁਆਰਾ ਸ੍ਰੀ ਰਵਿਦਾਸ ਸਭਾ, ਸ। ਨਿਰਮਲ ਸਿੰਘ ਸਾਬਕਾ ਪ੍ਰਧਾਨ ਗੁਰਦੁਆਰਾ ਸ੍ਰੀ ਰਵਿਦਾਸ ਸਭਾ ਨਿਉਯਾਰਕ, ਸ। ਗੁਰਵਿੰਦਰ ਸਿੰਘ ਬਬਲੂ ਸਕਾਈ ਵਰਲਡ ਕੰਨਸਟ ਕੰਪਨੀ, ਸ ਹਰਬੰਸ ਸਿੰਘ ਢਿੱਲੋਂ ਉਘੇ ਬਿਜ਼ਨਸਮੈਨ ਨਿਉਯਾਰਕ, ਸ ਭੁਪਿੰਦਰ ਸਿੰਘ ਬੋਪਾਰਾਏ ਸਾਬਕਾ ਪ੍ਰਧਾਨ ਸਿੱਖ ਕਲਚਰਲ ਸੁਸਾਇਟੀ, ਸ ਜਸਵਿੰਦਰ ਸਿੰਘ ਜੱਸੀ ਪ੍ਰਧਾਨ ਸੰਤ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਨਿਊਯਾਰਕ, ਸ ਬੂਟਾ ਸਿੰਘ ਪ੍ਰਧਾਨ ਗੁਰੂ ਰਾਮਦਾਸ ਵੇਲਫੇਅਰ ਸੁਸਾਇਟੀ ਨਿਊਯਾਰਕ ਅਤੇ ਹੋਰ ਕਮੇਟੀਆਂ ਦੇ ਪ੍ਰਬੰਧਕਾ ਨੇ ਸਿਰੋਪਾ ਸਾਹਿਬ ਅਤੇ ਸਨਮਾਨ ਚਿੰਨ੍ਹ ਭੇਟ ਕੀਤੇ।

# ਗੁਰੂ ਨਾਨਕ ਫ੍ਰੀ ਡਾਇਲਿਸਿਸ ਸੈਂਟਰ ਭੁਲੱਥ ਵਿਖੇ ਡੇਢ ਸਾਲ ਵਿੱਚ 3179 ਮਰੀਜ਼ਾਂ ਦੇ ਫ੍ਰੀ ਡਾਇਲਿਸਿਸ ਦੀ ਫ੍ਰੀ ਸੇਵਾ ਨਿਭਾਈ- ਲਾਲੀਆਂ


**ਭੁਲੱਥ, 20 ਸਤੰਬਰ (ਰਾਜ ਗੋਗਨਾ )**—ਗੁਰੂ ਨਾਨਕ ਫ੍ਰੀ ਡਾਇਲਸਿਸ ਯੂਨਿਟ ਭੁਲੱਥ ਕਮੇਟੀ ਦੇ ਉਪ-ਚੇਅਰਮੈਨ ਸ: ਸੁਰਿੰਦਰ ਸਿੰਘ ਲਾਲੀਆ ਨੇ ਜਾਣਕਾਰੀ ਸਾਂਝੀ ਕਰਦਿਆਂ ਹੋਇਆ ਦੱਸਿਆ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਮਨੁੱਖਤਾ ਦੀ ਸੇਵਾ ਨੂੰ ਅੱਗੇ ਸਿਜਦਾ ਕਰਦੇ ਹੋਏ ਬਾਬਾ ਜੋਰਾਵਰ ਸਿੰਘ ਫਤਿਹ ਸਿੰਘ ਸੇਵਾ ਸੁਸਾਇਟੀ ਭੁਲੱਥ ਵਲੋ ਗੁਰੂ ਨਾਨਕ ਦੇਵ ਜੀ ਦੇ ਨਾਂ ਨੂੰ ਸਮਰਪਿਤ ਮੁਫਤ ਡਾਇਲਸਿਸ ਯੂਨਿਟ ਭੁਲੱਥ ਅਤੇ ਇਲਾਕੇ ਦੀ ਸੰਗਤ ਅਤੇ ਐਨ ਆਰ ਆਈਜ ਵੀਰਾਂ ਦੇ ਸਾਂਝੇ ਸਹਿਯੋਗ ਨਾਲ ਹੋਂਦ ਵਿੱਚ ਇਸ ਨੂੰ ਲਿਆਂਦਾ ਗਿਆ ਸੀ ਅਤੇ ਇਹ ਸੁਸਾਇਟੀ ਜੋ ਸੁਚੱਜੇ ਢੰਗ ਨਾਲ ਸੇਵਾ ਨਿਭਾ ਰਹੀ ਹੈ। ਅਤੇ ਭੁਲੱਥ ਦੇ ਇਸ ਫ੍ਰੀ ਡਾਇਲਿਸਿਸ ਯੂਨਿਟ ਨੂੰ ਹੋਂਦ ਵਿੱਚ ਆਏ ਹੋਏ ਨੂੰ ਤਕਰੀਬਨ ਡੇਢ ਸਾਲ ਦਾ ਸਮਾਂ ਹੋਇਆ ਹੈ। ਅਤੇ ਇਸ ਫ੍ਰੀ ਡਾਇਲਿਸਿਸ ਸੈਂਟਰ ਨੇ ਅਗਸਤ—2022 ਤੱਕ ਕੁਲ 3179 ਮਰੀਜ਼ਾਂ ਦੇ ਮੁਫਤ ਡਾਇਲਸਿਸ ਦੀ ਸੇਵਾ ਕੀਤੀ ਹੈ। ਉਪ- ਚੇਅਰਮੈਨ ਲਾਲੀਆਂ ਨੇ ਦੱਸਿਆ ਕਿ ਹੁਣ ਪੀੜਤਾਂ ਦੀ ਗਿਣਤੀ ਵਿੱਚ ਹੁੰਦਾ ਵਾਧਾ ਦੇਖਦੇ ਹੋਏ ਇੱਥੇ ਹੁਣ 6ਵੀ



ਡਾਇਲਸਿਸ ਮਸ਼ੀਨ ਦਾ ਆਰਡਰ ਸੰਗਤਾਂ ਦੇ ਸਹਿਯੋਗ ਨਾਲ ਕਰ ਦਿੱਤਾ ਗਿਆ ਹੈ। ਜਦ ਕਿ ਇੱਥੇ 5 ਮਸ਼ੀਨਾ ਪਹਿਲਾਂ ਹੀ ਪੀੜਤਾਂ ਦੀ ਸੇਵਾ ਲਈ ਚੱਲ ਰਹੀਆਂ ਹਨ। ਜੋ ਰੋਜ਼ਾਨਾ 9 ਤੋ 10 ਦੇ ਕਰੀਬ ਮਰੀਜ਼ਾਂ ਦੀ ਮੁਫਤ ਡਾਇਲਿਸਿਸ ਕੀਤੀ ਜਾਂਦੀ ਹੈ।ਪੀੜ੍ਹਤ ਦੁਆਬੇ ਦਾ ਇਹ ਪਹਿਲਾ ਫ੍ਰੀ ਡਾਇਲਿਸਿਸ ਸੈਂਟਰ ਹੋਣ ਕਰਕੇ ਇਥੇ ਪੰਜਾਬ ਭਰ ਵਿੱਚੋਂ ਪੀੜ੍ਹਤ ਮੁਫਤ ਡਾਇਲਿਸਿਸ ਦਾ ਸਹਾਰਾ ਲੈਣ ਆਉਦੇ ਹਨ।ਕਮੇਟੀ ਦੇ ਉਪ- ਚੇਅਰਮੈਨ ਸੁਰਿੰਦਰ ਸਿੰਘ ਲਾਲੀਆਂ ਨੇ ਕਿਹਾ ਕਿ ਅਸੀਂ ਇਸ ਸੰਸਥਾ ਦੇ ਚੇਅਰਮੈਨ ਡਾਕਟਰ ਸੁਰਿੰਦਰ ਕੁਮਾਰ ਕੱਕੜ , ਪ੍ਰਧਾਨ ਸਰਪੰਚ ਮੋਹਨ ਸਿੰਘ ਡਾਲਾ, ਸੈਕ੍ਰਟਰੀ ਬਲਵਿੰਦਰ ਸਿੰਘ ਚੀਮਾ, ਅਤੇ ਉਪ ਪ੍ਰਧਾਨ ਅਵਤਾਰ ਸਿੰਘ,ਦੇ ਨਾਲ ਸਾਰੇ ਇਲਾਕੇ ਦੇ ਦਾਨੀ ਸੱਜਣਾਂ, ਅਤੇ ਇਲਾਕੇ ਦੇ ਐਨ ਆਰ ਆਈਜ਼ ਵੀਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋ ਦਿੱਤੇ ਜਾ ਰਹੇ ਸਮੇਂ ਸਮੇਂ ਤੇ ਮਾਲੀ ਸਹਾਇਤਾ ਦੀ ਪ੍ਰਸੰਸਾ ਕਰਦੇ ਹਾਂ ਜਿੰਨਾਂ ਨੇ ਮਨੁੱਖਤਾ ਦੀ ਭਲਾਈ ਲਈ ਨਿਭਾਈ ਸੇਵਾ ਦਾ ਸਾਡੀ ਸੰਸਥਾ ਉਹਨਾਂ ਦਾ ਦਿਲੋ ਸਤਿਕਾਰ ਕਰਦੀ ਹੈ।

# ਅੰਗਰੇਜੀ ਟੀਚਰ ਲਈ ਪੰਜਾਬੀ ਵਿਦਿਆਰਥਣ ਦਾ ਮੋਹ

ਮੈਂ ਮੀਨੂੰ ਮੈਮ ਦੀ ਵਿਦਿਆਰਥਣ ਹਾਂ। ਮੇਰਾ ਨਾਮ ਮਨਪ੍ਰੀਤ ਕੌਰ ਹੈ। ਮੈਂ ਅੱਠਵੀਂ ਵਿੱਚ ਇਹਨਾਂ ਤੋਂ ਹੀ ਪੜ੍ਹਾਈ ਕੀਤੀ ਹੈ ਤੇ ਹੁਣ ਨੌਵੀਂ ਵਿੱਚ ਵੀ ਇਹਨਾਂ ਕੋਲੋਂ ਹੀ ਪੜ੍ਹ ਰਹੀ ਹਾਂ। ਮੈਂ ਸੱਚ ਕਵਾਂ ਤਾਂ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਕਿ ਮੈਂ ਪ੍ਰਾਈਵੇਟ ਸਕੂਲ ਤੋਂ ਹੱਟ ਕੇ ਸਰਕਾਰੀ ਸਕੂਲ ਵਿੱਚ ਪੜ੍ਹ ਰਹੀ ਹਾਂ। ਇੱਥੇ ਬੱਚਿਆਂ ਦੇ ਟੈਲੇਂਟ ਨੂੰ ਸਮਝ ਕੇ ਉਹਨਾਂ ਨੂੰ ਲੋਕਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੈਂ ਸੱਚ ਦੱਸਾਂ ਤਾਂ ਪ੍ਰਾਈਵੇਟ ਸਕੂਲ ਚ ਕਦੇ ਵੀ ਸਟੇਜ ਤੇ ਖੜ ਕੇ ਕੁੱਝ ਬੋਲ ਕੇ ਨਹੀਂ ਦੇਖਿਆ ਸੀ। ਪਰ ਜਦੋਂ ਦੀ ਮੈਂ ਇਸ ਸਕੂਲ ਵਿੱਚ ਲੱਗੀ ਹਾਂ ਮੈਂ ਆਪਣੇ ਵੱਲੋਂ ਸਪੀਚ ਤਿਆਰ ਕਰਕੇ ਹਰ ਮਹੀਨੇ ਬਾਅਦ ਜਦੋਂ ਸਾਡੀ ਜਮਾਤ ਦੀ ਵਾਰੀ ਆਉਂਦੀ ਹੈ, ਉਦੋਂ ਮੈਂ ਸਟੇਜ ਤੇ ਬੋਲਦੀ ਹਾਂ। ਬੱਚਿਆਂ ਦੇ ਟੈਲੇਂਟ ਨੂੰ ਲੋਕਾਂ ਸਾਹਮਣੇ ਲਿਆਉਣ ਵਿੱਚ ਤਾਂ ਮੀਨੂੰ ਮੈਮ ਮਾਹਿਰ ਹਨ । ਇਹ ਹਮੇਸ਼ਾਂ ਬੱਚਿਆਂ ਨੂੰ ਮੋਟੀਵੇਟ ਕਰਨ ਦੇ ਅਨੇਕ ਢੰਗ ਲੱਭਦੇ ਰਹਿੰਦੇ ਹਨ। ਇਹ ਕਿਸੇ ਨਾਲ ਵੀ ਗਲਤ ਹੁੰਦਿਆਂ ਨਹੀਂ ਦੇਖ ਸਕਦੇ ਖਾਸ ਕਰਕੇ ਆਪਣੇ ਵਿਦਿਆਰਥੀਆਂ ਨਾਲ ਜਦਕਿ ਉਹਨਾਂ ਦੀ ਕੋਈ ਗਲਤੀ ਹੀ ਨਾ ਹੋਵੇ। ਉਹ



ਹਮੇਸ਼ਾਂ ਵਿਦਿਆਰਥੀਆਂ ਦੇ ਹੱਕ ਲਈ ਲੜਦੇ ਹਨ ਤੇ ਲੜਦੇ ਰਹਿਣਗੇ। ਅਸੀਂ ਵੀ ਉਹਨਾਂ ਦਾ ਸਿਰ ਨੀਵਾਂ ਨਹੀਂ ਹੋਣ ਦੇਣਾ ਤੇ ਹਮੇਸ਼ਾਂ ਉਹਨਾਂ ਨੂੰ ਮਾਣ ਮਹਿਸੂਸ ਕਰਾਉਣਾ। ਆਖਿਰ ਵਿੱਚ ਮੈਂ ਇਹੀ ਕਹਿਣਾ ਚਾਹੁੰਦੀ ਹਾਂ ਕਿ ਮੈਂ ਪਿਛਲੇ ਜਨਮ ਵਿੱਚ ਕੋਈ ਪੁੰਨ ਕੀਤੇ ਸੀ ਜੋ ਇਸ ਜਨਮ ਵਿੱਚ ਮੈਨੂੰ ਮੀਨੂੰ ਮੈਮ ਵਰਗੇ ਅਧਿਆਪਕ ਮਿਲੇ । ਰੱਬ ਇਹਨਾਂ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰੱਖੇ। ਇਹ ਬਹੁਤ ਤਰੱਕੀ ਕਰਨ। ਧੰਨਵਾਦ ਮੈਮ ਮੇਰੀ ਜ਼ਿੰਦਗੀ ਵਿੱਚ ਆਉਣ ਲਈ। ਆਈ ਲਵ ਯੂ ਮੈਮ।

**ਆਪ ਜੀ ਦੀ ਵਿਦਿਆਰਥਣ**
**ਮਨਪ੍ਰੀਤ ਕੌਰ, ਕਲਾਸ-ਨੌਵੀਂ**
**ਸਰਕਾਰੀ ਸੀਨੀ। ਸੈਕੰਡਰੀ ਸਮਾਰਟ ਸਕੂਲ**
**ਜੰਡਵਾ.ਲਾ (ਬਠਿੰਡਾ)**
**91-99882-84924**

### 19 ਤੋਂ 28 ਸਤੰਬਰ, 2022 ਤੱਕ ਬਾਬਾ ਫਰੀਦ ਆਗਮਨ ਪੁਰਬ ਤੇ ਵਿਸ਼ੇਸ਼

# ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਕਦੋਂ 'ਤੇ ਕਿਵੇਂ ਹੋਈ?

7 ਅਗਸਤ 1972 ਨੂੰ ਫਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲਾ ਬਣਾਇਆ ਗਿਆ ਸੀ ਅਤੇ ਇਸਨੂੰ ਬਣੇ ਹੋਏ 50 ਸਾਲ ਹੋ ਗਏ ਹਨ ਇਸ ਲਈ ਅੱਜ ਅਸੀਂ ਫ਼ਰੀਦਕੋਟ ਜ਼ਿਲ੍ਹੇ ਦੀ ਗੋਲਡਨ ਜੁਬਲੀ ਵਰ੍ਹੇਗੰਢ ਬਣਾ ਰਹੇ ਹਾਂ। ਜ਼ਿਲ੍ਹਾ ਫਰੀਦਕੋਟ ਵਿਖੇ ਪ੍ਰਸ਼ਾਸਨ ਵੱਲੋਂ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਹਰ ਸਾਲ 19 ਤੋਂ 28 ਸਤੰਬਰ ਤੱਕ 12ਵੀ ਸਦੀ ਦੇ ਮਹਾਨ ਸੂਫੀ ਸੰਤ ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਬੜੇ ਹੀ ਸ਼ਰਧਾ ਪੂਰਵਕ ਤਰੀਕੇ ਨਾਲ ਵੱਡੇ ਪੱਧਰ ਮਨਾਇਆ ਜਾ ਰਿਹਾ ਹੈ। ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਕਦੋਂ 'ਤੇ ਕਿਵੇਂ ਹੋਈ? ਇਸ ਬਾਰੇ ਇਹ ਤੱਥ ਸਾਹਮਣੇ ਆਏ ਹਨ ਕਿ ਸੇਵਾਦਾਰਾਂ ਨੂੰ ਇਸ ਸਥਾਨ ਦੀ ਸੇਵਾ ਸ਼ੁਰੂ ਕਰਨ ਤੋਂ ਬਾਅਦ ਇੱਕ ਗੱਲ ਹਮੇਸ਼ਾ ਸੋਚਾਂ ਵਿਚ ਡੋਬ ਦਿੰਦੀ ਸੀ ਕਿ ਇਸ ਸ਼ਹਿਰ ਵਿੱਚ ਵਸਣ ਵਾਲੇ ਲੋਕਾਂ ਨੂੰ ਬਾਬਾ ਫ਼ਰੀਦ ਜੀ ਦੇ ਇਤਿਹਾਸ ਅਤੇ ਉਨ੍ਹਾਂ ਦੀ ਬਾਣੀ ਬਾਰੇ ਕਿਵੇਂ ਜਾਣੂੰ ਕਰਵਾਇਆ ਜਾਵੇ। ਇਸ ਗੱਲ ਦਾ ਜਵਾਬ ਕੁਦਰਤ ਵੱਲੋਂ ਪ੍ਰਬੰਧਕਾਂ ਦੇ ਮਨ ਵਿੱਚ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਮਨਾਉਣ ਦੇ ਰੂਪ ਵਿੱਚ ਸਾਹਮਣੇ ਆਇਆ। ਜ਼ਿਕਰਯੋਗ ਹੈ ਕਿ 1969 ਤੋਂ ਪਹਿਲਾਂ ਫਰੀਦਕੋਟ ਦੇ ਇਲਾਕੇ ਜਾਂ ਪੰਜਾਬ ਵਿੱਚ ਬਾਬਾ ਫ਼ਰੀਦ ਜੀ ਦੀ ਯਾਦ ਵਿੱਚ ਨਾ ਹੀ ਕੋਈ ਆਗਮਨ ਪੁਰਬ ਅਤੇ ਨਾ ਹੀ ਕੋਈ ਮੇਲਾ ਮਨਾਇਆ ਜਾਂਦਾ ਸੀ। ਬਾਬਾ ਫ਼ਰੀਦ ਜੀ ਅਤੇ ਫ਼ਰਦੀਕੋਟ ਸ਼ਹਿਰ ਦੇ ਰਜਵਾੜਾਸ਼ਾਹੀ ਇਤਿਹਾਸ ਦੀ ਘੋਖ ਕਰਨ ਤੋਂ ਬਾਅਦ ਇਤਿਹਾਸਕ ਤੱਥਾਂ ਮੁਤਾਬਿਕ 23 ਸਤੰਬਰ ਨੂੰ ਹਰ ਸਾਲ ਬਾਬਾ ਫ਼ਰੀਦ ਜੀ ਦੇ ਇਸ ਸ਼ਹਿਰ ਵਿੱਚ ਆਗਮਨ ਦੀ ਯਾਦ ਵਿੱਚ ਆਗਮਨ ਪੁਰਬ ਮਨਾਉਣ ਦਾ ਫੈਸਲਾ ਕੀਤਾ ਗਿਆ। ਇਹ ਗੱਲ 1960-61 ਦੀ ਹੈ ਉਸ ਸਮੇਂ ਜੈਨਟ ਲਿਚਟੀ ਤੇ ਮਾਈਕਲ ਐਲਗਜੈਂਡਰ ਜੋ ਵਿਦੇਸ਼ ਤੋਂ ਭਾਰਤ ਘੁੰਮਣ ਲਈ ਆਏ ਸਨ। ਜਦੋਂ ਉਹ ਪੰਜਾਬ ਵਿੱਚ ਫਰੀਦਕੋਟ ਵਿਖੇ ਆਏ ਤਾਂ ਉਹ ਉਸ ਸਮੇਂ ਇੰਦਰਜੀਤ ਸਿੰਘ ਜੀ ਕੋਲ ਰਹੇ। ਉਨ੍ਹਾਂ ਨੂੰ ਜਦੋਂ ਫਰੀਦਕੋਟ ਰਿਆਸਤ ਦੀਆਂ ਇਤਿਹਾਸਕ ਬਿਲਡਿੰਗਾਂ ਦਿਖਾਈਆਂ ਤਾਂ ਇਸ ਦੌਰਾਨ ਸੈਰ ਕਰਦੇ ਹੋਏ ਉਹ ਬਾਬਾ ਫ਼ਰੀਦ ਜੀ ਦੇ ਸਥਾਨ ਨੂੰ ਵੇਖਣ ਲਈ ਗਏ।

ਜਦੋਂ ਵਿਦੇਸ਼ੀ ਸੈਲਾਨੀਆਂ ਨੂੰ ਨਾਲ ਲੈ ਕੇ ਟਿੱਲਾ ਸਾਹਿਬ ਪੁੱਜੇ ਤਾਂ ਵੇਖਿਆ ਕਿ ਸਾਰਾ ਫਰਸ਼ ਕੱਚਾ ਹੈ, ਕੋਈ ਪੱਕੀ ਬਿਲਡਿੰਗ ਨਹੀਂ ਹੈ ਅਤੇ ਉਥੇ ਕੁੱਝ ਕੁੱਤੇ ਅਤੇ ਗਧੇ ਠੰਡੀ ਛਾਂ ਵਿੱਚ ਮੌਜਾਂ ਮਾਣ ਰਹੇ ਸਨ 'ਚੌਗਿਰਦਾ ਦੀਆਂ ਕੰਧਾਂ ਡਿੱਗੀਆਂ ਹੋਈਆਂ ਸਨ। ਉਸ ਸਮੇਂ ਇਸ ਸਥਾਨ 'ਤੇ ਇੱਕ ਗੁੰਬਦ-ਨੁਮਾ ਕਮਰੇ ਵਿੱਚ ਬਾਬਾ ਜੀ ਦੇ ਹੱਥ ਛੋਹ ਵਾਲੀ ਮੁਤਬਰਕ ਵਣ ਦੀ ਲੱਕੜ ਤੋਂ ਇਲਾਵਾ ਕੁਝ ਨਹੀਂ ਸੀ ਤੇ ਇਹ ਗੁੰਬਦ ਖਸਤਾ ਹਾਲਤ ਵਿੱਚ ਸੀ। ਜ਼ਿਕਰਯੋਗ ਹੈ ਕਿ ਉਸ ਸਮੇਂ ਟਿੱਲਾ ਬਾਬਾ ਫ਼ਰੀਦ ਜੀ ਦੇ ਸਥਾਨ 'ਤੇ ਸਾਰੇ ਇਲਾਕੇ ਵਿੱਚ ਹਰ ਰੋਜ਼ 3 ਤੋਂ 4 ਸਰਧਾਲੂ ਹੀ ਆਉਂਦੇ ਸਨ ਅਤੇ ਨਾ ਹੀ ਇਸ ਇਲਾਕੇ ਵਿੱਚ ਕਿਸੇ ਨੂੰ ਬਾਬਾ ਫਰੀਦ ਜੀ ਦੇ ਇਤਿਹਾਸ ਜਾਂ ਬਾਣੀ ਬਾਰੇ ਕੋਈ ਜਾਣਕਾਰੀ ਸੀ। ਉਸ ਸਮੇਂ ਖਾਲਸਾ ਜੀ ਵੀ ਫ਼ਰੀਦ ਜੀ ਦੇ ਅਤੇ ਫ਼ਰੀਦਕੋਟ ਦੇ ਇਤਿਹਾਸ ਤੋਂ ਜਾਣੂੰ ਨਹੀਂ ਸਨ। ਇਸ ਲਈ ਵਿਦੇਸ਼ ਤੋਂ ਆਏ ਸੈਲਾਨਿਆਂ ਦੇ ਬਹੁਤੇ ਸਵਾਲਾਂ ਦਾ ਜਵਾਬ ਨਾ ਦੇ ਸਕੇ। ਦਰਸ਼ਨ ਕਰਨ ਤੋਂ ਬਾਅਦ ਜਦੋਂ ਵਿਦੇਸ਼ੀ ਸੈਲਾਨੀ ਬਾਹਰ ਆਏ ਤਾਂ ਜੈਨਟ ਲਿਚਟੀ ਅੰਗਰੇਜ਼ੀ ਵਿੱਚ ਕਹਿਣ ਲੱਗੀ "ਤੁਸੀਂ ਤਾਂ ਕਹਿੰਦੇ ਹੋ ਇਸ ਸੰਤ ਨੂੰ ਸਾਰੇ ਲੋਕ ਮੰਨਦੇ ਹਨ, ਪਰ ਮੈਨੂੰ ਲੱਗਦਾ ਹੈ ਕਿ ਇਸ ਨੂੰ ਮੰਨਣ ਵਾਲੇ ਲੋਕ ਇਸ ਇਲਾਕੇ ਵਿੱਚ ਰਹਿੰਦੇ ਹੀ ਨਹੀਂ।" ਇਹ ਸੁਣਨ ਤੋਂ ਬਾਅਦ ਉਨ੍ਹਾਂ ਦੇ ਨਾਲ ਗਏ ਹੋਏ ਸਾਥੀ ਸ਼ਰਮਸਾਰ ਹੋ ਗਏ ਅਤੇ ਕੋਈ ਜਵਾਬ ਨਾ ਦੇ ਸਕੇ।



ਇਸ ਤੋਂ ਬਾਅਦ ਕੁਦਰਤ ਦੀ ਕਰਨੀ ਕੀ ਹੋਈ ਕਿ 25 ਸਤੰਬਰ 1969 ਨੂੰ ਇਸ ਸਥਾਨ ਦੀ ਸੇਵਾ ਇੰਦਰਜੀਤ ਸਿੰਘ ਖਾਲਸਾ ਨੂੰ ਮਿਲੀ ਅਤੇ ਇਨਾਂ ਦਾ ਸਹਿਯੋਗ ਰਣਜੀਤ ਸਿੰਘ ਵੈਹਣੀਵਾਲ ਨਾਮਵਰ ਐਡਵੋਕੇਟ ਨੇ ਕੀਤਾ। ਉਸ ਸਮੇਂ ਗੁੰਬਦਨੁਮਾ ਕਮਰਾ ਜਿਸ ਵਿੱਚ ਵਣ ਦੀ ਪਵਿੱਤਰ ਲੱਕੜ ਅਤੇ ਇੱਕ ਨੁੱਕਰ ਵਿੱਚ ਬਣੇ ਛੋਟੇ ਜਿਹੇ ਕਮਰੇ ਦੀ ਅਲਮਾਰੀ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸਾਹਿਬ ਸੀ, ਪਰ ਮਰਿਯਾਦਾ ਮੁਤਾਬਿਕ ਕੋਈ ਸੰਭਾਲ ਨਹੀ ਸੀ ਹੋ ਰਹੀ ਅਤੇ ਉਸ ਕਮਰੇ ਦੀ ਹਾਲਤ ਬਹੁਤ ਖਸਤਾ ਸੀ। ਜਿਸ ਤੋਂ ਬਾਅਦ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਅਤੇ ਇਸ ਕਮੇਟੀ ਨੂੰ ਰਜਿਸਟਰਡ ਬਾਡੀ ਦੇ ਰੂਪ ਵਿੱਚ ਕਾਨੂੰਨ ਰਾਹੀਂ ਪੱਕਾ ਕੀਤਾ ਅਤੇ ਸੇਵਾ ਸ਼ੁਰੂ ਕੀਤੀ ਗਈ। ਹੌਲੀ ਹੌਲੀ ਇਸ ਪਵਿੱਤਰ ਸਥਾਨ ਦਾ ਸੁੰਦਰ ਰੂਪ ਬਣ ਗਿਆ ਜੋ ਕਿ ਅੱਜ ਸਭ ਦੇ ਸਾਹਮਣੇ ਹੈ।

ਪੰਜਾਬ ਸਰਕਾਰ ਵੱਲੋਂ ਬਾਬਾ ਫਰੀਦ ਜੀ ਦੀ ਯਾਦ ਵਿੱਚ ਮੇਲਾ 1986 ਵਿੱਚ ਆਰੰਭ ਹੋਇਆ ਜਿਸ ਸਮੇਂ ਪੂਰਾ ਪੰਜਾਬ ਖਾੜਕੂਵਾਦ ਦੇ ਦੌਰ ਵਿਚੋਂ ਲੰਘ ਰਿਹਾ ਸੀ। ਪੰਜਾਬ ਅੰਦਰ ਗਵਰਨਰੀ ਰਾਜ ਸੀ, ਪੰਜਾਬ ਦੇ ਤਤਕਾਲੀ ਰਾਜਪਾਲ ਸਿਧਾਰਥ ਸ਼ੰਕਰ ਰੇਅ ਵੱਲੋਂ ਪੰਜਾਬ ਵਿੱਚ ਭਾਈਚਾਰਕ ਸਾਂਝ ਅਤੇ ਸਦਭਾਵਨਾ ਪੈਦਾ ਕਰਨ ਲਈ ਮੇਲਿਆਂ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਪਹਿਲਾ ਮੇਲਾ ਮਹਾਨ ਸੂਫੀ ਸੰਤ ਬਾਬਾ ਸ਼ੇਖ ਫਰੀਦ ਜੀ ਜਿੰਨ੍ਹਾਂ ਨੂੰ ਪੰਜਾਬ ਭਾਸ਼ਾ ਦਾ ਪਿਤਾਮਾ ਆਖਿਆ ਜਾਂਦਾ ਹੈ ਉਹਨਾਂ ਦੀ ਯਾਦ ਨੂੰ ਸਮਰਪਿਤ ਕਰਕੇ ਫਰੀਦਕੋਟ ਵਿਖੇ ਸ਼ੁਰੂ ਕੀਤਾ ਗਿਆ। ਇਸ ਤਰਾਂ ਬਾਬਾ ਫ਼ਰੀਦ ਆਗਮਨ ਪੁਰਬ ਦੀ ਸ਼ੁਰੂਆਤ ਹੋਈ ਅਤੇ ਉਸ ਸਮੇਂ ਤੋਂ ਹਰ ਸਾਲ 19 ਤੋਂ 23 ਸਤੰਬਰ ਤੱਕ ਸ਼ੇਖ ਫਰੀਦ ਜੀ ਦਾ ਆਗਮਨ ਪੁਰਬ ਧੂਮ ਧਾਮ ਨਾਲ ਮਨਾਇਆ ਜਾਣ ਲੱਗਾ ਜੋ ਕਿ ਇਸ ਵਾਰ ਮੇਲਾ ਡਿਪਟੀ ਕਮਿਸ਼ਨਰ ਫਰੀਦਕੋਟ ਡਾ. ਰੂਹੀ ਦੁੱਗ ਦੇ ਯਤਨਾਂ ਨਾਲ 5 ਦੀ ਥਾਂ 9 ਦਿਨਾਂ ਦਾ ਕਰਵਾਇਆ ਜਾ ਰਿਹਾ ਹੈ। ਇਹ ਮੇਲਾ 19 ਤੋਂ 28 ਸਤੰਬਰ ਤੱਕ ਮਨਾਇਆ ਜਾਵੇਗਾ। ਇਸ ਆਗਮਨ ਪੁਰਬ ਮੌਕੇ ਨਗਰ ਕੀਰਤਨ ਸਜਾਏ ਜਾਂਦੇ ਹਨ, ਬਾਣੀ ਦਾ ਪਾਠ, ਸ਼ਬਦ ਕੀਰਤਨ, ਖੇਡਾਂ, ਸੂਫੀ ਪ੍ਰੋਗਰਾਮ, ਸਭਿਆਚਾਰਕ ਮੇਲੇ, ਟੂਰਨਾਮੈਂਟ, ਲੋਕ ਨਾਚ ਆਦਿ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਵਾਏ ਜਾਂਦੇ ਹਨ। ਇਸ ਸਾਲ ਵੀ ਜ਼ਿਲ੍ਹਾ ਪ੍ਰਸਾਸ਼ਨ ਫਰੀਦਕੋਟ ਵੱਲੋਂ 19 ਸਤੰਬਰ ਨੂੰ ਪਾਠ ਸ਼੍ਰੀ ਸੁਖਮਨੀ ਸਾਹਿਬ, ਪੰਜ ਦਿਨਾਂ ਪੁਸਤਕ ਮੇਲੇ ਤੇ ਖੇਡ ਮੇਲੇ ਦਾ ਉਦਘਾਟਨ, 20 ਨੂੰ ਹੁਨਰ ਹਾਨ, ਕਵੀ ਦਰਬਾਰ, ਫੋਟੋਗ੍ਰਾਫ਼ੀ ਅਤੇ ਪੇਂਟਿੰਗ ਪ੍ਰਦਰਸ਼ਨੀ, ਬਾਬਾ ਸ਼ੇਖ ਫਰੀਦ ਡਰਾਮਾ ਫੈਸਟੀਵਲ,21 ਨੂੰ ਵਿਰਾਸਤੀ ਕਾਫ਼ਲਾ,ਕੈਲੀਗ੍ਰਾਫੀ ਪ੍ਰਤੀਯੋਗਤਾ, ਤਰਕਸ਼ੀਲ ਨਾਟਕ ਮੇਲਾ, ਕੌਮੀ ਲੋਕ ਨਾਚ, 22 ਨੂੰ ਕਵਾਲੀ ਪ੍ਰੋਗਰਾਮ,ਸੂਫੀਆਨਾ ਸ਼ਾਮ: ਡਾ. ਸਰਤਿੰਦਰ ਸਰਤਾਜ, 23 ਨੂੰ ਨਗਰ ਕੀਰਤਨ, ਇਨਾਮ ਵੰਡ ਸਮਾਰੋਹ, ਕੌਮੀ ਲੋਕ ਨਾਚ, ਸੱਭਿਆਚਾਰਕ ਸ਼ਾਮ: ਮਾਣਕ ਅਲੀ, 24 ਨੂੰ ਪੇਂਟਿੰਗ ਮੁਕਾਬਲਾ,ਫਨ ਗੇਮਜ਼, ਤੋਪਖਾਨਾ ਪ੍ਰਦਰਸ਼ਨੀ, ਲਾਈਵ ਸ਼ੋਅ (24 ਤੋਂ 28 ਸਤੰਬਰ) ਮਿੱਟੀ ਦੇ ਭਾਂਡੇ ਬਣਾਉਣਾ, ਤਿੰਵਣ ਅਤੇ ਮਹਿੰਦੀ,25 ਤੋਂ 27 ਸਤੰਬਰ ਨੂੰ ਫਨ ਗੇਮਜ, ਲਾਈਵ ਸ਼ੋਅ, ਸੱਭਿਆਚਾਰਜ ਸ਼ਾਮ, 28 ਸਤੰਬਰ ਨੂੰ ਮੈਰਾਥਨ, ਲਾਈਵ ਸ਼ੋਅ ਤੇ ਸਭਿਆਚਾਰਕ ਸ਼ਾਮ ਪ੍ਰੋਗਰਾਮ ਚੱਲਣਗੇ।



ਪ੍ਰਮੋਦ ਧੀਰ ਜੈਤੋ
91-98550-31081

ਜ਼ਿਲ੍ਹਾ ਸਭਿਆਚਾਰਕ ਸੁਸਾਇਟੀ ਫਰੀਦਕੋਟ ਵੱਲੋਂ ਇਸ ਵਾਰ ਮੇਲੇ ਵਿੱਚ 50 ਨਾਮੀ ਸ਼ਖਸ਼ੀਅਤਾਂ ਦਾ ਸਨਮਾਨ ਕੀਤਾ ਜਾਵੇਗਾ ਅਤੇ ਵਾਤਾਵਰਨ ਦੀ ਸੰਭਾਲ ਲਈ ਜ਼ਿਲ੍ਹੇ ਅੰਦਰ 50 ਮਿੰਨੀ ਜੰਗਲ ਵੀ ਸਥਾਪਿਤ ਕੀਤੇ ਜਾ ਰਹੇ ਹਨ। ਇਲਾਕੇ ਦੇ ਲੋਕਾਂ ਵਿੱਚ ਇਸ ਮੇਲੇ ਪ੍ਰਤੀ ਪੂਰਾ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਫਰੀਦਕੋਟ ਸ਼ਹਿਰ ਨੂੰ ਸੁੰਦਰ ਤਰੀਕੇ ਨਾਲ ਸਜਾਇਆ ਜਾ ਰਿਹਾ ਹੈ।

# ਨਿਊਯਾਰਕ ਦੇ ਹਰ ਸਬਵੇਅ ਦੀ ਕਾਰ ਵਿੱਚ ਨਿਗਰਾਨੀ ਦੋ ਕੈਮਰੇ ਲਗਾਏਗਾ—ਗਵਰਨਰ ਕੈਥੀ ਹੋਚੁਲ

**ਨਿਊਯਾਰਕ, 21 ਸਤੰਬਰ (ਰਾਜ ਗੋਗਨਾ)**— ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਨੇ ਬੀਤੇਂ ਦਿਨ ਮੰਗਲਵਾਰ ਨੂੰ ਕਿਹਾ ਕਿ ਐਨ।ਟੀ ।ਏ ਹਰ ਸਬਵੇਅ ਦੀ ਕਾਰ ਦੇ ਅੰਦਰ ਨਿਗਰਾਨੀ ਕੈਮਰੇ ਲਗਾਉਣ ਦੀ ਆਪਣੀ ਯੋਜਨਾ ਦੇ ਨਾਲ ਅੱਗੇ ਵਧ ਰਿਹਾ ਹੈ ਕਿਉਂਕਿ ਇਹ ਆਵਾਜਾਈ ਸੁਰੱਖਿਆ ਨੂੰ ਹੋਰ ਬਿਹਤਰ ਬਣਾਉਣ ਲਈ ਅਸੀਂ ਆਪਣੀ ਕੋਸ਼ਿਸ਼ ਕਰ ਰਹੇ ਹਾਂ। ਗਵਰਨਰ ਹੋਚੁਲ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ, ਕਿ ਸੰਨ 2025 ਵਿੱਚ ਕਿਸੇ ਸਮੇਂ ਤੱਕ ਸਾਰੀਆਂ 6,455 ਸਬਵੇਅ ਕਾਰਾਂ ਵਿੱਚ ਦੋ ਸੁਰੱਖਿਆ ਕੈਮਰੇ ਨਿਗਰਾਨੀ ਲਈ ਲੱਗੇ ਹੋਣਗੇ।ਉਹਨਾਂ ਕਿਹਾ ਕਿ ਐਮਟੀਏ ਨੇ ਪਹਿਲਾਂ ਹੀ ਇਹਨਾਂ ਵਿੱਚੋਂ 100 ਕਾਰਾਂ ਨੂੰ ਇੱਕ ਪਾਇਲਟ ਪ੍ਰੋਗਰਾਮ ਦੇ ਹਿੱਸੇ ਵਜੋਂ ਕੈਮਰਿਆਂ ਨਾਲ ਫਿੱਟ ਕੀਤਾ ਹੈ ਜੋ ਇਸ ਗਰਮੀਆਂ ਦੇ ਸ਼ੁਰੂ ਵਿੱਚ ਰੋਲ ਆਊਟ ਕੀਤਾ ਗਿਆ ਸੀ। ਗਵਰਨਰ ਕੈਥੀ ਹੋਚੁਲ ਨੇ ਐਮਟੀਏ ਦੀ ਜਨਵਰੀ ਤੋਂ ਸ਼ੁਰੂ ਹੋਣ ਵਾਲੇ ਲੌਂਗ ਆਈਲੈਂਡ ਰੇਲ ਰੋਡ ਅਤੇ ਮੈਟਰੋ-ਉੱਤਰੀ ਰੇਲਮਾਰਗ ਰੂਟਾਂ 'ਤੇ ਇੱਕ "ਰੇਲ ਗਸ਼ਤ ਯੂਨਿਟ" ਵੀ ਸ਼ੁਰੂ ਕਰਨ ਦੇ ਬਾਰੇ ਕਿਹਾ। ਉਹਨਾਂ ਕਿਹਾ ਕਿ ਹਾਲਾਂਕਿ ਸਬਵੇਅ ਸਿਸਟਮ ਨੇ ਜੂਨ ਤੋਂ ਅਪਰਾਧ ਵਿੱਚ 21% ਦੀ ਗਿਰਾਵਟ ਦੇਖੀ ਹੈ, ਪਰ ਆਵਾਜਾਈ ਸੁਰੱਖਿਆ "ਉੱਥੇ ਨਹੀਂ ਹੈ ਜਿੱਥੇ ਅਸੀਂ ਚਾਹੁੰਦੇ ਹਾਂ," ਹੋਚੁਲ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਇਸ ਗੱਲ ਦਾ ਜ਼ਿਕਰ ਕੀਤਾ। ਗਵਰਨਰ ਨੇ ਕਿਹਾ ਕਿ ਕੈਮਰਿਆਂ ਦਾ ਨਵਾਂ ਨੈਟਵਰਕ ਅਪਰਾਧੀਆਂ ਲਈ ਹੁਣ ਰੋਕ" ਦੇ ਵਜੋਂ ਕੰਮ ਕਰੇਗਾ, ਜਦੋਂ ਕਿ ਨਿਊਯਾਰਕ ਪੁਲਿਸ ਡਿਪਾਰਟਮੈਂਟ ਦੀਆਂ ਅਪਰਾਧ-ਹੱਲ ਕਰਨ ਦੀਆਂ ਸਮਰੱਥਾਵਾਂ ਨੂੰ ਬਹੁਤ ਹੁਲਾਰਾ ਦੇਵੇਗਾ। ਇਹ ਸਾਡਾ ਪੱਕਾ ਇਰਾਦਾ ਹੈ, ਗਵਰਨਰ ਨੇ ਕਿਹਾ।



ਅਤੇ "ਇਹ ਸੁਨੇਹਾ ਪਹੁੰਚਾਉਣ ਲਈ ਕਿ ਅਸੀਂ ਸਬਵੇਅ ਟਰੇਨਾਂ 'ਤੇ ਗਤੀਵਿਧੀਆਂ ਦੀ ਪੂਰੀ ਨਿਗਰਾਨੀ ਕਰਨ ਜਾ ਰਹੇ ਹਾਂ, ਅਤੇ ਇਹ ਲੋਕਾਂ ਨੂੰ ਮਨ ਦੀ ਸ਼ਾਂਤੀ ਪ੍ਰਦਾਨ ਕਰੇਗਾ। ""ਜੇ ਤੁਸੀਂ ਇਸ ਬਾਰੇ ਚਿੰਤਤ ਹੋ, ਤਾਂ ਸਭ ਤੋਂ ਵਧੀਆ ਜਵਾਬ ਹੈ, ਸਬਵੇਅ 'ਤੇ ਕੋਈ ਅਪਰਾਧ ਨਾ ਕਰੋ," ਉਸਨੇ ਅੱਗੇ ਕਿਹਾ। ਰੀਲੀਜ਼ ਦੇ ਅਨੁਸਾਰ, 5,5 ਮਿਲੀਅਨ ਡਾਲਰ ਦੀ ਪਹਿਲਕਦਮੀ ਵਿੱਚੋਂ 2 ਮਿਲੀਅਨ ਡਾਲਰ ਲਈ ਫੰਡਿੰਗ ਇੱਕ ਸੰਘੀ ਗ੍ਰਾਂਟ ਪ੍ਰੋਗਰਾਮ ਤੋਂ ਆਵੇਗੀ, ਬਾਕੀ ਦਾ ਹਿੱਸਾ ਐਨਟੀਏ ਦੇ ਸਬਵੇਅ ਐਕਸ਼ਨ ਪਲਾਨ ਦੁਆਰਾ ਆਉਣਾ ਹੈ। ਗਵਰਨਰ ਹੋਚੁਲ ਦੀ ਘੋਸ਼ਣਾ ਕੁਝ ਮਹੀਨਿਆਂ ਬਾਅਦ ਆਈ ਜਦੋਂ ਇੱਕ ਬੰਦੂਕਧਾਰੀ ਨੇ ਸਵੇਰ ਦੀ ਭੀੜ-ਭੜੱਕੇ ਵਾਲੀ ਰੇਲਗੱਡੀ 'ਤੇ ਗੋਲੀਬਾਰੀ ਕੀਤੀ ਸੀ ਜਦੋਂ ਇਹ ਬਰੁਕਲਿਨ ਦੇ ਇੱਕ ਸਟੇਸ਼ਨ ਵਿੱਚ, ਜਿਸ ਵਿੱਚ ਦੋ ਦਰਜਨ ਤੋਂ ਵੱਧ ਲੋਕ ਜ਼ਖਮੀ ਹੋ ਗਏ ਸਨ। ਜਿਨ੍ਹਾਂ ਵਿੱਚ 10 ਲੋਕਾਂ ਨੂੰ ਗੋਲੀ ਮਾਰੀ ਗਈ ਸੀ।

ਅਤੇ ਉਸ ਤੋ ਅਗਲੇ ਮਹੀਨੇ, ਵਿੱਚ ਇੱਕ ਬੰਦੂਕਧਾਰੀ ਨੇ ਬਿਨਾਂ ਭੜਕਾਹਟ ਦੇ ਹਮਲੇ ਵਿੱਚ ਮੈਨਹਟਨ ਜਾਣ ਵਾਲੀ ਕਿਯੂ ਰੇਲਗੱਡੀ ਵਿੱਚ ਇੱਕ ਸਬਵੇਅ ਯਾਤਰੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਸ ਮੌਕੇ ਐਮਟੀਏ ਦੇ ਚੇਅਰਮੈਨ ਅਤੇ ਸੀਈਓ ਜੈਨੋ ਲੀਬਰ ਨੇ ਮੰਗਲਵਾਰ ਦੀ ਨਿਊਜ ਕਾਨਫਰੰਸ ਵਿੱਚ ਕਿਹਾ ਕਿ ਉਹ ਅਤੇ ਹੋਰ ਉੱਚ-ਪ੍ਰੋਫਾਈਲ ਟ੍ਰਾਂਜ਼ਿਟ ਅਪਰਾਧਾਂ ਨੇ ਸਵਾਰੀਆਂ ਨੂੰ "ਕਮਜ਼ੋਰ" ਮਹਿਸੂਸ ਕਰ ਦਿੱਤਾ ਹੈ।ਅੱਜ ਦੀ ਘੋਸ਼ਣਾ ਇਸ ਗੱਲ ਦੀ ਇੱਕ ਹੋਰ ਉਦਾਹਰਨ ਹੈ ਕਿ ਕਿਵੇਂ ਅਸੀਂ ਸਿਰਫ਼ ਗਾਹਕਾਂ ਦੀਆਂ ਚਿੰਤਾਵਾਂ ਨੂੰ ਹੀ ਨਹੀਂ ਸੁਣ ਰਹੇ ਹਾਂ, ਪਰ ਅਸਲ ਵਿੱਚ ਇਸ 'ਤੇ ਕੰਮ ਕਰ ਰਹੇ ਹਾਂ," ਲੀਬਰ ਨੇ ਕਿਹਾ।

# ਚੰਡੀਗੜ੍ਹ ਯੂਨੀਵਰਸਿਟੀ ਕਾਂਡ ਨੇ ਮਾਪਿਆਂ ਦੀ ਚਿੰਤਾ ਵਧਾਈ, 3 ਲੋਕ ਗ੍ਰਿਫ਼ਤਾਰ

**ਜਲੰਧਰ ਤੋਂ ਜੇ ਸਿੰਘ 'ਭਡਿਆਰ'**

ਮੁਹਾਲੀ ਜ਼ਿਲ੍ਹੇ 'ਚ ਖਰੜ ਲਾਗੇ ਪਿੰਡ ਘੜੂੰਆਂ ਸਥਿਤ ਚੰਡੀਗੜ੍ਹ ਯੂਨੀਵਰਸਿਟੀ 'ਚ ਸ਼ਰਮਨਾਕ ਤੇ ਮੰਦਭਾਗੀਆਂ ਘਟਨਾਵਾਂ ਨੇ ਦੇਸ਼-ਵਿਦੇਸ਼ ਦੇ ਮਾਪਿਆਂ 'ਚ ਚਿੰਤਾ ਪੈਦਾ ਕਰ ਦਿੱਤੀ ਹੈ। ਇਤਰਾਜ਼ਯੋਗ ਵਾਇਰਲ ਵੀਡੀਓ ਮਾਮਲੇ 'ਚ ਨਾਮਜ਼ਦ ਕੁੜੀ ਸਮੇਤ 3 ਲੋਕਾਂ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਇੱਥੇ ਅਦਾਲਤ ਨੇ ਤਿੰਨਾਂ ਨੂੰ 7 ਦਿਨਾਂ ਦੇ ਰਿਮਾਂਡ 'ਤੇ ਭੇਜ ਦਿੱਤਾ ਹੈ। ਤਿੰਨਾਂ ਦੀ ਪੇਸ਼ੀ ਦੌਰਾਨ ਅਦਾਲਤ ਦੇ ਬਾਹਰ ਭਾਰੀ ਪੁਲਸ ਨੂੰ ਤਾਇਨਾਤ ਕੀਤਾ ਗਿਆ ਸੀ। ਪੁਲਸ ਨੇ ਅਦਾਲਤ ਤੋਂ ਡਿਵਾਈਸ ਰਿਕਵਰ ਕਰਨ ਲਈ ਤਿੰਨਾਂ ਦਾ ਰਿਮਾਂਡ ਮੰਗਿਆ ਸੀ। ਇਸ ਮਾਮਲੇ 'ਚ ਪਿਛਲੇ 2 ਦਿਨਾਂ ਤੋਂ ਯੂਨੀਵਰਸਿਟੀ 'ਚ ਭਾਰੀ ਪ੍ਰਦਰਸ਼ਨ ਹੋ ਰਿਹਾ ਸੀ। ਫਿਲਹਾਲ ਯੂਨੀਵਰਸਿਟੀ ਨੂੰ 24 ਸਤੰਬਰ ਤੱਕ ਬੰਦ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਇਸ ਮਾਮਲੇ 'ਚ ਪੁਲਸ ਨੇ ਸ਼ਿਮਲਾ ਤੋਂ 2 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਦੋਂ ਕਿ ਮੁਲਜ਼ਮ ਕੁੜੀ ਨੂੰ ਪਹਿਲਾਂ ਹੀ ਹਿਰਾਸਤ 'ਚ ਲੈ ਲਿਆ ਗਿਆ ਸੀ।

**ਕੀ ਹੈ ਮਾਮਲਾ**

ਯੂਨੀਵਰਸਿਟੀ ਦੇ ਹੋਸਟਲ ਵਿੱਚ ਰਹਿ ਰਹੀ ਇੱਕ ਵਿਦਿਆਰਥਣ ਨੇ ਆਪਣਾ ਕਥਿਤ ਇਤਰਾਜ਼ਯੋਗ ਵੀਡੀਓ ਸ਼ਿਮਲਾ ਦੇ ਨੌਜਵਾਨ ਨੂੰ ਭੇਜ ਦਿੱਤਾ ਅਤੇ ਅੱਗੋਂ ਉਸ ਨੇ ਵੀਡੀਓ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤਾ। ਇਹ ਵੀਡੀਓ ਵਾਇਰਲ ਹੁੰਦੇ ਹੀ ਅਫ਼ਵਾਹ ਫੈਲ ਗਈ ਕਿ ਕਈ ਹੋਰ ਲੜਕੀਆਂ ਦੇ ਵੀਡੀਓਜ਼ ਵੀ ਵਾਇਰਲ ਹੋਏ ਹਨ। ਕੁਝ ਚੈਨਲਾਂ ਤੇ ਸੋਸ਼ਲ ਮੀਡੀਆ ਉੱਤੇ ਰੌਲਾ ਪੈ ਗਿਆ ਕਿ ਕੁਝ ਵਿਦਿਆਰਥਣਾਂ ਨੇ ਆਤਮ ਹੱਤਿਆ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ ਅਤੇ ਇੱਕ ਵਿਦਿਆਰਥਣ ਦੀ ਮੌਤ ਵੀ ਹੋ ਚੁੱਕੀ ਹੈ। ਇੱਕ ਹੋਰ ਵੀਡੀਓ ਵੀ ਵਾਇਰਲ ਹੋਈ ਹੈ, ਜਿਸ ਵਿੱਚ ਕਾਲਜ ਦੀ ਵਾਰਡਨ ਵਿਦਿਆਰਥਣ ਨੂੰ ਝਿੜਕਦੀ ਹੋਈ ਦਿਖਾਈ ਦੇ ਰਹੀ ਹੈ। ਇਸ ਘਟਨਾ ਮਗਰੋਂ ਅੱਜ ਤੜਕੇ ਵੱਡੀ ਗਿਣਤੀ ਵਿੱਚ ਯੂਨੀਵਰਸਿਟੀ ਦੇ ਵਿਦਿਆਰਥੀ ਸੜਕਾਂ 'ਤੇ ਆ ਗਏ ਤੇ ਉਨ੍ਹਾਂ ਵੱਲੋਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਘਟਨਾ ਦੀ ਸੂਚਨਾ ਮਿਲਦੇ ਹੀ ਵੱਡੀ ਗਿਣਤੀ ਵਿੱਚ ਪੁਲੀਸ ਅਧਿਕਾਰੀਆਂ ਨੇ ਪਿੰਡ ਘੜੂੰਆਂ ਪਹੁੰਚ ਕੇ ਵਿਦਿਆਰਥੀਆਂ ਨੂੰ ਸਮਝਾਇਆ ਗਿਆ ਅਤੇ ਹਾਲਾਤ ਕਾਬੂ ਵਿੱਚ ਕੀਤੇ ਗਏ।

**ਮੁੱਖ ਮੰਤਰੀ ਵੱਲੋਂ ਘਟਨਾ ਦੀ ਜਾਂਚ ਦੇ ਹੁਕਮ**

ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿੱਚ ਵਾਪਰੀ ਘਟਨਾ ਨੂੰ ਮੰਦਭਾਗਾ ਦਸਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ, 'ਧੀਆਂ ਸਾਡੀ ਇੱਜ਼ਤ, ਸ਼ਾਨ ਅਤੇ ਗੌਰਵ ਹਨ ਅਤੇ ਅਜਿਹੀ ਕੋਈ ਵੀ ਘਟਨਾ ਅਤਿ ਨਿੰਦਣਯੋਗ ਹੈ।' ਭਗਵੰਤ ਮਾਨ ਨੇ ਕਿਹਾ ਕਿ ਉਹ ਇਸ ਘਟਨਾ ਬਾਰੇ ਜਾਣ ਕੇ ਦੁਖੀ ਹਨ ਅਤੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਦੇ ਲਗਾਤਾਰ ਸੰਪਰਕ ਵਿੱਚ ਹਨ ਤੇ ਸਾਰੀ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ। ਉਨ੍ਹਾਂ ਲੋਕਾਂ ਨੂੰ ਸਮਾਜ ਵਿਰੋਧੀ ਅਨਸਰਾਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਵਿੱਚ ਨਾ ਆਉਣ ਦੀ ਅਪੀਲ ਕੀਤੀ ਹੈ।

**ਪ੍ਰਸ਼ਾਸ਼ਨ ਵਲੋਂ ਨੋਟਿਸ**

ਮੁਹਾਲੀ ਦੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ, ਰੋਪੜ ਰੇਂਜ ਦੇ ਡੀਆਈਜੀ ਜੀਐੱਸ ਭੁੱਲਰ, ਮੁਹਾਲੀ ਦੇ ਐੱਸਐੱਸਪੀ ਵਿਵੇਕਸ਼ੀਲ ਸੋਨੀ ਅਤੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਵੀ ਯੂਨੀਵਰਸਿਟੀ ਦਾ ਵੀ ਦੌਰਾ ਕੀਤਾ। ਮਨੀਸ਼ਾ ਗੁਲਾਟੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਸ ਸਬੰਧੀ ਪੁਲੀਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਜਦੋਂ ਤੱਕ ਜਾਂਚ ਪੂਰੀ ਨਹੀਂ ਹੋ ਜਾਂਦੀ ਕਿਸੇ ਨਤੀਜੇ 'ਤੇ ਨਹੀਂ ਪਹੁੰਚਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਪ੍ਰਸ਼ਾਸਨ ਦੀ ਸ਼ਿਕਾਇਤ 'ਤੇ ਖਰੜ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ ਅਤੇ ਇਹ ਵੀਡੀਓ ਵਾਇਰਲ ਕਰਨ ਵਾਲੀ ਲੜਕੀ ਨੂੰ ਯੂਨੀਵਰਸਿਟੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਬਾਅਦ ਵਿੱਚ ਪੁਲੀਸ ਦੀ ਇੱਕ ਟੀਮ ਸ਼ਿਮਲਾ ਰਵਾਨਾ ਕੀਤੀ ਗਈ ਜਿਸ ਨੇ ਲੜਕੀ ਦੇ ਸਾਥੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਹੋਸਟਲ ਵਾਰਡਨ ਸਬੰਧੀ ਵਾਇਰਲ ਵੀਡੀਓ ਦੀ ਵੀ ਜਾਂਚ ਕੀਤੀ ਜਾਵੇਗੀ। ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੀ ਜਾਂਚ ਹੋਵੇਗੀ ਤਾਂ ਜੋ ਭਵਿੱਖ ਵਿੱਚ ਅਜਿਹੀ ਕੋਈ ਹੋਰ ਘਟਨਾ ਨਾ ਹੋਵੇ। ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਕਿਹਾ ਕਿ ਇੱਥੇ ਕਿਸੇ ਵਿਦਿਆਰਥਣ ਨੇ ਨਾ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾ ਹੀ ਕਿਸੇ ਹੋਰ ਲੜਕੀ ਦਾ ਵੀਡੀਓ ਵਾਇਰਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਤਸਦੀਕ ਤੋਂ ਕੋਈ ਵੀ ਵੀਡੀਓ ਵਾਇਰਲ ਨਾ ਹੋਣ ਦੇਵੇ।

**ਸਾਡੀਆਂ ਭੈਣਾਂ ਨਾਲ ਖੜ੍ਹੇ ਹੋਣ ਦਾ ਸਮਾਂ: ਸੋਨੂ ਸੂਦ**

ਚੰਡੀਗੜ੍ਹ ਯੂਨੀਵਰਸਿਟੀ 'ਚ ਵਾਪਰੀ ਘਟਨਾ ਦੇ ਸਬੰਧ ਵਿੱਚ ਹੋਏ ਰੋਸ ਮੁਜ਼ਾਹਰਿਆਂ ਤੋਂ ਬਾਅਦ ਅਦਾਕਾਰ ਸੋਨੂ ਸੂਦ ਨੇ ਕਿਹਾ ਕਿ ਜੋ ਵੀ ਹੋਇਆ ਉਹ ਦੁੱਖ ਦੀ ਗੱਲ ਹੈ ਅਤੇ ਉਨ੍ਹਾਂ ਲੋਕਾਂ ਨੂੰ ਜ਼ਿੰਮੇਵਾਰੀ ਨਾਲ ਵਿਹਾਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਲੋਕਾਂ ਨੂੰ 'ਸਾਡੀਆਂ ਭੈਣਾਂ' ਨਾਲ ਖੜ੍ਹੇ ਹੋਣ ਲਈ ਕਿਹਾ ਹੈ।

ਉਨ੍ਹਾਂ ਟਵੀਟ ਕੀਤਾ, 'ਚੰਡੀਗੜ੍ਹ ਯੂਨੀਵਰਸਿਟੀ 'ਚ ਹੋ ਕੁਝ ਹੋਇਆ ਉਹ ਬਹੁਤ ਮੰਦਭਾਗਾ ਹੈ। ਇਹ ਸਾਡੇ ਲਈ ਆਪਣੀਆਂ ਭੈਣਾਂ ਨਾਲ ਖੜ੍ਹੇ ਹੋਣ ਤੇ ਇੱਕ ਜ਼ਿੰਮੇਵਾਰ ਸਮਾਜ ਦੀ ਮਿਸਾਲ ਪੇਸ਼ ਕਰਨ ਦਾ ਸਮਾਂ ਹੈ। ਇਹ ਪੀੜਤਾਂ ਲਈ ਨਹੀਂ, ਸਾਡੇ ਲਈ ਪ੍ਰੀਖਿਆ ਦੀ ਘੜੀ ਹੈ। ਜ਼ਿੰਮੇਵਾਰ ਬਣੋ।'

# ਸੋਕੇ ਅਤੇ ਹੜ੍ਹਾਂ ਤੋਂ ਦੁਨੀਆ ਆਪਣਾ ਬਚਾਅ ਕਿਵੇਂ ਕਰੇ?



ਡਾ. ਗੁਰਿੰਦਰ ਕੌਰ
001-408-493-9776

22 ਅਗਸਤ 2022 ਨੂੰ "ਦਿ ਜੌਇਨਟ ਰਿਸਰਚ ਸੈਂਟਰ, ਦਿ ਯੂਰਪੀਅਨ ਕਮਿਸ਼ਨ'ਜ਼ ਸਾਇੰਸ ਐਂਡ ਨੌਲੇਜ ਸਰਵਿਸ" ਦੀ ਜਾਰੀ ਹੋਈ ਇਕ ਰਿਪੋਰਟ ਅਨੁਸਾਰ ਇਸ ਸਾਲ ਅੱਤ ਦੀ ਗਰਮੀ ਪੈਣ ਕਾਰਨ ਯੂਰਪ ਮਹਾਦੀਪ ਦਾ ਦੋ-ਤਿਹਾਈ ਹਿੱਸਾ ਪਿਛਲੇ 500 ਸਾਲਾਂ ਵਿਚ ਪੈਣ ਵਾਲਾ ਸਭ ਤੋਂ ਭਿਆਨਕ ਸੋਕਾ ਹੰਢਾ ਰਿਹਾ ਹੈ। ਇਹ ਸੋਕਾ ਇੰਨਾ ਭਿਆਨਕ ਹੈ ਕਿ ਯੂਰਪ ਦੀਆਂ ਕਈ ਲੋਇਰ, ਰਾਈਨ, ਡੈਨਿਯੂਬ, ਪੌ ਵਰਗੀਆਂ ਵੱਡੀਆਂ ਨਦੀਆਂ ਦਾ ਜਲ ਪੱਧਰ ਬਹੁਤ ਹੀ ਨੀਵੇਂ ਪੱਧਰ ਉੱਤੇ ਪਹੁੰਚ ਗਿਆ। ਫਰਾਂਸ ਦੀ ਲੋਇਰ ਨਦੀ ਵਿਚ ਕੁਝ ਥਾਵਾਂ ਉੱਤੇ ਪਾਣੀ ਇੰਨਾ ਘਟ ਗਿਆ ਹੈ ਕਿ ਉਸਨੂੰ ਤੁਰ ਕੇ ਪਾਰ ਕੀਤਾ ਜਾ ਸਕਦਾ ਹੈ। ਇਟਲੀ ਦੀ ਪੌ ਨਦੀ ਦਾ ਜਲ ਪੱਧਰ 85 ਫ਼ੀਸਦ ਘਟ ਗਿਆ ਹੈ। ਇੰਗਲੈਂਡ ਦੇ ਪ੍ਰਸਿੱਧ ਦਰਿਆ ਥੇਮਜ਼ ਦਾ ਸਰੋਤ ਆਪਣੇ ਇਤਿਹਾਸਕ ਥਾਂ ਤੋਂ 5 ਮੀਲ ਥੱਲੇ ਵੱਲ ਖਿਸਕ ਗਿਆ ਹੈ। ਯੂਰਪ ਦੇ ਨਾਲ ਨਾਲ ਚੀਨ, ਅਮਰੀਕਾ, ਅਤੇ ਅਫ਼ਰੀਕਾ ਦੇ ਕੁਝ ਦੇਸ ਵੀ ਅੱਜਕੱਲ੍ਹ ਭਿਆਨਕ ਸੋਕੇ ਦੀ ਲਪੇਟ ਵਿਚ ਆਏ ਹੋਏ ਹਨ।

ਚੀਨ ਦੀ ਸਭ ਤੋਂ ਵੱਡੀ ਨਦੀ ਯਾਂਗਸੀ ਦੇ ਪਾਣੀ ਦਾ ਪੱਧਰ ਆਪਣੇ ਔਸਤ ਜਲ ਪੱਧਰ ਤੋਂ 50 ਫ਼ੀਸਦ ਘਟ ਗਿਆ ਹੈ ਅਤੇ ਚੀਨ ਦੀ ਸਭ ਤੋਂ ਵੱਡੀ ਝੀਲ ਪੌਯਾਂਗ ਵੀ ਸੁੱਕ ਰਹੀ ਹੈ। ਪੌਯਾਂਗ ਝੀਲ ਵਿਚ ਇਸ ਦੀ ਸਮਰੱਥਾ ਦਾ ਸਿਰਫ਼ ਇਕ-ਚੌਥਾਈ ਪਾਣੀ ਰਹਿ ਗਿਆ ਹੈ। ਚੀਨ ਦੀ ਯਾਂਗਸੀ ਨਦੀ ਉੱਤੇ ਦੇਸ ਦੀ 450 ਮਿਲੀਅਨ ਆਬਾਦੀ ਦੀ ਰੋਜ਼ੀ-ਰੋਟੀ ਨਿਰਭਰ ਕਰਦੀ ਹੈ। ਇੱਥੋਂ ਦੀਆਂ ਇਕ-ਤਿਹਾਈ ਫ਼ਸਲਾਂ ਨੂੰ ਸਿੰਚਾਈ ਲਈ ਪਾਣੀ ਅਤੇ ਬਹੁਤ ਸਾਰੀਆਂ ਉਦਯੋਗਿਕ ਇਕਾਈਆਂ ਨੂੰ ਪਾਣੀ ਅਤੇ ਬਿਜਲੀ ਯਾਂਗਸੀ ਨਦੀ ਉੱਤੇ ਲੱਗੇ ਬਹੁਮੁੱਖੀ ਪ੍ਰੋਜੈਕਟਾਂ ਤੋਂ ਮਿਲਦੇ ਹਨ। ਨਦੀ ਵਿਚ ਪਾਣੀ ਦੀ ਕਮੀ ਹੋਣ ਕਾਰਨ ਪਣਬਿਜਲੀ ਪ੍ਰੋਜੈਕਟ ਲੋੜੀਂਦੀ ਮਾਤਰਾ ਵਿਚ ਬਿਜਲੀ ਪੈਦਾ ਕਰਨ ਤੋਂ ਅਸਮਰੱਥ ਹੋ ਗਏ ਹਨ। ਨਤੀਜੇ ਵਜੋਂ, ਕੁਝ ਖੇਤਰਾਂ ਵਿਚ ਬਿਜਲੀ ਅਤੇ ਪਾਣੀ ਦੀ ਪੂਰਤੀ ਸੀਮਤ ਕਰ ਦਿੱਤੀ ਗਈ ਹੈ। ਬਿਜਲੀ ਦੀ ਖ਼ਪਤ ਨੂੰ ਘੱਟ ਕਰਨ ਲਈ ਚੀਨ ਸਰਕਾਰ ਨੂੰ ਸ਼ੰਘਾਈ ਸ਼ਹਿਰ ਵਿਚਲੀਆਂ ਸਜਾਵਟੀ ਰੋਸ਼ਨੀ ਲਈ ਲਗਾਈਆਂ ਬੱਤੀਆਂ ਬੰਦ ਕਰਨੀ ਪੈ ਗਈਆਂ ਹਨ।

ਨਾਸਾ ਦੀ 22 ਅਗਸਤ, 2022 ਦੀ ਇਕ ਰਿਪੋਰਟ ਅਨੁਸਾਰ ਅਮਰੀਕਾ ਦੇ ਪੱਛਮੀ ਖੇਤਰ ਵਿਚ ਵਗਦੇ ਕੋਲੋਰਾਡੋ ਦਰਿਆ ਦਾ ਜਲ ਪੱਧਰ ਉਸ ਦੀ ਔਸਤ ਸਮਰੱਥਾ ਤੋਂ ਘਟਕੇ 34 ਫ਼ੀਸਦ ਅਤੇ ਦੋ ਵੱਡੀਆਂ ਝੀਲਾਂ ਮੀਡ ਅਤੇ ਪਾਵੇਲ ਵਿਚ ਕਰਮਵਾਰ 28 ਅਤੇ 26 ਫ਼ੀਸਦ ਰਹਿ ਗਿਆ ਹੈ। ਆਮ ਤੌਰ ਉੱਤੇ ਠੰਡੇ ਦੇਸਾਂ ਵਿਚ ਗਰਮੀਆਂ ਵਿਚ ਬਰਫ਼ ਪਿਘਲਣ ਕਾਰਨ ਨਦੀਆਂ/ਦਰਿਆ ਪਾਣੀ ਨਾਲ ਭਰੇ ਹੁੰਦੇ ਹਨ। ਪਰ ਇਸ ਸਾਲ ਗਰਮੀ ਜ਼ਿਆਦਾ ਪੈਣ ਕਾਰਨ ਸੁੱਕ ਰਹੇ ਹਨ। ਨੇਚਰ ਕਲਾਈਮੇਟ ਜਰਨਲ ਵਿਚ 14 ਫਰਵਰੀ 2022 ਨੂੰ ਛਪੇ ਇਕ ਖੋਜ ਅਧਿਐਨ ਅਨੁਸਾਰ ਅਮਰੀਕਾ ਦਾ ਪੱਛਮੀ ਖੇਤਰ ਪਿਛਲੇ ਦੋ ਦਹਾਕਿਆਂ ਤੋਂ 1200 ਸਾਲਾਂ ਦੇ ਅਰਸੇ ਦਾ ਸਭ ਤੋਂ ਵੱਡਾ ਸੋਕਾ ਹੰਢਾ ਰਿਹਾ ਹੈ। ਸੋਕੇ ਦੀ ਮਾਰ ਨਾਲ ਸਿਰਫ਼ ਚੀਨ, ਅਮਰੀਕਾ, ਅਤੇ ਯੂਰਪ ਦੇ ਦੇਸ ਹੀ ਹਾਲੋਂ-ਬੇਹਾਲ ਨਹੀਂ ਹੋਏ ਹੋਏ ਹਨ, ਸਗੋਂ ਇਸ ਸੋਕੇ ਦੀ ਮਾਰ ਅਫਰੀਕਾ ਦੇ ਕੁਝ ਦੇਸਾਂ ਉੱਤੇ ਵੀ ਬੁਰੀ ਤਰ੍ਹਾਂ ਪੈ ਰਹੀ ਹੈ। ਯੂਨਾਈਟਡ ਨੇਸਨਜ਼ ਦੀ 19 ਅਗਸਤ, 2022 ਦੀ ਇਕ ਰਿਪੋਰਟ ਅਨੁਸਾਰ ਪੂਰਬੀ ਅਫਰੀਕਾ ਦੇ ਕੀਨੀਆ, ਇਥੋਪੀਆ, ਅਤੇ ਸੋਮਾਲੀਆ ਦੇਸਾਂ ਵਿਚ ਲਗਾਤਾਰ ਚੌਥੇ ਸਾਲ ਸੋਕਾ ਪੈ ਰਿਹਾ ਹੈ ਜਿਸ ਨਾਲ ਇਨ੍ਹਾਂ ਦੇਸਾਂ ਦੇ 22 ਮਿਲੀਅਨ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਸਕਦੇ ਹਨ।

ਦੁਨੀਆ ਦੇ ਵੱਖ ਵੱਖ ਦੇਸਾਂ ਵਿਚ ਭਿਆਨਕ ਸੋਕਾ ਪੈਣ ਅਤੇ ਜਲ ਸਰੋਤਾਂ (ਨਦੀਆ, ਝੀਲਾਂ) ਦੇ ਜਲ ਪੱਧਰ ਘਟਣ ਦਾ ਮੁੱਖ ਕਾਰਨ ਮਨੁੱਖੀ ਗਤੀਵਿਧੀਆਂ ਦੁਆਰਾ ਧਰਤੀ ਦੇ ਔਸਤ ਤਾਪਮਾਨ ਵਿਚ ਹੋਇਆ ਵਾਧਾ ਹੈ। ਤਾਪਮਾਨ ਦੇ ਵਾਧੇ ਕਾਰਨ ਗਰਮੀਆਂ ਦੀ ਰੁੱਤ ਲੰਬੀ ਅਤੇ ਸਰਦੀਆਂ ਦੀ ਰੁੱਤ ਛੋਟੀ ਹੁੰਦੀ ਜਾ ਰਹੀ ਹੈ। ਦਿਨ ਦੇ ਔਸਤ ਤਾਪਮਾਨ ਵਿਚ ਵਾਧੇ ਦੇ ਨਾਲ ਨਾਲ ਰਾਤ ਦੇ ਔਸਤ ਤਾਪਮਾਨ ਵਿਚ ਵੀ ਵਾਧਾ ਹੋ ਰਿਹਾ ਹੈ। ਇਸ ਸਾਲ (2022) ਦੁਨੀਆ ਦੇ ਲੱਗਭੱਗ ਸਾਰੇ ਦੇਸਾਂ ਵਿਚ ਗਰਮੀਆਂ ਦੀ ਰੁੱਤ ਬਸੰਤ ਰੁੱਤ ਨੂੰ ਲਾਂਭੇ ਕਰਦੀ ਹੋਈ ਸਮੇਂ ਤੋਂ ਪਹਿਲਾਂ ਮਾਰਚ ਵਿਚ ਹੀ ਆ ਗਈ। ਤਾਪਮਾਨ ਦੇ ਇਸ ਵਾਧੇ ਦਾ ਅਸਰ ਅਨਟਰਾਕਟਿਕ ਅਤੇ ਆਰਕਟਿਕ ਦੇ ਤਾਪਮਾਨ ਉੱਤੇ ਵੀ ਪੈ ਰਿਹਾ ਹੈ। ਮਾਰਚ ਦੇ ਮਹੀਨੇ ਵਿਚ ਅਨਟਾਰਕਟਿਕ ਦੇ ਕੋਨਕੋਰਡੀਆ ਰਿਸਰਚ ਸਟੇਸ਼ਨ ਉੱਤੇ ਔਸਤ ਤਾਪਮਾਨ ਵਿਚ 40 ਡਿਗਰੀ ਸੈਲਸੀਅਸ ਦਾ ਵਾਧਾ ਅਤੇ ਆਰਕਟਿਕ ਦੇ ਸਵਾਲਬਲਾਡ ਰਿਸਰਚ ਸਟੇਸ਼ਨ ਉੱਤੇ ਵੀ 30 ਡਿਗਰੀ ਸੈਲਸੀਅਸ ਦਾ ਵਾਧਾ ਰਿਕਾਰਡ ਕੀਤਾ ਗਿਆ ਹੈ। ਸਰਦੀਆਂ ਵਿਚ ਘਟ ਮੀਂਹ ਕਾਰਨ ਪਹਿਲਾਂ ਗਰਮੀਆਂ ਅਗੇਤੀਆਂ ਆਈਆਂ, ਅਗੇਤੀਆਂ ਗਰਮੀਆਂ ਕਾਰਨ ਗਰਮ ਲਹਿਰਾਂ ਵੀ ਅਗੇਤੀਆਂ ਆ ਗਈਆਂ। ਗਰਮੀਆਂ ਦੀ ਰੁੱਤ ਲੰਬੀ ਅਤੇ ਜ਼ਿਆਦਾ ਗਰਮ ਹੋਣ ਕਰਕੇ ਇਸ ਨਾਲ ਇਕ ਪਾਸੇ ਜੰਗਲੀ ਅੱਗਾਂ ਦੀ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ ਅਤੇ ਦੂਜੇ ਪਾਸੇ, ਤਾਪਮਾਨ ਦੇ ਵਾਧੇ ਕਾਰਨ ਏਅਰਕੰਡੀਸ਼ਨਰਾਂ ਦੀ ਵੱਧ ਵਰਤੋਂ ਹੋਣ ਕਾਰਨ ਵਾਤਾਵਰਨ ਵਿਚ ਵੱਡੀ ਮਾਤਰਾ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਹੋਈ ਹੈ। ਨਤੀਜੇ ਵਜੋਂ ਧਰਤੀ ਦੇ ਜ਼ਿਆਦਾ ਗਰਮ ਹੋਣ ਦਾ ਅਸਰ ਸਾਰੇ ਜਲ ਸਰੋਤਾਂ ਉੱਤੇ ਪਿਆ ਅਤੇ ਉਨ੍ਹਾਂ ਦਾ ਪਾਣੀ ਤੇਜ਼ੀ ਨਾਲ ਭਾਫ਼ ਬਣ ਕੇ ਉਡਣਾ ਸ਼ੁਰੂ ਹੋ ਗਿਆ।

ਅਸਲ ਧਰਤੀ ਇਕ ਕਾਰਜਸ਼ੀਲ ਇਕਾਈ ਹੈ ਜਿਸ ਨੂੰ ਦੋ ਤਰ੍ਹਾਂ ਦੇ ਤੱਤ, ਜੈਵਿਕ ਅਤੇ ਅਜੈਵਿਕ, ਚਲਾਉਂਦੇ ਹਨ। ਜੇਕਰ ਇਨ੍ਹਾਂ ਵਿਚੋਂ ਕਿਸੇ ਤੱਤ ਵਿਚ ਤਬਦੀਲੀ ਆਉਂਦੀ ਹੈ ਤਾਂ ਉਸ ਦਾ ਅਸਰ ਆਪਮੁਹਾਰੇ ਹੀ ਦੂਜੇ ਉੱਤੇ ਪੈ ਜਾਂਦਾ ਹੈ ਜੋ ਇਕ ਚੱਕਰਵਿਊ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ। ਸੋ, ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਕਾਰਨ ਧਰਤੀ ਦੀ ਕਾਰਜਸ਼ੈਲੀ ਗੜਬੜਾ ਗਈ ਹੈ। ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ ਹੁਣ 1.1 ਡਿਗਰੀ ਸੈਲਸੀਅਸ ਵਧ ਚੁਕਿਆ ਹੈ। 2014 ਵਿਚ ਆਈ.ਪੀ.ਸੀ.ਸੀ. ਦੀ ਪੰਜਵੀਂ ਰਿਪੋਰਟ ਨੇ ਸਪਸ਼ਟ ਸ਼ਬਦਾਂ ਵਿਚ ਖੁਲਾਸਾ ਕੀਤਾ ਸੀ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਸੋਕੇ, ਹੜ੍ਹਾਂ, ਥੋੜ੍ਹੇ ਸਮੇਂ ਵਿਚ ਜ਼ਿਆਦਾ ਮੀਂਹ ਅਤੇ ਬਰਫ਼ਬਾਰੀ ਦੀਆਂ ਘਟਨਾਵਾਂ, ਗਰਮ ਅਤੇ ਠੰਡੀਆਂ ਲਹਿਰਾਂ ਅਤੇ ਚੱਕਰਵਾਤਾਂ ਅਤੇ ਸੁਨਾਮੀ ਵਰਗੀਆਂ ਕੁਦਰਤੀ ਆਫ਼ਤਾਂ ਦੀ ਆਮਦ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਬੇਸ਼ੁਮਾਰ ਵਾਧਾ ਹੋ ਜਾਵੇਗਾ। ਭਾਵੇਂ ਇਸ ਰਿਪੋਰਟ ਦੇ ਚਿਤਾਵਨੀਆਂ ਅਤੇ ਚਿੰਤਾਭਰਪੂਰ ਖੁਲਾਸੇ ਤੋਂ ਡਰਦਿਆਂ ਦੁਨੀਆਂ ਦੇ ਸਾਰੇ ਦੇਸਾਂ ਨੇ 2015 ਵਿਚ 'ਪੈਰਿਸ ਮੌਸਮੀ ਸਮਝੌਤੇ' ਤਹਿਤ ਗਰੀਨਹਾਊਸ ਦੀ ਨਿਕਾਸੀ ਵਿਚ ਕਟੌਤੀ ਕਰਨ ਦੀ ਰੂਪਰੇਖਾ ਤਾਂ ਤਿਆਰ ਕਰ ਲਈ ਸੀ, ਪਰ ਉਸ ਉੱਤੇ ਸੰਜੀਦਗੀ ਨਾਲ ਹਾਲੇ ਤੱਕ ਅਮਲ ਕਰਨਾ ਸ਼ੁਰੂ ਨਹੀਂ ਕੀਤਾ ਹੈ। ਨਤੀਜੇ ਵਜੋਂ, ਅੱਜਕੱਲ੍ਹ ਦੁਨੀਆ ਦੇ ਸਾਰੇ ਦੇਸ ਆਏ ਦਿਨ ਕਿਸੇ ਨਾ ਕਿਸੇ ਕੁਦਰਤੀ ਆਫ਼ਤ ਦੀ ਲਪੇਟ ਵਿਚ ਆਏ ਰਹਿੰਦੇ ਹਨ।



ਨਦੀਆਂ/ਦਰਿਆਵਾਂ ਵਿਚ ਘਟ ਰਹੇ ਜਲ ਪੱਧਰ ਲਈ ਮੌਸਮੀ ਤਬਦੀਲੀਆਂ ਦੇ ਨਾਲ ਨਾਲ ਮਨੁੱਖਾਂ ਦੁਆਰਾ ਨਦੀਆਂ/ਦਰਿਆਵਾਂ ਨਾਲ ਕੀਤੀ ਜਾ ਰਹੀ ਬੇਤਹਾਸ਼ਾ ਛੇੜਛਾੜ ਵੀ ਹੈ। ਮਨੁੱਖ ਨੇ ਫ਼ਸਲਾਂ ਦੀ ਸਿੰਚਾਈ, ਪੀਣ ਵਾਲੇ ਪਾਣੀ ਅਤੇ ਪਣਬਿਜਲੀ ਵਰਗੀਆਂ ਲੋੜਾਂ ਪੂਰੀਆਂ ਕਰਨ ਲਈ ਨਦੀਆਂ ਉੱਤੇ ਅਣਗਿਣਤ ਬੰਨ੍ਹ ਬਣਾ ਦਿੱਤੇ ਹਨ। ਇਨ੍ਹਾਂ ਬੰਨ੍ਹਾਂ ਪਿੱਛੇ ਬਣਾਈਆਂ ਗਈਆਂ ਝੀਲਾਂ ਵਿਚ ਨਦੀਆਂ ਦਾ ਬਹੁਤ ਸਾਰਾ ਪਾਣੀ ਜਮ੍ਹਾਂ ਕਰ ਲਿਆ ਜਾਂਦਾ ਹੈ। ਇਸਦੇ ਨਤੀਜੇ ਵਜੋਂ ਕੁਝ ਨਦੀਆਂ ਮੈਦਾਨੀ ਇਲਾਕਿਆਂ ਵਿਚੋਂ ਬਹੁਤ ਹੀ ਥੋੜ੍ਹੇ ਪਾਣੀ ਨਾਲ ਵਹਿੰਦੀਆਂ ਹਨ। ਨਦੀਆਂ/ਦਰਿਆ ਕਿਸੇ ਵੀ ਦੇਸ ਦੀ ਅਮੀਰ ਵਿਰਾਸਤ ਦਾ ਹਿੱਸਾ ਹੁੰਦੇ ਹਨ। ਜੇਕਰ ਇਕ ਨਦੀ ਸੁੱਕਦੀ ਹੈ ਤਾਂ ਉਸ ਖੇਤਰ ਦੀ ਅਨਮੋਲ ਵਿਰਾਸਤ ਵੀ ਖੁੱਸ ਜਾਂਦੀ ਹੈ। ਦੁਨੀਆ ਦੀਆਂ ਸਾਰੀਆਂ ਸਭਿਆਤਾਵਾਂ ਦਾ ਜਨਮ ਨਦੀਆਂ/ਦਰਿਆਵਾਂ ਦੇ ਕਿਨਾਰਿਆਂ ਉੱਤੇ ਹੀ ਹੋਇਆ ਹੈ ਕਿਉਂਕਿ ਨਦੀਆਂ ਤੋਂ ਫ਼ਸਲਾਂ ਦੀ ਸਿੰਚਾਈ ਲਈ ਪਾਣੀ, ਉਪਜਾਊ ਮਿੱਟੀ, ਅਤੇ ਖ਼ੁਸ਼ਗਵਾਰ ਮੌਸਮ ਦੇ ਨਾਲ ਨਾਲ ਪੀਣ ਲਈ ਪਾਣੀ ਵੀ ਆਸਾਨੀ ਨਾਲ ਮਿਲ ਜਾਂਦਾ ਹੈ। ਨਦੀਆਂ/ਦਰਿਆਵਾਂ ਨੇ ਧਰਤੀ ਨੂੰ ਤਰ੍ਹਾਂ ਤਰ੍ਹਾਂ ਦੇ ਲੈਂਡਸਕੇਪਜ਼ ਨਾਲ ਨਵਾਜ ਕੇ ਉਸ ਦੀ ਸੁੰਦਰਤਾ ਵਿਚ ਅਥਾਹ ਵਾਧਾ ਕੀਤਾ। ਪਹਾੜੀ ਇਲਾਕਿਆਂ ਵਿਚ ਤੇਜ਼ ਰਫ਼ਤਾਰ ਨਾਲ ਵਹਿੰਦੀਆਂ ਨਦੀਆਂ ਨੇ ਪਹਾੜਾਂ ਨੂੰ ਕੱਟ ਕੇ ਵੀ-ਸ਼ੇਪਡ ਵੈਲੀਜ਼ (ਡੂੰਘੀਆਂ ਖਾਈਆਂ), ਮੈਦਾਨੀ ਇਲਾਕਿਆਂ ਵਿਚ ਔਕਸ ਬੋ ਝੀਲਾਂ ਅਤੇ ਸਮੁੰਦਰਾਂ ਦੇ ਤੱਟੀ ਖੇਤਰਾਂ ਵਿਚ ਤਰ੍ਹਾਂ ਤਰ੍ਹਾਂ ਦੇ ਡੈਲਟੇ ਬਣਾਏ ਹਨ। ਨਦੀਆਂ ਉੱਤੇ ਬੰਨ੍ਹ ਬਣਾ ਦੇਣ ਨਾਲ ਨਦੀਆਂ ਵਿਚਲਾ ਬਹੁਤਾ ਪਾਣੀ ਪਣ-ਬਿਜਲੀ ਬਣਾਉਣ ਲਈ ਡੈਮ ਪਿਛਲੀਆਂ ਝੀਲਾਂ ਵਿਚ ਇਕੱਠਾ ਕਰ ਲਿਆ ਜਾਂਦਾ ਹੈ ਜਿਸ ਕਾਰਨ ਨਦੀਆਂ ਮੈਦਾਨੀ ਖੇਤਰਾਂ ਵਿਚਲੀਆਂ ਔਕਸ ਬੋ ਝੀਲਾਂ ਅਤੇ ਸਮੁੰਦਰ ਦੇ ਮੁਹਾਣਿਆ ਉੱਤੇ ਡੈਲਟਾ ਬਣਾਉਣ ਤੋਂ ਅਸਮਰੱਥ ਹੋ ਗਈਆਂ ਹਨ।

ਨਦੀਆਂ ਸਾਨੂੰ ਪਾਣੀ ਦਿੰਦੀਆਂ ਹਨ। ਜੇਕਰ ਨਦੀਆਂ ਸੁੱਕ ਰਹੀਆਂ ਹਨ ਤਾਂ ਕਾਫ਼ੀ ਦੇਸਾਂ ਨੂੰ ਪੀਣ ਵਾਲੇ ਪਾਣੀ ਦੀ ਦਿੱਕਤ ਆ ਜਾਵੇਗੀ। ਇਟਲੀ ਦੀ 30 ਤੋਂ 40 ਫ਼ੀਸਦ ਧਾਨ ਦੀ ਖੇਤੀ ਪੌ ਦਰਿਆ ਉੱਤੇ ਅਤੇ ਚੀਨ ਦੀ 450 ਮਿਲੀਅਨ ਆਬਾਦੀ ਖੇਤੀ ਲਈ ਯਾਂਗਸੀ ਨਦੀ ਉੱਤੇ ਨਿਰਭਰ ਕਰਦੀ ਹੈ। ਨਦੀਆਂ ਵਿਚ ਪਾਣੀ ਦੀ ਮਾਤਰਾ ਘਟਣ ਨਾਲ ਫ਼ਸਲਾਂ ਦਾ ਉਤਪਾਦਨ ਘਟ ਜਾਵੇਗਾ ਜਿਸ ਨਾਲ ਅਨਾਜ ਦੀ ਪੈਦਾਵਾਰ ਘੱਟ ਹੋਵੇਗੀ ਅਤੇ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਜਾਣਗੇ। ਯੂਰਪ ਦੀਆਂ ਲੋਇਰ, ਰਾਈਨ, ਡੈਨਿਯੂਬ ਆਦਿ ਨਦੀਆਂ ਯੂਰਪ ਦੀ ਅਰਥਵਿਵਸਥਾ ਦਾ ਅਹਿਮ ਹਿੱਸਾ ਹਨ। ਇਨ੍ਹਾਂ ਨਦੀਆਂ ਦੇ ਜਲ ਪੱਧਰ ਦੇ ਘਟਣ ਕਾਰਨ ਯੂਰਪੀਅਨ ਦੇਸਾਂ ਦਾ ਵਪਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਯੂਰੋਸਟੈਟ ਦੇ ਅੰਕੜਿਆਂ ਅਨੁਸਾਰ ਯੂਰਪ ਨਦੀਆਂ ਯੂਰਪੀਅਨ ਲੋਕਾਂ ਲਈ ਹਰ ਸਾਲ ਇਕ ਲੱਖ ਟਨ ਤੋਂ ਵੱਧ ਮਾਲ ਢੋਦੀਆਂ ਹਨ। ਯੂਰਪ ਦੀ ਆਰਥਿਕਤਾ ਵਿਚ ਨਦੀਆਂ ਸਲਾਨਾ ਲਗਭਗ 80 ਬਿਲੀਅਨ ਅਮਰੀਕੀ ਡਾਲਰਾਂ ਦਾ ਯੋਗਦਾਨ ਪਾਉਂਦੀਆਂ ਹਨ। ਪਾਣੀ ਕੁਦਰਤ ਦੀ ਇਕ ਅਣਮੋਲ ਦੇਣ ਹੈ ਜੋ ਹਵਾ ਤੋਂ ਬਾਅਦ ਹਰ ਤਰ੍ਹਾਂ ਦੇ ਜੈਵਿਕਾਂ ਦੀ ਦੂਜੀ ਮੁੱਢਲੀ ਲੋੜ ਹੈ। "ਜਲ ਹੈ ਤੋਂ ਜੀਵਨ ਹੈ", ਇਹ ਹਰ ਤਰ੍ਹਾਂ ਦੀ ਜ਼ਿੰਦਗੀ ਦੀ ਸਚਾਈ ਹੈ। ਜੇਕਰ ਪਾਣੀ ਖ਼ਤਮ ਹੋ ਗਿਆ ਤਾਂ ਹਰ ਤਰ੍ਹਾਂ ਜੈਵਿਕ ਖ਼ਤਮ ਹੋ ਜਾਣਗੇ। ਪਾਣੀ ਤੋਂ ਬਿਨਾਂ ਕਿਸੇ ਤਰ੍ਹਾਂ ਦੀ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੈ। ਪਾਣੀ ਜ਼ਿੰਦਗੀ ਦੇਣ ਵਾਲਾ ਕੁਦਰਤੀ ਸਰੋਤ ਹੈ। ਇਸ ਸਾਲ ਔਸਤ ਨਾਲੋਂ ਜ਼ਿਆਦਾ ਤਾਪਮਾਨ ਹੋਣ ਅਤੇ ਪਾਣੀ ਦੀ ਘਾਟ ਕਾਰਨ ਫਰਾਂਸ ਵਿਚ ਅੰਗੂਰਾਂ ਦੀ ਫ਼ਸਲ ਸਮੇਂ ਤੋਂ ਪਹਿਲਾਂ ਕੱਟੀ ਗਈ ਹੈ। ਲੋਕ ਹਮੇਸ਼ਾ ਸੋਚਦੇ ਹਨ ਕਿ ਪਾਣੀ ਇਕ ਅਟੁੱਟ ਅਤੇ ਅਮੁੱਕ ਸੋਮਾ ਹੈ, ਪਰ ਇਸ ਸਾਲ ਦੇ ਸੋਕੇ ਨੇ ਇਹ ਦਿਖਾ ਦਿੱਤਾ ਹੈ ਕਿ ਅਜਿਹਾ ਨਹੀਂ ਹੈ। ਹਵਾ, ਪਾਣੀ ਆਦਿ ਕੁਦਰਤੀ ਸਰੋਤ ਹਨ। ਕੁਦਰਤੀ ਸਰੋਤ ਸੰਭਾਲੇ ਜਾ ਸਕਦੇ ਹਨ, ਬਣਾਏ ਨਹੀਂ ਜਾ ਸਕਦੇ।

ਅਫ਼ਸੋਸ ਦੀ ਗੱਲ ਹੈ ਕਿ ਦੁਨੀਆ ਦੇ ਬਹੁਤੇ ਦੇਸ ਆਰਥਿਕ ਵਿਕਾਸ ਦੀ ਅੰਨ੍ਹੀ ਦੌੜ ਵਿਚ ਪੈ ਕੇ ਸਿਰਫ਼ ਕੁਦਰਤੀ ਸਰੋਤਾਂ ਦੀ ਸੰਭਾਲ ਕਰਨੀ ਹੀ ਨਹੀਂ ਭੁੱਲ ਗਏ, ਸਗੋਂ ਇਸ ਦੇ ਨਾਲ ਨਾਲ ਕੁਦਰਤੀ ਸਰੋਤਾਂ ਦਾ ਅੰਨ੍ਹੇਵਾਹ ਉਜਾੜਾ ਵੀ ਕਰ ਰਹੇ ਹਨ। ਨਤੀਜੇ ਵਜੋਂ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਕਾਰਨ ਅਮਰੀਕਾ ਵਰਗੇ ਠੰਡੇ ਜਾਣੇ ਜਾਂਦੇ ਦੇਸ ਸਤੰਬਰ ਦੇ ਅੱਧ ਤੱਕ ਵੀ ਗਰਮ ਲਹਿਰਾਂ ਦੀ ਲਪੇਟ ਵਿਚ ਆਏ ਹਨ। ਅੱਤ ਦੀ ਗਰਮੀ ਅਤੇ ਸੋਕੇ ਕਾਰਨ ਯੂਰਪ ਦੀ ਅਰਥਵਿਵਸਥਾ ਚਰਮਰਾ ਰਹੀ ਹੈ, ਫ਼ਸਲਾਂ ਸੁੱਕ ਰਹੀਆਂ ਹਨ, ਬਨਸਪਤੀ ਮਰ ਰਹੀ ਹੈ। ਫ਼ਰਾਂਸ ਵਿਚ ਪੀਣ ਵਾਲੇ ਪਾਣੀ ਦੀ ਥੁੜ੍ਹ ਹੋਣ ਕਾਰਨ ਫ਼ਰਾਂਸ ਸਰਕਾਰ ਨੂੰ ਪਾਣੀ ਦੀ ਰਾਸ਼ਨਿੰਗ ਕਰਨੀ ਪਈ ਹੈ। ਫਰਾਂਸ ਸਰਕਾਰ ਨੇ ਕਾਰ ਧੋਣ, ਸਵਿਮਿੰਗ ਪੂਲ ਵਿਚ ਪਾਣੀ ਪਾਉਣ, ਗੋਲਫ ਕੋਰਸ, ਘਰੇਲੂ ਅਤੇ ਪਬਲਿਕ ਲਾਅਨਜ਼ ਨੂੰ ਪਾਣੀ ਲਗਾਉਣ ਉੱਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਦੁਕਾਨਾਂ ਨੂੰ ਏਅਰ-ਕੰਡੀਸ਼ਰਨ ਲਗਾਉਣ ਵੇਲੇ ਦਰਵਾਜ਼ੇ ਬੰਦ ਕਰਕੇ ਰੱਖਣ ਦੀ ਹਦਾਇਤ ਦਿੱਤੀ ਹੈ। ਦੂਜੇ ਪਾਸੇ, ਇਸੇ ਸਾਲ ਹੜ੍ਹਾਂ ਨੇ ਪਾਕਿਸਤਾਨ, ਇੰਡੋਨੇਸ਼ੀਆ, ਪੱਛਮੀ ਅਤੇ ਮੱਧ ਅਫਰੀਕਾ ਦੇ 17 ਦੇਸਾਂ ਅਤੇ ਚੀਨ ਅਤੇ ਦੱਖਣੀ ਕੋਰੀਆ ਦੇ ਸ਼ਹਿਰਾਂ ਵਿਚ ਭਾਰੀ ਤਬਾਹੀ ਮਚਾਈ ਹੈ।

ਅਮਰੀਕਾ ਦਾ ਕੈਲੇਫੋਰੀਆ ਰਾਜ ਅੱਜਕੱਲ੍ਹ ਸੋਕੇ ਅਤੇ ਗਰਮ ਲਹਿਰਾਂ ਦੀ ਲਪੇਟ ਵਿਚ ਆਇਆ ਹੋਇਆ ਹੈ। ਪਿਛਲੇ ਕੁਝ ਸਾਲਾਂ ਤੋਂ ਇਸ ਰਾਜ ਦਾ ਮੌਸਮ ਬਹੁਤ ਅਨਿਸ਼ਚਤਤਾ ਵਾਲਾ ਰਿਹਾ ਹੈ। ਕੁਝ ਸਾਲ ਬਹੁਤ ਹੀ ਖੁਸ਼ਕ ਅਤੇ ਸੋਕੇ ਵਾਲੇ ਅਤੇ ਕੁਝ ਸਾਲ ਬਹੁਤ ਹੀ ਜ਼ਿਆਦਾ ਮੀਂਹ ਵਾਲੇ ਰਹੇ। ਸਵੈਨ ਅਤੇ ਉਸ ਦੇ ਖੋਜਾਰਥੀ ਸਾਥੀਆਂ ਦੇ ਇਕ ਖੋਜ ਅਧਿਐਨ ਅਨੁਸਾਰ ਅਗਲੀ ਸਦੀ ਵਿਚ ਅਮਰੀਕਾ ਦੇ ਪੱਛਮੀ ਖੇਤਰ ਵਿਚ ਸੋਕੇ ਅਤੇ ਮੀਂਹ ਦੀਆਂ ਘਟਨਾਵਾਂ ਵਿਚ 25 ਤੋਂ 100 ਫ਼ੀਸਦ ਵਾਧੇ ਦਾ ਅਨੁਮਾਨ ਹੈ। ਇਹੋ ਜਿਹਾ ਅਜੀਬ ਵਰਤਾਰਾ ਕੇਵਲ ਅਮਰੀਕਾ ਦੇ ਕੈਲੇਫੋਰੀਆ ਰਾਜ ਵਿਚ ਹੀ ਸਾਹਮਣੇ ਨਹੀਂ ਆ ਰਿਹਾ ਹੈ। ਦਿ ਕੌਂਸਿਲ ਔਨ ਅਨਰਜੀ, ਇੰਨਵਾਇਰਨਮੈਂਟ ਐਂਡ ਵਾਟਰ, ਇੰਡੀਆ ਵੱਲੋਂ 2020 ਵਿਚ ਜਾਰੀ ਕੀਤੀ ਇਕ ਰਿਪੋਰਟ ਅਨੁਸਾਰ ਭਾਰਤ ਦੇ 40 ਫ਼ੀਸਦ ਜ਼ਿਲ੍ਹਿਆਂ ਵਿਚ ਇਕ ਬਹੁਤ ਅਜੀਬ ਵਰਤਾਰਾ ਸਾਹਮਣੇ ਆਇਆ ਹੈ, ਰਵਾਇਤੀ ਤੌਰ ਉੱਤੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਸੋਕੇ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ, ਜਦੋਂਕਿ ਦੂਜੇ ਪਾਸੇ ਸੋਕੇ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਹੜ੍ਹਾਂ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ।

ਤਾਪਮਾਨ ਦੇ ਵਾਧੇ ਕਾਰਨ ਆ ਰਹੀਆਂ ਕੁਦਰਤੀ ਆਫ਼ਤਾਂ ਦੀਆਂ ਵਧਦੀਆਂ ਘਟਨਾਵਾਂ ਉੱਤੇ ਕਾਬੂ ਪਾਉਣ ਲਈ ਸਾਰੇ ਦੇਸਾਂ ਨੂੰ ਰਲਮਿਲ ਕੇ ਅੰਤਰਰਾਸ਼ਟਰੀ ਪੱਧਰ ਉੱਤੇ ਅਤੇ ਆਪਣੇ ਆਪਣੇ ਦੇਸ ਵਿਚ ਰਾਸ਼ਟਰੀ ਪੱਧਰ ਤੋਂ ਲੈ ਕੇ ਸਥਾਨਕ ਪੱਧਰ ਤੱਕ ਉਪਰਾਲੇ ਕਰਨ ਦੀ ਲੋੜ ਹੈ। ਅਪ੍ਰੈਲ 2022 ਨੂੰ ਜਾਰੀ ਕੀਤੀ ਗਈ ਆਈ.ਪੀ.ਸੀ.ਸੀ. ਦੀ ਤੀਜੀ ਰਿਪੋਰਟ ਅਨੁਸਾਰ ਅੰਤਰਰਾਸ਼ਟਰੀ ਪੱਧਰ ਉੱਤੇ ਜਿਹੜੇ ਉਪਰਾਲੇ ਹੁਣ ਤੱਕ ਕੀਤੇ ਗਏ ਹਨ ਉਹ ਲੋੜ ਤੋਂ ਬਹੁਤ ਘੱਟ ਹਨ। ਨਤੀਜੇ ਵੱਜੋਂ ਹਾਲੇ ਵੀ ਵਾਤਾਵਰਨ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਦੁਨੀਆ ਦੇ ਸਾਰੇ ਦੇਸ ਅਣਕਿਆਸੀਆਂ ਆਫ਼ਤਾਂ ਦੇ ਸਨਮੁੱਖ ਹੋ ਰਹੇ ਹਨ। ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਲਈ ਸਭ ਤੋਂ ਪਹਿਲਾਂ ਹਰ ਇਕ ਦੇਸ ਨੂੰ ਆਵਾਜਾਈ ਦੇ ਸਾਧਨਾਂ ਅਤੇ ਉਨ੍ਹਾਂ ਲਈ ਵਰਤੀ ਜਾਂਦੀ ਊਰਜਾ ਦੇ ਸਰੋਤਾਂ ਵਿਚ ਇਕ-ਸਿਰੇ ਤੋਂ ਫੇਰ-ਬਦਲ ਕਰਨਾ ਚਾਹੀਦਾ ਹੈ। ਊਰਜਾ ਕੋਲੇ, ਤੇਲ, ਗੈਸ, ਅਤੇ ਡੀਜ਼ਲ ਦੀ ਥਾਂ ਉੱਤੇ ਹਵਾ ਅਤੇ ਸੂਰਜ ਵਰਗੇ ਨਵਿਆਉਣਯੋਗ ਸਾਧਨਾਂ ਤੋਂ ਪੈਦਾ ਕਰਨੀ ਚਾਹੀਦੀ ਹੈ।

ਗਰੀਨਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰਨ ਲਈ ਅੱਜਕੱਲ੍ਹ ਵਿਕਸਤ ਦੇਸ ਡੀਜ਼ਲ ਅਤੇ ਪੈਟਰੋਲ ਦੀ ਥਾਂ ਉੱਤੇ ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਉੱਤੇ ਜ਼ੋਰ ਦੇ ਰਹੇ ਹਨ ਜਿਹੜਾ ਇਕ ਉੱਚਿਤ ਵਿਕਲਪ ਨਹੀਂ ਹੈ। ਪਹਿਲਾ ਪੱਖ ਤਾਂ ਇਹ ਹੈ ਕਿ ਕਾਰਾਂ ਨੂੰ ਚਲਾਉਣ ਲਈ ਬਿਜਲੀ (ਊਰਜਾ) ਕਿਸ ਸਰੋਤ ਤੋਂ ਪੈਦਾ ਕੀਤੀ ਜਾਵੇਗੀ? ਜੇਕਰ ਇਹ ਸਰੋਤ ਫੇਰ ਕੋਲਾ ਹੀ ਹੈ ਤਾਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਘਟਣ ਦੀ ਥਾਂ ਹੋਰ ਵਧ ਜਾਵੇਗੀ। ਦੂਜਾ ਪੱਖ ਇਹ ਹੈ ਕਿ ਵਧ ਰਹੀ ਆਬਾਦੀ ਕਾਰਨ ਕਾਰਾਂ ਦੀ ਗਿਣਤੀ ਵੀ ਦਿਨੋ-ਦਿਨ ਵਧ ਰਹੀ ਹੈ ਜਿਨ੍ਹਾਂ ਲਈ ਵੱਧ ਚੌੜੀਆਂ ਸੜਕਾਂ ਅਤੇ ਪਾਰਕਿੰਗ ਥਾਵਾਂ ਦੀ ਲੋੜ ਪਵੇਗੀ।

ਨਤੀਜੇ ਵਜੋਂ, ਅਸੀਂ ਧਰਤੀ ਉੱਤੋਂ ਹੋਰ ਦਰਖ਼ਤ ਕਟਾਂਗੇ ਜਿਸ ਨਾਲ ਜੰਗਲਾਂ ਥੱਲੇ ਰਕਬਾ ਹੋਰ ਘਟ ਜਾਵੇਗਾ। ਇਸ ਲਈ ਸਾਨੂੰ ਕਾਰ-ਮੁਕਤ ਬੁਨਿਆਦੀ ਢਾਂਚੇ ਅਤੇ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਹਵਾਈ ਆਵਾਜਾਈ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਹਵਾਈ ਜਹਾਜ਼ਾਂ ਤੋਂ ਹੋਣ ਵਾਲੀ ਨਿਕਾਸੀ ਦੇ 50 ਫ਼ੀਸਦ ਹਿੱਸੇ ਲਈ ਦੁਨੀਆ ਦੀ 1 ਫ਼ੀਸਦ ਅਮੀਰ ਅਬਾਦੀ ਜ਼ਿੰਮੇਵਾਰ ਹੈ। ਪ੍ਰਾਈਵੇਟ ਜੈੱਟ ਜਹਾਜ਼ 33 ਮਿਲੀਅਨ ਟਨ ਤੋਂ ਵੱਧ ਗਰੀਨਹਾਊਸ ਗੈਸਾਂ ਦਾ ਨਿਕਾਸ ਕਰਦੇ ਹਨ। ਇਹ ਪ੍ਰਤਿ ਯਾਤਰੀ ਵਪਾਰਕ ਜਹਾਜ਼ਾਂ ਨਾਲੋਂ 5-14 ਫ਼ੀਸਦ ਅਤੇ ਰੇਲ-ਗੱਡੀਆਂ ਨਾਲੋਂ 50 ਗੁਣਾ ਵੱਧ ਪ੍ਰਦੂਸ਼ਕਾਂ ਦੀ ਨਿਕਾਸੀ ਕਰਦੇ ਹਨ। ਇਸ ਲਈ ਬੇਲੋੜੀਆਂ ਹਵਾਈ ਯਾਤਰਾਵਾਂ ਦੀ ਗਿਣਤੀ ਸੀਮਤ ਕਰਨੀ ਚਾਹੀਦੀ ਹੈ। ਨੀਦਰਲੈਂਡਜ਼ ਦੇ ਸ਼ਿਫੋਲ ਹਵਾਈ ਅੱਡੇ ਤੋਂ ਅਗਲੇ ਸਾਲ ਹਵਾਈ ਉਡਾਣਾਂ ਦੀ ਗਿਣਤੀ ਨੂੰ ਸੀਮਤ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ।

ਹਰ ਦੇਸ ਨੂੰ ਜੰਗਲਾਂ ਦੇ ਥੱਲੇ ਰਕਬੇ ਨੂੰ ਵਧਾਕੇ 33 ਫ਼ੀਸਦ ਕਰਨਾ ਚਾਹੀਦਾ ਹੈ। ਦਰਖ਼ਤਾਂ ਦੀ ਚੋਣ ਕਰਦਿਆਂ ਸਥਾਨਕ ਛਾਂਦਾਰ ਦਰਖ਼ਤ ਲਗਾਉਣੇ ਚਾਹੀਦੇ ਹਨ। ਅਮਰੀਕਾ ਦਾ ਮਿਆਂਮੀ ਸ਼ਹਿਰ ਇਸ ਪਾਸੇ ਵੱਲ ਚਲਦਿਆਂ ਪਾਮ ਦੇ ਦਰਖ਼ਤਾਂ ਨੂੰ ਕੱਟਕੇ ਓਕ, ਏਲਮ, ਐਸ਼ ਆਦਿ ਦੇ ਦਰਖ਼ਤ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ। ਸੜਕਾਂ ਦੇ ਕਿਨਾਰਿਆਂ ਦੇ ਆਲੇ-ਦੁਆਲੇ ਸਜਾਵਟੀ ਦਰਖ਼ਤ ਲਗਾਉਣ ਦੀ ਥਾਂ ਉੱਤੇ ਛਾਂਦਾਰ ਦਰਖ਼ਤ ਲਗਾਉਣੇ ਚਾਹੀਦੇ ਹਨ। ਛਾਂਦਾਰ ਦਰਖ਼ਤ ਲਗਾਉਣ ਨਾਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਮੀ ਹੋਣ ਦੇ ਨਾਲ ਨਾਲ ਤਾਪਮਾਨ ਵਿਚ ਵੀ ਕਮੀ ਆਵੇਗੀ।

ਸੋਕੇ ਅਤੇ ਹੜ੍ਹਾਂ ਵਰਗੀਆਂ ਕੁਦਰਤੀ ਆਫ਼ਤਾਂ ਤੋਂ ਬਚਾਅ ਕਰਨ ਲਈ ਮੀਂਹ ਦੇ ਪਾਣੀ ਨੂੰ ਉਸ ਖੇਤਰ ਵਿਚਲੀਆਂ ਨੀਵੀਆਂ ਥਾਵਾਂ ਉੱਤੇ ਇਕੱਠਾ ਕਰ ਲੈਣਾ ਚਾਹੀਦਾ ਹੈ। ਪਹਿਲਾਂ ਸਾਡੇ ਵੱਡੇ-ਵਡੇਰੇ ਉਚੇ ਥਾਵਾਂ ਉੱਤੇ ਪਿੰਡ ਜਾਂ ਸ਼ਹਿਰ ਵਸਾਉਂਦੇ ਸਨ ਅਤੇ ਮੀਂਹ ਦਾ ਪਾਣੀ ਆਪਮੁਹਾਰੇ ਉੱਚੀਆਂ ਥਾਵਾਂ ਤੋਂ ਵਹਿਕੇ ਨੇੜਲੀਆਂ ਨੀਵੀਆਂ ਥਾਵਾਂ ਉੱਤੇ ਜਮ੍ਹਾਂ ਹੋ ਜਾਂਦਾ ਸੀ ਜੋ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਦੇ ਨਾਲ ਨਾਲ ਲੋਕਾਂ ਦੀਆਂ ਰੋਜ਼ਮਰ੍ਹਾ ਦੀਆਂ ਲੋੜਾਂ ਨੂੰ ਪੂਰਾ ਕਰ ਦਿੰਦਾ ਸੀ। ਹੁਣ ਮੀਂਹ ਦਾ ਵਾਧੂ ਪਾਣੀ ਪੁਲਾਂ ਦੇ ਥੱਲੇ ਵਾਲੀਆਂ ਨੀਵੀਆਂ ਥਾਵਾਂ ਉੱਤੇ ਜਮ੍ਹਾਂ ਹੋ ਜਾਂਦਾ ਹੈ, ਉੱਥੇ ਉਸ ਖੇਤਰ ਦੇ ਪ੍ਰਸ਼ਾਸ਼ਨ ਨੂੰ ਖੂਹ ਪੁੱਟਕੇ ਉਨ੍ਹਾਂ ਵਿਚ ਨਿਕਾਸਣਾ ਚਾਹੀਦਾ ਹੈ ਤਾਂਕਿ ਧਰਤੀ ਹੇਠਲਾ ਪਾਣੀ ਰੀਚਾਰਜ ਹੋ ਸਕੇ।


ਪੁਰਾਣੀਆਂ ਝੀਲਾਂ, ਟੋਭੇ ਜੋ ਮੁੜ ਸੁਰਜੀਤ ਕੀਤੇ ਜਾ ਸਕਦੇ ਹਨ ਉਹ ਕਰ ਲੈਣੇ ਚਾਹੀਦੇ ਹਨ। ਨਿੱਜੀ ਪੱਧਰ ਉੱਤੇ ਹਰ ਘਰ ਅਤੇ ਇਮਾਰਤ ਦਾ ਮੀਂਹ ਦਾ ਪਾਣੀ ਜਮ੍ਹਾਂ ਕਰਨ ਦਾ ਉਪਰਾਲਾ ਵੀ ਕਰਨਾ ਚਾਹੀਦਾ ਹੈ। ਦਰਿਆਵਾਂ ਉੱਤੇ ਉਨ੍ਹਾਂ ਦੀ ਸਮਰੱਥਾ ਅਨੁਸਾਰ ਹੀ ਬੰਨ੍ਹ ਲਗਾਉਣੇ ਚਾਹੀਦੇ ਹਨ ਤਾਂਕਿ ਦਰਿਆ/ਨਦੀਆਂ ਸੁੱਕ ਨਾ ਜਾਣ ਅਤੇ ਲੋਕਾਂ ਨੂੰ ਸੋਕੇ ਵਰਗੀਆਂ ਸਥਿਤੀਆਂ ਦਾ ਸਾਹਮਣਾ ਨਾ ਕਰਨਾ ਪਵੇ। ਹੁਣ ਸਾਡੇ ਕੋਲ ਤਾਪਮਾਨ ਦੇ ਵਾਧੇ ਨਾਲ ਵਪਾਰਨ ਵਾਲੀਆਂ ਕੁਦਰਤੀ ਆਫ਼ਤਾਂ ਤੋਂ ਬਚਣ ਲਈ ਸਮਾਂ ਬਚਿਆ ਹੀ ਨਹੀਂ ਹੈ। ਇਸ ਲਈ ਹਰ ਪੱਧਰ ਉੱਤੇ ਤੇਜ਼ੀ ਨਾਲ ਉਪਰਾਲੇ ਸ਼ੁਰੂ ਕਰ ਦੇਣੇ ਚਾਹੀਦੇ ਹਨ ਤਾਂਕਿ ਅਸੀਂ ਆਪਣੇ ਨੇੜਲੇ ਭਵਿੱਖ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰਖਿਅਤ ਕਰ ਸਕੀਏ।

# 24 ਸਤੰਬਰ, 2022 ਲਈ ਪੂਨਾ ਪੈਕਟ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

24 ਸਤੰਬਰ ਨੂੰ ਦੇਸ਼ ਵਿਦੇਸ਼ ਵਿੱਚ ਪੂਨਾ ਪੈਕਟ ਦਿਵਸ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਪੂਨਾ ਪੈਕਟ ਦੁਆਰਾ ਹੀ 24 ਸਤੰਬਰ, 1932 ਨੂੰ ਭਾਰਤ ਵਿੱਚ ਰਹਿਣ ਵਾਲੇ ਕਰੋੜਾਂ ਅਛੂਤਾਂ ਜਿਨ੍ਹਾਂ ਨੂੰ ਹੁਣ ਅਨੁਸੂਚਿਤ ਜਾਤਾਂ ਕਿਹਾ ਜਾਂਦਾ ਹੈ ਅਤੇ ਜੋ ਮਨੂੰਵਾਦੀ ਕੁਪ੍ਰਥਾਵਾਂ ਕਾਰਨ ਸਦੀਆਂ ਤੋਂ ਜਾਨਵਰਾਂ ਨਾਲੋਂ ਵੀ ਮਾੜਾ ਜੀਵਨ ਬਤੀਤ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਹਰ ਤਰਾਂ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਅਧਿਕਾਰਾਂ ਤੋਂ ਬਾਂਝਾ ਰੱਖਿਆ ਗਿਆ ਸੀ ਨੂੰ ਬ੍ਰਿਟਿਸ਼ ਸਰਕਾਰ ਵਲੋਂ ਮਿਲੇ ਅਲੱਗ ਵੋਟ ਦੇ ਅਧਿਕਾਰਾਂ ਵਾਲੇ ਕਮਿਊਨਲ ਐਵਾਰਡ ਨੂੰ ਵਾਪਸ ਲਿਆ ਗਿਆ। ਇਹ ਸਮਝੌਤਾ 24 ਸਤੰਬਰ 1932 ਨੂੰ ਅਛੂਤਾਂ ਦੇ ਬੁੱਧੀਜੀਵੀ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਪੂਨਾ ਦੀ ਯਰਵਦਾ ਜੇਲ ਵਿੱਚ ਹੋਇਆ ਸੀ ਅਤੇ ਇਸ ਸਮਝੌਤੇ ਦੁਆਰਾ ਲੰਬੇ ਸੰਘਰਸ਼ ਬਾਦ ਅਛੂਤਾਂ ਨੂੰ ਅੰਗਰੇਜ਼ਾਂ ਵਲੋਂ ਮਿਲੇ ਵਖਰੇ ਚੋਂਣ ਅਧਿਕਾਰ ਕਮਿਊਨਲ ਐਵਾਰਡ ਨੂੰ ਖਤਮ ਕਰਕੇ ਮੌਜੂਦਾ ਰਾਖਵਾਂਕਰਣ ਨੀਤੀ ਯੋਜਨਾ ਮੰਨਜੂਰ ਕੀਤੀ ਗਈ। ਜੇਕਰ ਭਾਰਤ ਵਿੱਚ ਵਖਰੇ ਚੋਂਣ ਅਧਿਕਾਰਾਂ ਦਾ ਇਤਿਹਾਸ ਵੇਖੀਏ ਤਾਂ 1917 ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਨੁੰਮਾਇਦਿਆਂ ਵਿਚਕਾਰ 'ਲਖਨਊ ਪੈਕਟ' ਹੋਇਆ ਜਿਸਤੋਂ ਬਾਦ ਕਾਂਗਰਸ ਲੀਗ ਦੀ ਸਥਾਪਨਾ ਕੀਤੀ ਗਈ ਅਤੇ ਇਸ ਵਿੱਚ ਕਈ ਵਰਗਾਂ ਲਈ ਅਲੱਗ ਚੋਣ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਅਬਾਦੀ ਅਨੁਸਾਰ ਨੁਮਾਇੰਦਗੀ ਦਿੱਤੀ ਗਈ। ਇਸ ਚੋਣ ਸਮਝੌਤੇ ਵਿੱਚ ਸਦੀਆਂ ਤੋਂ ਲਿਤਾੜ੍ਹੇ ਕਰੌੜ੍ਹਾਂ ਅਛੂਤਾਂ ਦੀ ਨੁਮਾਇੰਦਗੀ ਦਾ ਕੋਈ ਜ਼ਿਕਰ ਨਹੀਂ ਸੀ। ਅਛੂਤਾਂ ਦੇ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਦੀ ਅਗਵਾਈ ਵਿੱਚ ਇੱਕ ਵਫਦ ਅਗਸਤ 1917 ਵਿੱਚ ਮੁੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਇਆ ਜਿਸਨੇ ਅਛੂਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਇਹ ਆਗੂ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਉਥ ਬਰੋ ਕਮੇਟੀ ਸਾਹਮਣੇ ਪੇਸ਼ ਹੋਏ ਅਤੇ ਕਰੋੜ੍ਹਾਂ ਅਛੂਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਕੁੱਝ ਅਖੌਤੀ ਮੰਨੂਵਾਦੀ ਆਗੂਆ ਦੇ ਵਿਰੋਧ ਕਾਰਨ ਕੋਈ ਲਾਭ ਨਹੀਂ ਮਿਲਿਆ। 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਬਣਾਇਆ ਗਿਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਇਹ ਕਮਿਸ਼ਨ 3 ਫਰਵਰੀ, 1928 ਨੂੰ ਮੁੰਬਈ ਆਇਆ ਜਿਸਦਾ ਕਈ ਮੰਨੂਵਾਦੀ ਆਗੂਆਂ ਨੇ ਕਾਂਗਰਸ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ। ਪੰਜਾਬ ਵਿੱਚ ਦੋਆਬੇ ਦੇ ਆਗੂ ਅਤੇ ਆਦਿ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਾਲੇ ਵਫਦ ਨੇ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾਅਤੇ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਸਮਾਜ ਲਈ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ, ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ ਅਤੇ ਗਾਂਧੀ ਦੇ ਵਿਰੋਧ ਦੇ ਬਾਬਜੂਦ ਅਛੂਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਕਾਨਫਰੰਸ ਦਾ ਪਹਿਲਾ ਇਜਲਾਸ 12 ਨਵੰਬਰ 1930 ਨੂੰ ਸਮਰਾਟ ਜਾਰਜ ਪੰਜਵੇਂ ਦੀ ਪ੍ਰਧਾਨਗੀ ਹੇਠ ਲੰਡਨ ਵਿਖੇ ਸ਼ੁਰੂ ਹੋਇਆ ਜਿਸ ਵਿੱਚ ਹਾਜ਼ਰ ਨੁਮਾਇੰਦਿਆਂ ਦੀ ਕੁੱਲ ਸੰਖਿਆ 89 ਸੀ, ਜਿਨ੍ਹਾਂ ਵਿੱਚੋਂ 53 ਭਾਰਤੀ ਸਨ। ਕਾਨਫਰੰਸ ਦੇ ਕੰਮ ਨੂੰ ਕਈ ਕਮੇਟੀਆਂ ਵਿੱਚ ਵੰਡ ਦਿੱਤਾ ਗਿਆ ਅਤੇ ਇਨ੍ਹਾਂ ਕਮੇਟੀਆਂ ਵਿੱਚੋਂ ਮਹੱਤਵਪੂਰਨ ਕਮੇਟੀ ਘੱਟ ਗਿਣਤੀ ਵਰਗ ਦੀ ਕਮੇਟੀ ਸੀ, ਜਿਸ ਦਾ ਮੁੱਖ ਕੰਮ ਭਾਰਤ ਦੀ ਫਿਰਕੂ ਸਮੱਸਿਆ ਨੂੰ ਹੱਲ ਕਰਨਾ ਸੀ। ਸਾਰੇ ਵਰਗਾਂ ਦੇ ਪ੍ਰਤੀਨਿਧੀਆਂ ਦੇ ਵਿਚਾਰ ਸੁਣਨ ਤੋਂ ਬਾਅਦ 9 ਕਮੇਟੀਆਂ ਦੀ ਸਥਾਪਨਾ ਕੀਤੀ ਜਿਨ੍ਹਾਂ ਵਿੱਚੋਂ ਬਹੁਤੀਆਂ ਕਮੇਟੀਆਂ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸ਼ਾਮਲ ਸੀ ਪਰ ਉਨ੍ਹਾਂ ਦਾ ਸਭਤੋਂ ਮਹੱਤਵਪੂਰਨ ਕੰਮ ਅਛੂਤਾਂ ਦੇ ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਅਧਿਕਾਰਾਂ ਦੀ ਸੁਰੱਖਿਆਂ ਲਈ ਮੌਲਿਕ ਅਧਿਕਾਰਾਂ ਦਾ ਘੋਸ਼ਣਾ ਪੱਤਰ ਤਿਆਰ ਕਰਕੇ ਘੱਟ ਗਿਣਤੀਆਂ ਬਾਰੇ ਬਣੀ ਉੱਪ ਕਮੇਟੀ ਨੂੰ ਪੇਸ਼ ਕਰਨਾ ਸੀ। ਦੂਜੀ ਗੋਲਮੇਜ਼ ਕਾਨਫਰੰਸ ਲਈ ਜੁਲਾਈ 1931 ਦੇ ਤੀਜੇ ਹਫਤੇ ਡਾਕਟਰ ਅੰਬੇਡਕਰ, ਸਰ ਤੇਜ ਬਹਾਦਰ ਸਪੂਰ, ਮਦਨ ਮੋਹਨ ਮਾਲਵੀਆ, ਸਰੋਜਨੀ ਨਾਇਡੂ, ਮੋਹਨ ਦਾਸ ਕਰਮ ਚੰਦ ਗਾਂਧੀ, ਮਿਰਜਾ ਇਸਮਾਈਲ, ਮੁਹੰਮਦ ਅਲੀ ਜਿਨਾਹ ਅਤੇ ਹੋਰ ਨੇਤਾਵਾਂ ਨੂੰ ਸੱਦਾ ਪੱਤਰ ਮਿਲਿਆ। ਇਸ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸਟਰੱਕਚਰਲ ਕਮੇਟੀ ਵਿੱਚ ਸ਼ਾਮਲ ਸੀ। ਸੰਵਿਧਾਨ ਬਣਾਉਣ ਦਾ ਕਾਰਜ ਵਿਸ਼ੇਸ਼ ਤੌਰ ਤੇ ਇਸ ਕਮੇਟੀ ਨੇ ਕਰਨਾ ਸੀ। ਗੋਲਮੇਜ਼ ਕਾਨਫਰੰਸਾਂ ਵਿੱਚ ਕਈ ਵਰਗਾਂ ਲਈ ਵੱਖਰੇ ਵੱਖਰੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਸਹਿਮਤੀ ਹੋਈ ਅਤੇ ਸਦੀਆਂ ਤੋਂ ਲਿਤਾੜ੍ਹੇ ਅਛੂਤਾਂ ਲਈ ਵੀ ਵੱਖਰੇ ਰਾਜਨੀਤਿਕ ਅਧਿਕਾਰਾਂ ਨੂੰ ਸਵੀਕਾਰ




ਕੀਤਾ ਗਿਆ। ਗੋਲਮੇਜ਼ ਕਾਨਫਰੰਸ ਦਾ ਦੂਜਾ ਇਜਲਾਸ 7 ਸਤੰਬਰ 1931 ਨੂੰ ਸ਼ੁਰੂ ਹੋਇਆ। ਕਾਨਫਰੰਸ ਨੇ ਪਹਿਲੀ ਗੋਲਮੇਜ਼ ਕਾਨਫਰੰਸ ਵੱਲੋਂ ਸਥਾਪਿਤ ਕਮੇਟੀਆਂ ਦੀਆਂ ਰਿਪੋਰਟਾਂ ਤੇ ਵਿਚਾਰ ਕਰਨਾ ਸੀ। 15 ਸਤੰਬਰ 1931 ਨੂੰ ਗਾਂਧੀ ਨੇ ਫੈਡਰਲ ਸਟਰੱਕਚਰ ਕਮੇਟੀ ਵਿੱਚ ਇਹ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੀ ਹੈ। ਗਾਂਧੀ ਅਤੇ ਹੋਰ ਕਈ ਮੰਨੂਵਾਦੀ ਸੋਚ ਵਾਲੇ ਕਾਂਗਰਸੀ ਆਗੂਆਂ ਨੇ ਅਛੂਤਾਂ ਨੂੰ ਮਿਲਣ ਵਾਲੇ ਵਿਸ਼ੇਸ ਅਧਿਕਾਰਾਂ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਇਨ੍ਹਾਂ ਅਧਿਕਾਰਾਂ ਸਬੰਧੀ ਘੱਟ ਗਿਣਤੀ ਕਮੇਟੀ ਕੋਲ ਦੋ ਮੈਮੋਰੰਡਮ ਪੇਸ਼ ਕੀਤੇ ਜਿਨ੍ਹਾਂ ਤੇ ਘੱਟ ਗਿਣਤੀ ਕਮੇਟੀ ਅਤੇ ਸੰਘੀ ਸ਼ਾਸ਼ਨ ਪ੍ਰਣਾਲੀ ਸੰਮਤੀ ਦੋਹਾਂ ਵਿੱਚ ਵਿਚਾਰ ਵਟਾਂਦਰਾ ਹੋਇਆ ਜਿਸਤੋਂ ਬਾਦ ਇਹ ਫੈਸਲਾ ਹੋਇਆ ਕਿ 80 ਤੋਂ 90 ਫਿਸਦੀ ਸੀਟਾਂ ਅਲੱਗ ਚੋਣ ਖੇਤਰਾਂ ਰਾਹੀਂ ਭਰੀਆਂ ਜਾਣ ਅਤੇ ਬਾਕੀ ਆਮ ਚੌਣਾਂ ਦੁਆਰਾ ਹੀ ਭਰੀਆਂ ਜਾਣ। ਇਸ ਵਿੱਚ 5 ਫਿਸਦੀ ਸੀਟਾਂ ਔਰਤਾਂ ਲਈ ਵੀ ਰਾਖਵੀਆਂ ਰੱਖਣ ਦਾ ਫੈਸਲਾ ਹੋਇਆ। ਘੱਟ ਗਿਣਤੀਆਂ ਬਾਰੇ ਕਮੇਟੀ ਨੇ ਵੀ ਆਪਣੀ ਰਿਪੋਰਟ ਪੇਸ਼ ਕੀਤੀ ਅਤੇ 17 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਅਪਣਾ ਮਹੱਤਵਪੂਰਨ ਇਤਿਹਾਸਕ ਫੈਸਲਾ ਸੁਣਾ ਦਿੱਤਾ ਜਿਸ ਵਿੱਚ ਕਈ ਹੋਰ ਵਰਗਾਂ ਵਾਂਗ ਅਛੂਤਾਂ ਨੂੰ ਵੀ ਘੱਟ ਗਿਣਤੀ ਮੰਨਦੇ ਹੋਏ ਦੋ ਵੋਟਾਂ ਦਾ ਵਿਸ਼ੇਸ਼ ਅਧਿਕਾਰ ਦੇਕੇ ਅਪਣੇ ਅਲੱਗ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦਿੱਤਾ ਗਿਆ ਜਿਸਨੂੰ ਕਮਿਊਨਲ ਐਵਾਰਡ ਕਿਹਾ ਜਾਂਦਾਹੈ। ਇਸ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਅਤੇ ਮੁਸਲਮਾਨਾਂ ਵਾਂਗ ਅਛੂਤਭਾਈਚਾਰੇ ਨੂੰ ਘੱਟ ਗਿਣਤੀ ਕੌਮ ਮੰਨਿਆ ਜਾਵੇਗਾ ਭਾਵ ਅਛੂਤਾਂ ਨੂੰ ਹਿੰਦੂ ਧਰਮ ਤੋਂ ਵੱਖ ਸਮਝਿਆ ਜਾਵੇਗਾਅਤੇ ਅਛੂਤਾਂ ਨੂੰ ਇੱਕ ਵੱਖਰੇ ਭਾਈਚਾਰੇ ਵਜੋਂ ਮੰਨਿਆਜਾਵੇਗਾ। ਅਛੂਤਾਂ ਦੀ ਹਾਲਤ ਸੁਧਾਰਨ ਲਈ ਕੁਝ ਵਿਸ਼ੇਸ਼ ਅਧਿਕਾਰ ਦਿੱਤੇ ਜਾਣਗੇ। ਕਮਿਊਨਲ ਅਵਾਰਡ ਵਿੱਚ ਬ੍ਰਿਟਿਸ਼ ਸਰਕਾਰ ਨੇ ਐਲਾਨ ਕੀਤਾ ਸੀ ਕਿ ਅਛੂਤ ਭਾਈਚਾਰਾ ਹੁਣ ਇੱਥੇ ਇੱਕ ਵੱਖਰਾ ਹਲਕਾ ਹੋਵੇਗਾ ਭਾਵ ਇੱਕ ਵੱਖਰਾ ਵੋਟਰ ਖੇਤਰ ਹੋਵੇਗਾ ਜਿਸ ਵਿੱਚ ਉਹ ਦਲਿਤ ਵੋਟਰ ਹੀ ਆਪਣੇ ਦਲਿਤ ਭਾਈਚਾਰੇ ਦੇ ਨੁਮਾਇੰਦੇ ਦੀ ਚੋਣ ਕਰਨਗੇ। ਇਸ ਤਰ੍ਹਾਂ ਦਲਿਤਾਂ ਨੂੰ ਦੋ ਅਧਿਕਾਰ ਮਿਲੇ ਹਨ ਪਹਿਲਾ ਵੱਖਰੇ ਵੋਟਰਾਂ ਦਾਅਤੇਦੂਜਾ ਦੋ ਵੋਟਾਂ ਦੇਣਾ। ਕਮਿਊਨਲ ਅਵਾਰਡ ਵਿੱਚ ਇਹ ਵਿਵਸਥਾ ਕੀਤੀ ਗਈ ਸੀ ਕਿ ਅਛੂਤ ਭਾਈਚਾਰੇ ਦੇ ਵਿਧਾਨ ਸਭਾ ਹਲਕਿਆਂ ਜਾਂ ਲੋਕ ਸਭਾ ਹਲਕਿਆਂ ਵਿੱਚ ਸਿਰਫ਼ ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਜਨਜਾਤੀ ਦੇ ਉਮੀਦਵਾਰ ਹੀ ਹੋਣਗੇ ਅਤੇ ਕੋਈ ਹੋਰ ਉਮੀਦਵਾਰ ਨਹੀਂ ਹੋਵੇਗਾ ਅਤੇ ਉਸ ਉਮੀਦਵਾਰ ਨੂੰ ਵੋਟ ਪਾਉਣ ਦਾ ਅਧਿਕਾਰ ਵੀ ਕੇਵਲ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦਾ ਹੀ ਹੋਵੇਗਾ। ਇਸ ਤੋਂ ਇਲਾਵਾ ਦਲਿਤਾਂ ਨੂੰ ਉਸ ਇਲਾਕੇ ਦੀ ਜਨਰਲ ਸੀਟ ਦੇ ਉਮੀਦਵਾਰ ਨੂੰ ਵੀ ਵੋਟ ਪਾਉਣ ਦਾ ਅਧਿਕਾਰ ਹੋਵੇਗਾ। ਭਾਰਤ ਦੇ ਇਤਿਹਾਸ ਵਿੱਚ ਇਹ ਇੱਕ ਬਹੁਤ ਹੀ ਮਹੱਤਵਪੂਰਨ ਘਟਨਾ ਸੀ ਜਦੋਂ ਦਲਿਤਾਂ ਨੂੰ ਵੀ ਭਾਗੀਦਾਰੀ ਦੀ ਰਾਜਨੀਤੀ ਸ਼ੁਰੂ ਕਰਨ ਦਾ ਅਧਿਕਾਰ ਮਿਲਿਆ। ਗਾਂਧੀ ਨੇ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਵੀਇਸ ਵਿਵਸਥਾ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਦਲਿਤਾਂ ਨੂੰ ਹਿੰਦੂਆਂ ਤੋਂ ਵੱਖਰਾ ਨਹੀਂ ਮੰਨਿਆ ਜਾ ਸਕਦਾ ਅਤੇ ਵੱਖਰੇ ਤੌਰ ਤੇ ਕੋਈ ਵਿਸ਼ੇਸ਼ ਅਧਿਕਾਰ ਨਹੀਂ ਦਿੱਤੇ ਜਾਣੇ ਚਾਹੀਦੇ। ਇਸ ਫੈਸਲੇ ਦਾ ਗਾਂਧੀ ਨੇ ਖੁੱਲਕੇ ਵਿਰੋਧ ਕੀਤਾ ਅਤੇ ਕਿਹਾ ਕਿ ਸਰਕਾਰ ਆਪਣੇ ਫੈਸਲੇ ਵਿੱਚ ਸੋਧ ਕਰਕੇ ਦਲਿਤਾਂ ਲਈ ਵੱਖਰੇ ਅਧਿਕਾਰ ਵਾਪਸ ਲਵੇ। ਗਾਂਧੀ ਜੋ ਕਿ ਪੂਨਾ ਦੀ ਯਰਵਦਾ ਜੇਲ੍ਹ ਵਿੱਚ ਕੈਦ ਸੀ ਨੇ ਜੇਲ ਵਿੱਚੋਂ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਧਮਕੀ ਭਰਿਆ ਪੱਤਰ ਲਿਖਿਆ ਕਿ ਜੇਕਰ ਦਲਿਤਾਂ ਦੇ ਵੱਖਰੇ ਆਜ਼ਾਦ ਚੋਣ ਅਧਿਕਾਰ ਵਾਪਸ ਨਾ ਲਏ ਤਾਂ ਮੈਂ ਆਪਣੀ ਜਾਨ ਦੇ ਦੇਵਾਂਗਾ। ਅੰਗਰੇਜ ਸਰਕਾਰ ਵਲੋ ਇਸ ਸਬੰਧੀ ਕੋਈ ਕਾਰਵਾਈ ਨਾਂ ਕਰਨ ਦੇ ਫੈਸਲੇ ਤੋਂ ਬਾਦ ਗਾਂਧੀ ਨੇ 20 ਸਤੰਬਰ 1932 ਨੂੰ ਜੇਲ ਵਿੱਚ ਮਰਨ ਵਰਤ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਰੈਮਜੇ ਮੈਕਡਾਨਲਡ ਨੇ ਗਾਂਧੀ ਨੂੰ ਅਪੀਲ ਕੀਤੀ ਕਿ ਉਹ ਦਲਿਤਾਂ ਵਿਰੁੱਧ ਇਸ ਤਰ੍ਹਾਂ ਦਾ ਖਤਰਨਾਕ ਕਦਮ ਨਾ ਚੁੱਕਣ। ਗਾਂਧੀ ਦੇ ਦਲਿਤ ਵਿਰੋਧੀ ਫੈਸਲੇ ਵਿਰੁੱਧ ਆਦਿ ਧਰਮ ਅੰਦੋਲਨ ਦੇ ਮੋਢੀ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਕਈ ਆਗੂਆਂ ਨੇ ਮਰਨ ਵਰਤ ਰੱਖਿਆ। ਗਾਂਧੀ ਦੀ ਜਾਨ ਬਚਾਉਣ ਲਈ ਕਈ ਮੰਨੂਵਾਦੀ ਸੰਗਠਨਾਂ ਵਲੋਂ ਡਾਕਟਰ ਅੰਬੇਡਕਰ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਦਬਾਅ ਪਾਇਆ ਗਿਆ। ਗਾਂਧੀ ਦੀ ਪਤਨੀ ਕਸਤੂਰਬਾ ਗਾਂਧੀ ਅਤੇ ਬੇਟਾ ਦੇਵ ਦਾਸ ਆਪ ਵੀਡਾਕਟਰ ਅੰਬੇਡਕਰ ਨੂੰ ਮਿਲੇ ਅਤੇ ਗਾਂਧੀ ਦੀ ਜਾਨ ਬਚਾਉਣ ਲਈ ਅਪੀਲ ਕੀਤੀ। ਅਖੀਰ 24 ਸਤੰਬਰ, 1932 ਨੂੰ ਸ਼ਾਮ ਨੂੰ ਲੱਗਭੱਗ 5 ਵਜੇ ਯਰਵਦਾ ਜੇਲ ਵਿੱਚ ਮਦਨ ਮੋਹਨ ਮਾਲਵੀਆ, ਤੇਜ ਬਹਾਦਰ ਸਪਰੂ, ਐਮ ਆਰ ਜੈਕਾਰ, ਸ਼੍ਰੀਨਿਵਾਸਨ, ਐਮ ਸੀ ਰਾਜਾਹ, ਜੀ ਡੀ ਬਿਰਲਾ, ਸੀ ਵੀ ਮੈਹਤਾ, ਸੀ ਰਾਜਾਹ ਗੋਪਾਲਚਾਰੀ, ਸ਼ੰਕਰ ਲਾਲ ਬੈਂਕਰ, ਬੀ ਐਸ ਕਾਮਤ, ਜੀ ਕੇ ਦਿਓਧਾਰ, ਏ ਵੀ ਠਕਰ, ਆਰ ਕੇ ਬਾਖਲੇ, ਗਵਾਇ, ਰਾਜਿੰਦਰ ਪ੍ਰਸਾਦ, ਰਾਮੇਸ਼ਵਰ ਦਾਸ ਬਿਰਲਾ, ਪੀ ਜੀ ਸੋਲੰਕੀ, ਪੀ ਬਾਲੂ, ਗੋਬਿੰਦ ਮਾਲਵੀਆ, ਦੇਵਦਾਸ ਗਾਂਧੀ, ਬਿਸਵਾਸ, ਬੀ ਐਨ ਰਾਜਭੋਜ ਆਦਿ ਦੀ ਹਾਜਰੀ ਵਿੱਚ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਲਿਖਤੀ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਦਾ ਨਾਮ ਦਿਤਾ ਗਿਆ।

ਇਸ ਸਮਝੌਤੇ ਤੇ 25 ਸਤੰਬਰ ਨੂੰ ਮੁੰਬਈ ਵਿੱਚ ਹਿੰਦੂ ਕਾਨਫਰੰਸ ਦੀ ਬੈਠਕ ਵਿੱਚ ਕਈ ਹੋਰ ਵਿਅਕਤੀਆਂ ਲਾਲੂਭਾਈ ਸਾਮਲਦਾਸ, ਹਾਂਸਾ ਮਹਿਤਾ, ਕੇ ਨਾਟਰਾਜਨ, ਕਾਮਕੋਟੀ ਨਾਟਰਾਜਾਨ, ਪੁਰਸ਼ੋਤਮ ਦਾਸ ਠਾਕਰਦਾਸ, ਮਥਰਾਦਾਸ ਵਾਸੰਜੀ, ਵਾਲਚੰਦ ਹੀਰਾਚੰਦ, ਐਚ ਐਨ ਕੁੰਜਰੂ, ਕੇ ਜੀ ਲਿਮਾਏ, ਪੀ ਕੋਂਡਾਡਰਾਓ, ਜੀ ਕੇ ਗਾਡਗਿਲ, ਮਨੂ ਸੂਬੇਦਾਰ, ਅਵਾਂਤਿਕਾਬਾਈ ਗੋਖਲੇ, ਕੇ ਜੇ ਚਿਤਾਲਿਆ, ਰਾਧਾਕਾਂਤ ਮਾਲਵੀਆ, ਏ ਆਰ ਭੱਟ ਆਦ ਨੇ ਦਸਤਖੱਤ ਕੀਤੇ ਜਿਸ ਨਾਲ ਲੰਬੇ ਸੰਘਰਸ਼ ਤੋਂ ਬਾਦ ਦਲਿਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਊਨਲ ਐਵਾਰਡ ਦੁਆਰਾ ਰਾਖਵੀਆਂ ਰੱਖੀਆਂ ਗਈਆਂ ਵਿਧਾਨ ਮੰਡਲਾਂ ਦੀਆਂ 78 ਸੀਟਾਂ ਨੂੰ ਵਧਾ ਕੇ 148 ਕੀਤਾ ਗਿਆ ਜਿਨ੍ਹਾਂ ਵਿੱਚ ਮਦਰਾਸ ਵਿੱਚ 30, ਬੰਬੇ ਅਤੇ ਸਿੰਧ ਪਰਾਂਤ ਵਿੱਚ 15, ਬਿਹਾਰ ਅਤੇ ਉੜੀਸਾ ਵਿੱਚ 18, ਅਸਾਮ ਵਿੱਚ 7, ਬੰਗਾਲ ਵਿੱਚ 30, ਕੇਂਦਰੀ ਪ੍ਰਾਂਤ ਬੈਰਰ ਵਿੱਚ 20, ਪੰਜਾਬ ਵਿੱਚ 8, ਆਗਰਾ ਅਤੇ ਸੰਯੁਕਤ ਪ੍ਰਾਂਤ ਦੀਆਂ 20 ਸੀਟਾਂ ਸ਼ਾਮਲ ਸਨ। ਇਸ ਵਿੱਚ ਦਲਿਤਾਂ ਨੂੰ ਵਿੱਦਿਆ ਪ੍ਰਾਪਤੀ ਲਈ ਆਰਥਿਕ ਮੱਦਦ ਅਤੇ ਨੌਕਰੀਆਂ ਵਿੱਚ ਰਾਖਵਾਂਕਰਣ ਦੀਆਂ ਸਹੂਲਤਾਂ ਵੀ ਦਿਤੀਆਂ ਗਈਆਂ। ਪੂਨਾ ਪੈਕਟ ਵਿੱਚ ਹੋਏ ਸਮਝੋਤਿਆਂ ਨੂੰ ਗੋਵਰਨਮੈਂਟ ਆਫ ਇੰਡੀਆ ਐਕਟ 1935 ਵਿੱਚ ਸ਼ਾਮਿਲ ਕਰਨ ਤੋਂ ਬਾਦਲਾਗੂ ਕੀਤਾ ਗਿਆ।

ਸਾਲ 1937 ਵਿੱਚ ਹੋਈਆਂ ਚੌਣਾਂ ਜਿਨ੍ਹਾਂ ਵਿੱਚ ਗਾਂਧੀ ਅਤੇ ਹੋਰ ਕਾਂਗਰਸੀ ਆਗੂਆਂ ਵਲੋਂ ਦਿੱਤੇ ਗਏ ਭਰੋਸੇ ਕਿ ਇਨ੍ਹਾਂ 148 ਰਾਖਵੀਆਂ ਸੀਟਾਂ ਸਬੰਧੀ ਕਾਂਗਰਸ ਪਾਰਟੀ ਕੋਈ ਵੀ ਦਖਲਅੰਦਾਜੀ ਨਹੀਂ ਕਰੇਗੀ ਪਰ ਇਨ੍ਹਾਂ ਵਿੱਚੋਂ ਲੱਗਭੱਗ 78 ਸੀਟਾਂ ਤੇ ਕਾਂਗਰਸ ਪਾਰਟੀ ਨੇ ਹੀ ਕਬਜਾ ਕੀਤਾ ਸੀ।ਕਈ ਦਲਿਤ ਬੁੱਧੀਜੀਵੀਆਂ ਨੇ ਇਸ ਪੂਨਾ ਪੈਕਟ ਨੂੰ ਵੱਡੀ ਗੱਲਤੀ ਮੰਨਿਆਹੈ। ਡਾਕਟਰ ਅੰਬੇਡਕਰ ਨੇ ਵੀ ਇਸਨੂੰ ਮੰਨੂਵਾਦੀ ਕਾਂਗਰਸੀ ਆਗੂਆਂ ਵਲੋਂ ਅਛੂਤਾਂ ਨਾਲ ਕੀਤਾ ਗਿਆ ਧੋਖਾ ਅਤੇ ਅਪਣੀ ਜਿੰਦਗੀ ਦੀ ਸਭ ਤੋਂ ਵੱਡੀ ਗੱਲਤੀ ਮੰਨਿਆ ਹੈ। ਬਾਬਾ ਸਾਹਿਬ ਭੀਮਰਾਓ ਅੰਬੇਡਕਰ ਜੀ ਨੇ ਆਪ ਵੀ ਪੂਨਾ ਪੈਕਟ ਦੇ ਧਿਕਾਰ ਦਿਵਸ ਦਾ ਆਯੋਜਨ ਕੀਤਾ ਸੀ ਅਤੇ ਸਟੇਜ ਤੋਂ ਕਿਹਾ ਸੀ ਕਿ ਪੂਨਾ ਪੈਕਟ ਉੱਤੇ ਹਸਤਾਖਰ ਕਰਕੇ ਮੈਂ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਕੀਤੀ ਹੈ, ਮੈਨੂੰ ਅਜਿਹਾ ਕਰਨ ਲਈ ਮਜਬੂਰ ਹੋਣਾ ਪਿਆ। ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਨੇ ਵੀਪੂਨਾਪੈਕਟ ਨੂੰ ਇੱਕ ਧੋਖਾਮੰਨਿਆ ਹੈ ਅਤੇ ਇਸਤੋਂ ਬਾਦ ਦੇ ਸਮੇਂ ਨੂੰ ਚਮਚਾ ਯੁੱਗ ਕਿਹਾ ਹੈ। 23 ਸਤੰਬਰ 1982 ਨੂੰ ਪੂਨਾ ਪੈਕਟ ਦੀ 50ਵੀਂ ਵਰ੍ਹੇਗੰਢ ਮੌਕੇ ਇੱਕ ਕਿਤਾਬ ਚਮਚਾ ਯੁੱਗ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਕਿਹਾ ਕਿ ਇਸ ਪੂਨਾ ਪੈਕਟ ਦੁਆਰਾ ਦਲਿਤਾਂ ਨੂੰ ਅਪਣੇ ਅਸਲੀ ਪ੍ਰਤੀਨਿਧੀ ਚੁਣਨ ਦੇ ਅਧਿਕਾਰ ਤੋਂ ਦੂਰ ਕੀਤਾ ਗਿਆ ਹੈ। ਪੂਨਾਪੈਕਟ ਨੇ ਦਲਿਤਾਂ ਨੂੰ ਰਾਜਨੀਤਿਕ ਹਥਿਆਰ ਬਣਾ ਕੇ ਰੱਖ ਦਿਤਾ ਹੈ। ਸੰਯੁਕਤ ਚੌਣ ਪ੍ਰਣਾਲੀ ਵਿੱਚ ਦਲਾਲ ਅਤੇ ਏਜੰਟ ਹੀ ਤਿਆਰ ਹੋ ਰਹੇ ਹਨ ਅਤੇ ਦਲਿਤਾਂ ਦੇ ਮੰਨੂਵਾਦੀ ਪ੍ਰਥਾ ਨਾਲ ਲੜਣ ਵਾਲੀ ਅਸਲੀ ਅਤੇ ਅਜਾਦ ਅਗਵਾਈ ਦੀ ਭਾਵਨਾ ਨੂੰ ਬਰਬਾਦ ਕਰ ਦਿਤਾਹੈ। ਬੇਸ਼ੱਕ ਮੌਜੂਦਾ ਸਮੇਂ ਵੀ ਕਈ ਦਲਿਤ ਵੱਡੇ ਵੱਡੇ ਰਾਜਨੀਤਿਕ ਅਹੁਦਿਆਂ ਤੇ ਬੈਠੇ ਹਨ ਪਰੰਤੂ ਉਨ੍ਹਾਂ ਦੀ ਅਪਣੇ ਸਮਾਜ ਪ੍ਰਤੀ ਜਬਾਵਦੇਹੀ ਅਤੇ ਸਮਾਜ ਲਈ ਕੰਮ ਨਾਮਾਤਰ ਹਨ ਜਿਸ ਕਾਰਨ ਕਈ ਆਗੂਆਂ ਅਤੇ ਸੰਗਠਨਾ ਵਲੋਂ ਇਸ ਦਿਨ ਨੂੰ ਧਿਕਾਰ ਅਤੇ ਧੋਖਾ ਦਿਵਸ ਵਜੋਂ ਮਨਾਇਆ ਜਾਂਦਾ ਹੈ।

# ਭਾਸ਼ਾ ਵਿਭਾਗ ਨੇ ਨਾਟਕ ਦੇ ਬਾਬਾ ਬੋਹੜ ਗੁਰਸ਼ਰਨ ਸਿੰਘ ਨੂੰ ਜਨਮ ਦਿਹਾੜੇ ਤੇ ਕੀਤਾ ਯਾਦ

ਪੰਜਾਬ ਸਰਕਾਰ, ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਵੀਰਪਾਲ ਕੌਰ ਹੁਰਾਂ ਦੇ ਦਿਸ਼ਾ ਨਿਰਦੇਸ਼ ਵਿੱਚ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਤਹਿਤ ਅੱਜ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿੱਚ ਡਾ. ਜਸਵੰਤ ਰਾਏ ਖੋਜ ਅਫ਼ਸਰ ਦੀ ਅਗਵਾਈ ਹੇਠ ਪੰਜਾਬੀ ਨਾਟਕ ਦੇ ਬਾਬਾ ਬੋਹੜ ਗੁਰਸ਼ਰਨ ਸਿੰਘ ਹੁਰਾਂ ਦੇ ਜਨਮ ਦਿਨ ਤੇ ਉਨ੍ਹਾਂ ਦੀ ਨਿੱਘੀ ਯਾਦ ਵਿੱਚ ਇੱਕ ਸਮਾਗਮ ਕਰਵਾਇਆ। ਇਸ ਸਮਾਗਮ ਵਿੱਚ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ ਸਿੱਖਿਆ ਸ. ਗੁਰਸ਼ਰਨ ਸਿੰਘ ਅਤੇ ਬਹੁਰੰਗ ਕਲਾ ਕੇਂਦਰ ਦੇ ਡਾਇਰੈਕਟਰ ਸ਼੍ਰੀ ਅਸ਼ੋਕ ਪੁਰੀ ਜੀ ਉਚੇਚੇ ਤੌਰ ਤੇ ਪਹੁੰਚੇ। ਫਿਲਮ ਡਾਇਰੈਕਟਰ ਅਸ਼ੋਕ ਪੁਰੀ ਹੁਰਾਂ ਨੇ ਗੁਰਸ਼ਰਨ ਸਿੰਘ ਹੁਰਾਂ ਦੇ ਜੀਵਨ ਤੇ ਸਾਹਿਤਕ ਕੰਮਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਸਹੀ ਮਾਇਨਿਆਂ ਵਿੱਚ ਪ੍ਰਗਤੀਸ਼ੀਲ ਲੇਖਕ ਸੀ। ਉਸਨੇ ਪੰਜਾਂ ਨਾਟਕ ਨੂੰ ਪੀਕ ਤੇ ਪਹੁੰਚਾਇਆ। ਲਗਾਤਾਰ ਛੇ ਦਹਾਕੇ ਨਾਟਕ ਦੇ ਵਿਹੜਿਆ 'ਚ ਉਸਦੀ ਤੂਤੀ ਬੋਲਦੀ ਰਹੀ। ਭਾਈ ਮੰਨਾ ਸਿੰਘ ਕਰਕੇ ਲੋਕਾਂ ਦੇ ਚੇਤਿਆਂ 'ਚ ਵਸੇ ਭਾਅ ਜੀ ਨੇ ਸਾਰੀ ਜ਼ਿੰਦਗੀ ਆਪਣੇ ਨਾਟਕਾਂ 'ਚੋਂ ਲੋਕ ਮੁੱਦੇ ਮਾਇਨਸ ਨਹੀਂ ਹੋਣ ਦਿੱਤੇ।



ਡਾ. ਜਸਵੰਤ ਰਾਏ ਨੇ ਗੁਰਸ਼ਰਨ ਸਿੰਘ ਹੁਰਾਂ ਨੂੰ ਲੋਕਾਂ ਦਾ ਨਾਟਕਕਾਰ ਕਿਹਾ। ਨਾਟਕ ਅਤੇ ਸਟੇਜ ਦੇ ਖੇਤਰ ਵਿੱਚ ਉਨ੍ਹਾਂ ਵਲੋਂ ਪਾਈਆਂ ਪੈੜਾਂ ਸਿਖਾਂਦਰੂਆਂ ਲਈ ਸਦਾ ਰਾਹ ਦਿਸੇਰਾ ਬਣੀਆਂ ਰਹਿਣਗੀਆਂ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ. ਗੁਰਸ਼ਰਨ ਸਿੰਘ ਨੇ ਬਹੁਰੰਗਾ ਕਲਾ ਕੇਂਦਰ ਦੇ ਕਲਾਕਾਰਾਂ ਦਾ ਵਿਸ਼ੇਸ਼ ਸਨਮਾਨ ਕਰਦਿਆਂ ਉਨ੍ਹਾਂ ਨੂੰ ਭਾਅ ਜੀ ਦੇ ਦੱਸੇ ਪੂਰਨਿਆਂ ਨੂੰ ਸਟੇਜ ਰਾਹੀਂ ਹੋਰ ਗੂਹੜਾ ਕਰਨ ਲਈ ਕਿਹਾ ਧੰਨਵਾਦੀ ਸ਼ਬਦ ਡਾ. ਜਸਵੰਤ ਰਾਏ ਨੇ ਆਖੇ। ਇਸ ਮੌਕੇ ਅੰਤਰ ਰਾਸ਼ਟਰੀ ਭੰਗੜਾ ਕੋਚ ਪ੍ਰਮੋਦ ਜੀ, ਗੁਰਮੇਲ ਧਾਲੀਵਾਲ, ਅਸ਼ੀਸ਼ ਪੁਰੀ, ਕੁਲਦੀਪ ਮਾਹੀ, ਤਰੁਣਦੀਪ ਸੈਣੀ, ਸੁਖਵਿੰਦਰ ਪਾਲ, ਵਿਵੇਕ ਆਹੀਰ, ਜੁਗਲ ਕਿਸ਼ੋਰ, ਪਵਨ ਕੁਮਾਰ ਤੇ ਸੁਰਿੰਦਰ ਪਾਲ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ
## ਬੇ-ਏਰੀਆ (ਕੈਲੋਫਰਨੀਆ)



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551

Treasurer 510-200-6649


















# ਬਾਬਰ ਬਾਣੀ- ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਨੂੰ ਸਮਰਪਿਤ

ਮੁਗਲ ਰਾਜ ਦਾ ਬਾਨੀ ਬਾਦਸ਼ਾਹ ਬਾਬਰ ਇਕ ਕਵੀ, ਵਿਦਵਾਨ, ਜਮਾਂਦਰੂ, ਬਹਾਦਰ ਜਰਨੈਲ, ਜਿਸਮਾਨੀ ਬਲਵਾਨ, ਕਸਰਤ ਅਭਿਆਸੀ, ਘੋੜ ਸਵਾਰ, ਤੈਰਾਕ, ਸ਼ਿਕਾਰੀ, ਬੁਲੰਦ ਹੌਸਲਾ, ਖੁਸ਼ਦਿਲ ਸ਼ਾਸਕ ਸੀ। ਬਾਬਰ ਨੇ ਬੜੀਆਂ ਘਰੇਲੂ ਮੁਸ਼ਕਿਲਾਂ ਵਿਚੋਂ ਲੰਘ ਕੇ ਮੁਗਲ ਸਾਮਰਾਜ ਦੀ ਨੀਂਹ ਰੱਖੀ, ਜੋ ਤਿੰਨ ਸਦੀਆਂ ਤੱਕ ਕਾਬਜ਼ ਰਹੀ। ਬਾਬਰ ਦਾ ਪਿਛੋਕੜ ਮੰਗੋਲੀਆ ਦੇ ਬਰਲਾਸ ਕਬੀਲੇ ਤੋਂ ਸੀ, ਜਿਸਦੇ ਲੋਕਾਂ ਤੇ ਤੁਰਕ ਅਤੇ ਫਾਰਸੀ ਸਭਿਆਚਾਰ ਦਾ ਪ੍ਰਭਾਵ ਸੀ। ਮੰਗੋਲੀਆ ਦਾ ਧਰਮ ਇਸਲਾਮ ਸੀ।

ਬਾਬਰ ਦਾ ਜਨਮ 23 ਫਰਵਰੀ 1483 ਵਿਚ ਫਰਗਾਨਾ ਦੇ ਸ਼ਹਿਰ ਅੰਦੀਜਾਨ ਵਿਚ ਹੋਇਆ। ਜੋ ਹੁਣ ਉਜਬੇਕਿਸਤਾਨ ਵਿਚ ਹੈ। ਉਸਦੇ ਪਿਤਾ ਉਮਰ ਸ਼ੇਖ ਮਿਰਜ਼ਾ ਫਰਗਾਨਾ ਘਾਟੀ ਦੇ ਸ਼ਾਸਕ ਸਨ। ਮਾਂ ਦਾ ਨਾਂ ਕੁਤਲਗ ਨਿਗਾਰ ਖਾਨਮ ਸੀ। ਉਹ 12 ਸਾਲ ਦੀ ਉਮਰ ਵਿਚ ਸ਼ਾਸਕ ਬਣਿਆ। ਉਸਦੀ ਮਾਤ-ਭਾਸ਼ਾ ਚਗਤਾਈ ਸੀ। ਉਸਨੇ ਚਗਤਾਈ ਵਿਚ ਆਪਣੀ ਜੀਵਨੀ 'ਬਾਬਰਨਾਮਾ' ਲਿਖੀ। ਉਹ ਫਾਰਸੀ ਵਿਚ ਵੀ ਨਿਪੁੰਨ ਸੀ। ਬਾਬਰ ਦੇ ਦਾਇਰੇ ਵਿਚ ਤੁਰਕ ਅਤੇ ਫਾਰਸੀ ਲੋਕ ਸਨ। ਉਸਦੀ ਫੌਜ ਵਿਚ ਤੁਰਕ, ਫਾਰਸੀ, ਪਸ਼ਤੋ, ਬਰਲਾਸ ਅਤੇ ਮੱਧ ਏਸ਼ੀਆ ਕਬੀਲੇ ਦੇ ਸਨ। ਬਾਬਰ ਇਕ ਸ਼ਕਤੀਸ਼ਾਲੀ ਪੁਰਸ਼ ਸੀ। ਉਸਨੇ ਰਸਤੇ ਵਿਚ ਆਏ ਦਰਿਆ ਤੈਰ ਕੇ ਪਾਰ ਕੀਤੇ। ਗੰਗਾ ਨੂੰ ਉਸਨੇ ਦੋ ਵਾਰ ਪਾਰ ਕੀਤਾ।

ਬਾਬਰ ਦੀ ਰਾਜ ਸਥਾਪਤ ਕਰਨ ਦੀ ਇੱਛਿਆ ਵੇਲੇ ਭਾਰਤ ਛੋਟੇ-ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ। ਉਹ ਇਕ ਦੂਸਰੇ ਦੇ ਵਿਰੁੱਧ ਕਿਰਪਾਨ ਕੱਢੀ ਰੱਖਦੇ ਸਨ। ਕੋਈ ਕੇਂਦਰੀ ਮਜ਼ਬੂਤ ਸ਼ਕਤੀ ਨਹੀਂ ਸੀ। ਵੰਡੇ ਹੋਏ ਭਾਰਤ ਵਿਚ ਦਿੱਲੀ, ਪੰਜਾਬ, ਸਿੰਧ, ਬੰਗਾਲ, ਜੋਨਪੁਰ, ਗੁਜਰਾਤ, ਮੇਵਾੜ, ਰਾਜਪੂਤਾਨਾ, ਖੰਦੇਸ਼, ਦੱਢਨ ਕਸ਼ਮੀਰ ਤੇ ਪਾਣੀਪੱਤ ਆਦਿ। ਬਾਬਰ ਨੇ ਭਾਰਤ 'ਤੇ ਪਹਿਲਾ ਹਮਲਾ 1519 ਵਿਚ ਕੀਤਾ। ਇਸ ਹਮਲੇ ਵਿਚ ਉਸਨੇ ਬਜੌਰ ਅਤੇ ਭੇਰਾ ਜਿੱਤੇ। ਦੂਸਰੇ ਹਮਲੇ ਵਿਚ ਪਿਸ਼ਾਵਰ ਤੱਕ ਪੁੱਜਾ। ਤੀਸਰੇ ਹਮਲੇ ਵਿਚ ਸਿਆਲਕੋਟ ਅਤੇ ਸੱਯਦਪੁਰ ਤੇ ਕਬਜ਼ਾ ਕੀਤਾ। ਕੁਝ ਹੀ ਸਾਲਾਂ ਵਿਚ ਉਹ ਕਾਬਲ ਤੇ ਕਾਬਜ਼ ਹੋਇਆ। ਇਸੇ ਵੇਲੇ ਆਲਮ ਖਾਂ ਅਤੇ ਦੌਲਤ ਖਾਂ ਨੇ ਉਸਨੂੰ ਭਾਰਤ ਤੇ ਹਮਲਾ ਕਰਨ ਦਾ ਸੱਦਾ ਦਿੱਤਾ। ਉਹ 1524 ਵਿਚ ਭਾਰਤ ਵੱਲ ਵਧਿਆ। ਉਹ ਭੇਰੇ ਤੋਂ ਲਾਹੌਰ ਪੁੱਜਾ। ਉਸਨੇ ਦਿੱਲੀ ਨੂੰ ਹਰਾਇਆ ਤੇ ਕਾਬਲ ਪਰਤ ਗਿਆ।

ਬਾਬਰ ਨੇ 1525 ਵਿਚ ਪੰਜਾਬ ਦੇ ਗਵਰਨਰ ਦੌਲਤ ਖਾਂ ਲੋਧੀ ਨੂੰ ਕਰਾਰੀ ਹਾਰ ਦਿੱਤੀ। ਬਾਬਰ ਨੇ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ। ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਇਕ ਲੱਖ ਦੀ ਸੈਨਾ ਨਾਲ ਬਾਬਰ ਵੱਲ ਵਧਿਆ। ਅਪ੍ਰੈਲ 21, 1526 ਨੂੰ ਪਾਣੀਪਤ ਦੇ ਮੈਦਾਨ ਵਿਚ ਸੁਲਮਾਨ ਇਬਰਾਹੀਮ ਲੋਧੀ ਦੀ ਸੈਨਾ ਨੇ ਹਮਲਾ ਕਰ ਦਿੱਤਾ। ਬਾਬਰ ਦੀ ਸੈਨਾ ਨੇ ਚੜ੍ਹਾਈ ਕਰ ਦਿੱਤੀ। ਦਿੱਲੀ ਦੀ ਸੈਨਾ ਵਿਚ ਘਬਰਾਹਟ ਪੈ ਗਈ। ਬਾਬਰ ਨੇ ਸੈਨਾ ਨੂੰ ਪਿਛਲੇ ਪਾਸੇ ਤੋਂ ਘੇਰਨ ਲਈ ਕਿਹਾ। ਸਾਹਮਣੇ ਤੋਂ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ।

ਉਸਤਾਦ ਅਲੀ ਅਤੇ ਮੁਸਤਫਾ ਦੇ ਬਾਰੂਦੀ ਹਮਲੇ ਅਤੇ ਨੇਜਿਆਂ ਨਾਲ ਰਣ-ਖੇਤਰ ਗਰਮਾ ਗਿਆ। ਲਾਸ਼ਾਂ ਦੇ ਢੇਰ ਲੱਗ ਗਏ। ਕੁਝ ਹੀ ਸਮੇਂ ਵਿਚ ਬਾਬਰ ਜੇਤੂ ਰਿਹਾ। ਸੁਲਤਾਨ ਇਬਰਾਹੀਮ ਲੋਧੀ ਹਜ਼ਾਰ ਸੈਨਿਕਾਂ ਨਾਲ ਮਾਰਿਆ ਗਿਆ। ਪਾਣੀਪਤ ਦੀ ਲੜਾਈ ਦਾ ਵਿਸ਼ੇਸ਼ ਮਹੱਤਵ ਹੈ ਕਿ ਦਿੱਲੀ ਦੀ ਸਲਤਨਤ ਦਾ ਅੰਤ ਹੋਇਆ ਅਤੇ ਭਾਰਤ ਵਿਚ ਮੁਗਲ ਰਾਜ ਦੀ ਸਥਾਪਤੀ ਹੋਈ।

ਪਾਣੀਪਤ ਦੀ ਜਿੱਤ ਤੋਂ ਬਾਅਦ ਉਤਰੀ ਭਾਰਤ ਵਿਚ ਮੇਵਾੜ ਦੇ ਰਾਣਾ ਸਾਂਗਾ ਨਾਲ ਯੁੱਧ ਹੋਇਆ। ਉਹ ਵੀ ਇਕ ਵੀਰ ਬਹਾਦਰ ਯੋਧਾ ਸੀ। ਉਸ ਕੋਲ ਵੱਡੀ ਸੈਨਾ ਸੀ। ਯੁੱਧ ਕਨਵਾਹ ਦੇ ਮੈਦਾਨ ਵਿਚ ਹੋਇਆ। ਰਾਣਾ ਸਾਂਗਾ ਦੇ ਨਾਲ ਸੁਲਤਾਨ ਮਹਿਮੂਦ ਅਤੇ ਹਸਨ ਖਾਂ ਮੇਵਾੜੀ ਦੀ ਸੈਨਾ ਵੀ ਆਣ ਰਲੀ। ਰਾਜਪੂਤਾਂ ਦੇ ਅਣਖ ਅਤੇ ਬਹਾਦਰੀ ਦੇ ਚਰਚੇ ਸਨ। ਮੁਗਲ ਸੈਨਿਕਾਂ ਦੇ ਹੌਸਲੇ ਢਹਿੰਦੇ ਜਾ ਰਹੇ ਸਨ। ਬਾਬਰ ਨੇ ਆਪਣੇ ਸੈਨਿਕਾਂ ਨੂੰ ਇਸਲਾਮ ਦੇ ਝੰਡੇ ਹੇਠ ਲੜਨ ਲਈ ਲਾਮਬੰਦ ਕਰ ਲਿਆ। ਉਹ ਮਰ ਮਿਟਣ ਲਈ ਤਿਆਰ ਹੋ ਗਏ। ਮਾਰਚ 17, 1527 ਨੂੰ ਕਨਵਾਹ ਰਣਖੇਤਰ ਵਿਚ ਯੁੱਧ ਹੋਇਆ। ਬਾਬਰ ਨੇ ਪਾਣੀਪਤ ਵਾਲੀ ਯੁੱਧ ਨੀਤੀ ਅਪਣਾਈ। ਰਾਣਾ ਸਾਂਗਾ ਦੀ ਸੰਯੁਕਤ ਫੌਜ ਚਾਰ ਭਾਗਾਂ ਵਿਚ ਵੰਡੀ ਹੋਈ ਸੀ। ਬਾਬਰ ਨੇ ਸੱਜੀ ਬਾਹੀ ਤੋਂ ਹਮਲਾ ਕੀਤਾ। ਘਮਸਾਨ ਦੇ ਯੁੱਧ ਵਿਚ ਉਸਤਾਦ ਅਲੀ ਦੇ ਬਾਰੂਦੀ ਤੋਪ ਦੇ ਗੋਲਿਆਂ ਨੇ ਦੁਸ਼ਮਣਾਂ ਨੂੰ ਭਾਜਣ ਪਾ ਦਿੱਤੀ। ਉਹ ਚਾਰੋ ਪਾਸਿਆਂ ਤੋਂ ਨੱਠਣ ਲੱਗੇ। ਰਾਣਾ ਸਾਂਗਾ ਵੀ ਜ਼ਖਮੀ ਹੋ ਕੇ ਰਣਖੇਤਰ ਵਿਚੋਂ ਭੱਜ ਗਿਆ। ਬਾਬਰ ਜੇਤੂ ਰਿਹਾ।

ਬਾਬਰ ਉਤਰੀ ਭਾਰਤ ਵਿਚ ਮੁਗਲ ਰਾਜ ਸਥਾਪਤ ਕਰਨ ਵਿਚ ਸਫਲ ਰਿਹਾ। ਉਸਦੀ ਸ਼ਕਤੀ ਨੂੰ ਚਿਤਾਵਨੀ ਦੇਣ ਵਾਲਾ ਕੋਈ ਨਹੀਂ ਸੀ। ਬਾਬਰ ਇਕ ਦਿਆਲੂ ਜੋ ਦੋਸਤੀ ਅਤੇ ਰਿਸ਼ਤਿਆਂ ਦੀ ਕਦਰ ਕਰਦਾ ਸੀ ਅਤੇ ਮਦਦ ਵੀ ਕਰਦਾ ਸੀ। ਉਸਦੀ ਸੁੰਦਰਤਾ ਅਤੇ ਸ਼ਖਸੀਅਤ ਪ੍ਰਭਾਵਸ਼ਾਲੀ ਸੀ। ਜੰਗੀ ਹੁਨਰ ਉਸਨੂੰ ਵਿਰਾਸਤ ਵਿਚ ਮਿਲਿਆ ਸੀ। ਮੁਸ਼ਕਿਲ ਦੀਆਂ ਘੜੀਆਂ ਵਿਚ ਵੀ ਅਡੋਲ ਸ਼ਾਂਤ ਅਤੇ ਆਤਮ ਵਿਸ਼ਵਾਸ ਵਿਚ ਰਹਿੰਦਾ ਸੀ। ਉਹ ਜ਼ਮੀਨ ਨਾਲ ਜੁੜਿਆ ਬਾਦਸ਼ਾਹ ਸੀ। ਉਹ ਕਵੀ, ਸੰਗੀਤ ਪ੍ਰੇਮੀ ਅਤੇ ਕੁਦਰਤ ਦੀ ਕਦਰ ਕਰਦਾ ਸੀ। ਉਸਨੇ ਬਹੁਤ ਸਾਰੇ ਬਾਗ ਅਤੇ ਇਮਾਰਤਾਂ ਦਾ ਨਿਰਮਾਣ ਕੀਤਾ। ਉਸਦੀ ਜ਼ਿੰਦਗੀ ਦਾ ਸਾਰਾ ਸਮਾਂ ਯੁੱਧਾਂ ਜੰਗਾਂ ਵਿਚ ਬੀਤਿਆ। ਉਹ ਆਪਣੇ ਰਾਜ ਪ੍ਰਬੰਧ ਲਈ ਦੂਸਰਿਆਂ 'ਤੇ ਨਿਰਭਰ ਸੀ। ਬਹੁਤ ਸਾਰੇ ਪ੍ਰਬੰਧਕ ਉਸਦੀ ਆਗਿਆ ਵੀ ਨਹੀਂ ਮੰਨਦੇ ਸਨ। ਮਾਲੀ ਤੌਰ ਤੇ ਕਮਜ਼ੋਰ ਰਿਹਾ। ਇਸ ਲਈ ਉਸਦੇ ਪੁੱਤਰ ਹਮਾਯੂੰ ਨੂੰ ਗੱਦੀ ਮਿਲਣ ਤੇ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਹਮਾਯੂੰ ਸ਼ੇਰ ਸ਼ਾਹਸੂਰੀ ਹੱਥੋਂ ਹਾਰ ਗਿਆ (1540-1555) ਅਤੇ 15 ਸਾਲ ਗੱਦੀ ਤੋਂ ਵਾਂਝਾ ਰਿਹਾ। ਫਿਰ ਵੀ ਬਾਬਰ ਨੂੰ ਇਤਿਹਾਸ ਵਿਚ ਮੁਗਲ ਰਾਜ ਦਾ ਬਾਨੀ ਮੰਨਿਆ ਜਾਂਦਾ ਹੈ।

47 ਸਾਲ ਦੀ ਉਮਰ ਵਿਚ ਉਸਦੀ ਮੌਤ ਆਗਰਾ ਵਿਖੇ 26 ਦਸੰਬਰ, 1530 ਵਿਚ ਹੋਈ। ਉਸਨੂੰ ਆਗਰੇ ਵਿਚ ਦਫਨਾਇਆ ਗਿਆ। ਫਿਰ 1539 ਵਿਚ ਉਸਦੀ ਯਾਦਗਾਰ ਕਾਬਲ ਵਿਚ ਬਣੀ।

**ਬਾਬਰ ਬਾਣੀ:-** ਬਾਬਰ ਦੇ ਹਮਲਿਆਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਨਾਨਕ ਦੇਵ ਜੀ ਤੀਸਰੀ ਉਦਾਸੀ ਦੇ ਵਿਚ ਐਮਨਾਬਾਦ ਪੁੱਜੇ ਸਨ। ਬਾਬਰ ਦੇ ਫੌਜੀਆਂ ਹੱਥੋਂ ਜੋ ਦੁਰਗਤਿ ਸੈਦਪੁਰ ਨਿਵਾਸੀਆਂ ਦੀ ਅੱਖੀਂ ਦੇਖੀ, ਬਾਬਰ ਬਾਣੀ ਵਿਚ ਹੈ ਕਿ ਖੁਰਾਸਾਨ ਦੀ ਹਵਾਲਗੀ ਕਿਸੇ ਹੋਰ ਨੂੰ ਕਰਕੇ ਬਾਬਰ ਮੁਗਲ ਨੇ ਹਮਲਾ ਕਰਕੇ ਹਿੰਦੁਸਤਾਨ ਨੂੰ ਆ ਸਹਿਮ ਪਾਇਆ। ਜਿਹੜੇ ਲੋਕ ਆਪਣੇ ਫਰਜ਼ ਭੁਲਾ ਕੇ ਰੰਗਰਲੀਆਂ ਵਿਚ ਪੈ ਜਾਂਦੇ ਹਨ, ਉਹਨਾਂ ਨੂੰ ਸਜ਼ਾ ਭੁਗਤਣੀ ਹੀ ਪੈਂਦੀ ਹੈ। ਇਸ ਬਾਰੇ ਕਰਤਾਰ ਆਪਣੇ ਉਤੇ ਇਤਰਾਜ਼ ਨਹੀਂ ਆਉਣ ਦਿੰਦਾ। ਸੋ, ਫਰਜ਼ ਭੁਲਾ ਕੇ ਵਿਕਾਰਾਂ ਵਿਚ ਮਸਤ ਪਏ ਪਠਾਣ ਹਾਕਮਾਂ ਨੂੰ ਦੰਡ ਦੇਣ ਲਈ ਕਰਤਾਰ ਨੇ ਮੁਗਲ ਬਾਬਰ ਨੂੰ ਜਮਰਾਜ਼ ਬਣਾ ਕੇ ਹਿੰਦੁਸਤਾਨ 'ਤੇ ਚਾੜ੍ਹ ਦਿੱਤਾ। ਪਰ ਹੇ ਕਰਤਾਰ! ਬਦ ਮਸਤ ਪਠਾਣ ਹਾਕਮਾਂ ਦੇ ਨਾਲ ਗਰੀਬ ਨਿਹੱਥੇ ਲੋਕ ਵੀ ਪੀਸ ਗਏ। ਇਤਨੀ ਮਾਰ ਪਈ ਕਿ ਉਹ ਹਾਇ-ਹਾਇ ਪੁਕਾਰ ਉੱਠੇ। ਕੀ ਇਹ ਸਭ ਕੁਝ ਵੇਖ ਕੇ ਤੈਨੂੰ ਉਹਨਾਂ 'ਤੇ ਤਰਸ ਨਹੀਂ ਆਇਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਹੇ ਕਰਤਾਰ! ਤੂੰ ਸਭਨਾਂ ਹੀ ਜੀਵਾਂ ਦੀ ਸਾਰ ਰੱਖਣ ਵਾਲਾ ਹੈ। ਜੇ ਕੋਈ ਜ਼ੋਰਾਵਰ ਜ਼ੋਰਾਵਰ ਨੂੰ ਮਾਰ ਕੁਟਾਈ ਕਰੇ ਤਾਂ ਵੇਖਣ ਵਾਲਿਆਂ ਦੇ ਮਨ ਵਿਚ ਗੁੱਸਾ-ਗਿਲਾ ਨਹੀਂ ਹੁੰਦਾ। ਕਿਉਂਕਿ ਦੋਵੇਂ ਧਿਰਾਂ ਇਕ-ਦੂਜੇ ਨੂੰ ਕਰਾਰੇ ਹੱਥ ਵਿਖਾ ਲੈਂਦੇ ਹਨ। ਰਹਾਉ॥

ਪਰ ਜੇ ਕੋਈ ਸ਼ੇਰ ਵਰਗਾ ਜੋਰਾਵਰ ਗਾਈਆਂ ਦੇ ਵੱਗ ਵਰਗੇ ਕਮਜੋਰ ਨਿਹੱਥਿਆਂ ਉਤੇ ਹੱਲਾ ਕਰਕੇ ਮਾਰਨ ਨੂੰ ਆ ਪਵੇ ਤਾਂ ਇਸਦੀ ਪੁੱਛ ਵੱਗ ਦੇ ਖਸਮ ਨੂੰ ਹੁੰਦੀ ਹੈ। ਤਾਹੀਏ, ਹੇ ਕਰਤਾਰ! ਮੈਂ ਤੇਰੇ ਅੱਗੇ ਪੁਕਾਰ ਕਰਦਾ ਹਾਂ, ਕੁੱਤੇ ਓਪਰੇ ਕੁੱਤਿਆਂ ਨੂੰ ਵੇਖ ਕੇ ਜਰ ਨਹੀਂ ਸਕਦੇ। ਪਾੜ ਖਾਂਦੇ ਹਨ। ਇਸੇ ਤਰ੍ਹਾਂ ਮਨੁੱਖ ਨੂੰ ਪਾੜ ਖਾਣ ਵਾਲੇ ਇਹਨਾਂ ਮਨੁੱਖ ਰੂਪੀ ਮੁਗਲ ਕੁੱਤਿਆਂ ਨੇ ਤੇਰੇ ਬਣਾਏ ਸੋਹਣੇ ਬੰਦਿਆਂ ਨੂੰ ਮਾਰ ਮਾਰ ਕੇ ਮਿੱਟੀ ਵਿਚ ਰੋਲ ਦਿੱਤਾ ਹੈ। ਮਰੇ ਪਿਆਂ ਦੀ ਕੋਈ ਸਾਰ ਹੀ ਨਹੀਂ ਲੈਂਦਾ।

ਹੇ ਕਰਤਾਰ! ਤੇਰੀ ਰਜ਼ਾ ਤੂੰ ਹੀ ਜਾਣੇ। ਤੂੰ ਆਪ ਹੀ ਸਬੰਧ ਜੋੜ ਕੇ ਆਪ ਹੀ ਇਹਨਾਂ ਨੂੰ ਮੌਤ ਦੇ ਘਾਟ ਉਤਾਰ ਕੇ ਆਪੋ ਵਿਚੋਂ ਵਿਛੋੜ ਦਿੱਤਾ ਹੈ। ਵੇਖ ਹੇ ਕਰਤਾਰ। ਇਹ ਤੇਰੀ ਤਾਕਤ ਦਾ ਕਰਿਸ਼ਮਾ ਹੈ।

ਬੰਨ- ਪਦਾਰਥ ਹਕੂਮਤ ਦੇ ਨਸ਼ੇ ਵਿਚ ਮਨੁੱਖ ਆਪਣੀ ਹਸਤੀ ਨੂੰ ਭੁੱਲ ਜਾਂਦਾ ਹੈ। ਤੇ ਬੜੀ ਆਕੜ ਵਿਖਾ ਵਿਖਾ ਕੇ ਹੋਰਨਾਂ ਨੂੰ ਦੁੱਖ ਦਿੰਦਾ ਹੈ। ਪਰ ਇਹ ਨਹੀਂ ਸਮਝਦਾ ਕਿ ਜੇ ਕੋਈ ਮਨੁੱਖ ਆਪਣੇ ਆਪ ਨੂੰ ਵੱਡੇ ਅਖਵਾ ਲਵੇ ਤੇ ਮਨ-ਮਾਨੀਆਂ, ਰੰਗ ਰਲੀਆਂ ਮਾਣ ਲਏ ਤਾਂ ਉਹ ਖਸਮ ਪ੍ਰਭੂ ਦੀਆਂ ਨਜ਼ਰਾਂ ਵਿਚ ਇਕ ਕੀੜਾ ਹੀ ਦਿਸਦਾ ਹੈ। ਜੋ ਧਰਤੀ ਤੋਂ ਦਾਣੇ ਚੁਗ ਚੁਗ ਕੇ ਨਿਰਬਾਹ ਕਰਦਾ ਹੈ। ਹਉਮੈ ਦੀ ਬਦ ਮਸਤੀ ਵਿਚ ਉਹ ਮਨੁੱਖੀ ਜ਼ਿੰਦਗੀ ਅਜਾਈਂ ਹੀ ਗਵਾ ਲੈਂਦਾ ਹੈ।

ਹੇ ਨਾਨਕ! ਜਿਹੜਾ ਮਨੁੱਖ ਵਿਕਾਰਾਂ ਵੱਲੋਂ ਆਪਾ ਮਾਰ ਕੇ ਆਤਮਕ ਜੀਵਨ ਜਿਉਂਦਾ ਹੈ ਤੇ ਪ੍ਰਭੂ ਦਾ ਨਾਮ ਸਿਮਰਦਾ ਹੈ। ਉਹੀ ਇੱਥੋਂ ਕੁਝ ਖੱਟਦਾ ਹੈ। ਅੰਗ 360

ਹੇ ਅਕਾਲ-ਪੁਰਖ ਬਿਪਤਾ ਵੇਲੇ ਸਾਡੇ ਜੀਵਾਂ ਦੀ ਤੈਨੂੰ ਹੀ ਨਮਸਕਾਰ ਹੈ। ਹੋਰ ਕਿਹੜਾ ਆਸਰਾ ਹੋ ਸਕਦਾ ਹੈ? ਹੇ ਆਦਿ ਪੁਰਖ! ਤੇਰੇ ਭਾਣਿਆਂ ਦਾ ਸਾਨੂੰ ਭੇਤ ਨਹੀਂ ਮਿਲਦਾ। ਤੂੰ ਇਹ ਭਾਣੇ ਆਪ ਹੀ ਕਰਕੇ ਆਪ ਹੀ ਵੇਖ ਰਿਹਾ ਹੈ। ਰਹਾਉ॥

ਜਿਹਨਾਂ ਸੁੰਦਰੀਆਂ ਦੇ ਸਿਰ ਉਤੇ ਕੇਸਾਂ ਦੇ ਵਿਚਕਾਰਲੇ ਚੀਰ ਵਿਚ ਸੰਧੂਰ ਪਾ ਕੇ ਕਾਲੇ ਕੇਸਾਂ ਦੀਆਂ ਪੱਟੀਆਂ ਹੁ ਣ ਤੱਕ ਸੋਭਦੀਆਂ ਆ ਰਹੀਆਂ ਹਨ। ਉਹਨਾਂ ਦੇ ਮੂੰਹ ਵਿਚ ਮਿੱਟੀ ਪੈ ਰਹੀ ਹੈ। ਜਿਹੜੀਆਂ ਪਹਿਲਾਂ ਆਪਣੇ ਮਹੱਲਾਂ ਵਿਚ ਵਸਦੀਆਂ ਸਨ। ਹੁਣ ਉਹਨਾਂ ਨੂੰ ਉਹਨਾਂ ਦੇ ਮਹਲਾਂ ਦੇ ਕਿਤੇ ਨੇੜੇ ਵੀ ਢੁੱਕਣ ਨਹੀਂ ਦਿੱਤਾ ਜਾਂਦਾ।

ਜਦੋਂ ਉਹ ਸੁੰਦਰੀਆਂ ਵਿਆਹੀਆਂ ਆਈਆਂ ਸਨ, ਉਹਨਾਂ ਦੇ ਕੋਲ ਉਹਨਾਂ ਦੇ ਲਾੜੇ ਸੁਹਣੇ ਲੱਗ ਰਹੇ ਸਨ। ਉਹ ਪਾਲਕੀਆਂ ਵਿਚ ਚੜ੍ਹ ਕੇ ਆਈਆਂ ਸਨ। ਉਹਨਾਂ ਦੀਆਂ ਬਾਹਾਂ ਉਤੇ ਹਾਥੀ ਦੰਦ ਦੇ ਚੂੜੇ ਸੋਹਣੇ ਲੱਗ ਰਹੇ ਸਨ। ਉਹ ਪਾਲਕੀਆਂ ਵਿਚ ਚੜ੍ਹ ਕੇ ਆਈਆਂ ਸਨ। ਉਹਨਾਂ ਦੀਆਂ ਬਾਹਾਂ ਉਤੇ ਹਾਥੀ ਦੰਦ ਦੇ ਚੂੜੇ ਸਜੇ ਹੋਏ ਸਨ। ਸੁਹਰੇ ਘਰ ਆਈਆਂ ਦੇ ਉਤੋਂ ਦੀ ਸ਼ਗਨਾਂ ਦਾ ਪਾਣੀ ਵਾਰਿਆ ਜਾਂਦਾ ਸੀ। ਸ਼ੀਸ਼ਿਆਂ ਜੜੇ ਪੱਖੇ ਉਹਨਾਂ ਦੇ ਕੋਲ ਉਹਨਾਂ ਦੇ ਹੱਥਾਂ ਵਿਚ ਲਿਸ਼ਕ ਰਹੇ ਸਨ।

ਸੁਹਰੇ ਘਰ ਆ ਕੇ ਬੈਠੀਆਂ ਨੂੰ ਇਕ ਲੱਖ ਰੁਪਿਆ ਸ਼ਗਨਾਂ ਦਾ ਲੈਂਦੀਆਂ ਸਨ। ਖਲੋਤੀਆਂ ਭੀ ਲੈਂਦੀਆਂ ਸਨ। ਗਰੀ-ਛੁਹਾਰੇ ਖਾਂਦੀਆਂ ਸਨ ਤੇ ਸੋਹਣੀਆਂ ਸੇਜਾਂ ਮਾਣਦੀਆਂ ਸਨ। ਅੱਜ ਉਹਨਾਂ ਦੇ ਗਲ ਵਿਚ ਜ਼ਾਲਮਾਂ ਨੇ ਰੱਸੀਆਂ ਪਾਈਆਂ ਹੋਈਆਂ ਹਨ। ਉਹਨਾਂ ਦੇ ਗਲ਼ ਵਿਚ ਪਏ ਮੋਤੀਆਂ ਦੇ ਹਾਰ ਟੁੱਟ ਰਹੇ ਹਨ। ਉਹਨਾਂ ਦਾ ਧੰਨ ਜੋਬਨ ਜਿਹਨਾਂ ਨੇ ਉਹਨਾਂ ਸੁੰਦਰੀਆਂ ਨੂੰ ਨਸ਼ਾ ਚਾੜ੍ਹਿਆ ਹੋਇਆ ਸੀ। ਅੱਜ ਦੋਵੇਂ ਹੀ ਉਹਨਾਂ ਦੇ ਵੈਰੀ ਬਣੇ ਹੋਏ ਹਨ। ਬਾਬਰ ਨੇ ਜਾਲਮ ਸਿਪਾਹੀਆਂ ਨੂੰ ਹੁਕਮ ਦੇ ਰੱਖਿਆ ਹੈ। ਉਹ ਉਹਨਾਂ ਦੀ ਇੱਜ਼ਤ ਗਵਾ ਕੇ ਉਹਨਾਂ ਨੂੰ ਲੈ ਜਾ ਰਹੇ ਹਨ। ਜੀਵਾਂ ਦੇ ਕੁਝ ਵੱਸ ਨਹੀਂ। ਜੇ ਉਸ ਪ੍ਰਮਾਤਮਾ ਨੂੰ ਚੰਗਾ ਲੱਗੇ ਤਾਂ ਆਪਣੇ ਪੈਦਾ ਕੀਤੇ ਜੀਵਾਂ ਨੂੰ ਵਡਿਆਈ-ਆਦਰ ਦਿੰਦਾ ਹੈ। ਜੇ ਉਸਦੀ ਰਜ਼ਾ ਹੋਵੇ ਤਾਂ ਸਜ਼ਾ ਦਿੰਦਾ ਹੈ।

ਜੇ ਪਹਿਲਾਂ ਹੀ ਆਪੋ ਆਪਣੇ ਫਰਜ਼ ਨੂੰ ਚੇਤੇ ਕਰਦੇ ਰਹੀਏ, ਚੇਤੇ ਰੱਖੀਏ ਤਾਂ ਅਜਿਹੀ ਸਜ਼ਾ ਕਿਉਂ ਮਿਲੇ? ਇੱਥੋਂ ਦਿਆਂ ਹਾਕਮਾਂ ਨੇ ਐਸ਼ ਵਿਚ ਤਮਾਸ਼ਿਆਂ ਦੇ ਚਾਅ ਵਿਚ ਆਪਣਾ ਫਰਜ਼ ਭੁਲਾ ਦਿੱਤਾ ਸੀ। ਹੁਣ ਜਦੋਂ ਬਾਬਰ ਦੀ ਦੁਹਾਈ ਫਿਰੀ ਤਾਂ ਹੋਰ ਪ੍ਰਜਾ ਤਾਂ ਕਿਤੇ ਰਹੀ ਕੋਈ ਪਾਣ ਸ਼ਾਹਜ਼ਾਦਾ ਵੀ ਕਿਤੋਂ ਮੰਗ-ਪਿੰਨ ਕੇ ਰੋਟੀ ਨਹੀਂ ਖਾ ਸਕਦਾ।

ਸੈਦਪੁਰ ਦੀਆਂ ਇਸਤਰੀਆਂ ਦਾ ਇਹ ਹਾਲ ਹੋ ਰਿਹਾ ਹੈ ਕਿ ਜ਼ਾਲਮਾਂ ਦੇ ਪੰਜੇ ਵਿਚ ਆ ਕੇ ਮੁਸਲਮਾਨੀਆਂ ਦੇ ਨਿਮਜ ਦੇ ਵਕਤ ਖੁੰਝ ਰਹੇ ਹਨ। ਹਿੰਦਵਾਣੀਆਂ ਦਾ ਪੂਜਾ ਦਾ ਸਮਾਂ ਜਾ ਰਿਹਾ ਹੈ। ਜਿਹੜੀਆਂ ਅੱਗੇ ਨਹਾ ਕੇ ਟਿੱਕੇ ਲਾ ਕੇ ਸੁੱਚੇ ਚੌਂਕੇ ਵਿਚ ਬੈਠਦੀਆਂ ਸਨ, ਹੁਣ ਨਾ ਉਹ ਇਸ਼ਨਾਨ ਕਰਕੇ ਟਿੱਕੇ ਲਗਾ ਸਕਦੀਆਂ ਹਨ, ਨਾ ਹੀ ਉਹਨਾਂ ਦੇ ਸੁੱਚੇ ਚੌਂਕੇ ਰਹਿ ਗਏ ਹਨ। ਜਿਹਨਾਂ ਨੇ ਧੰਨ ਦੌਲਤ ਦੇ ਨਸ਼ੇ ਵਿਚ ਕਦੇ ਰਾਮ ਨੂੰ ਚੇਤੇ ਨਹੀਂ ਸੀ ਕੀਤਾ, ਹੁਣ ਜ਼ਾਲਮ ਬਾਬਰ ਸਿਪਾਹੀਆਂ ਨੂੰ ਖੁਸ਼ ਕਰਨ ਲਈ ਉਹਨਾਂ ਨੂੰ ਖੁਦਾ-ਖੁਦਾ ਵੀ ਆਖਣਾ ਨਹੀਂ ਮਿਲਦਾ।

ਬਾਬਰ ਦੀ ਕਤਲੇਆਮ ਤੇ ਕੈਦ ਵਿਚੋਂ ਜਿਹੜੇ ਕੋਈ ਵਿਰਲੇ ਮਨੁੱਖ ਬਚ ਕੇ ਆਪੋ-ਆਪਣੇ ਘਰ ਆਉਂਦੇ ਹਨ। ਉਹ ਇਕ-ਦੂਜੇ ਦੀ ਸੁੱਖ-ਸਾਂਦ ਪੁੱਛਦੇ ਹਨ। ਅਨੇਕਾਂ ਦੇ ਸਾਕ ਸਬੰਧੀ ਮਾਰੇ ਤੇ ਕੈਦ ਕੀਤੇ ਗਏ। ਉਹਨਾਂ ਦੀ ਕਿਸਮਤ ਵਿਚ ਇਹੀ ਬਿਪਤਾ ਲਿਖੀ ਪਈ ਸੀ। ਉਹ ਇਕ-ਦੂਜੇ ਪਾਸ ਬੈਠ ਕੇ ਆਪੋ-ਆਪਣੇ ਦੁੱਖ ਰੋਂਦੇ ਹਨ। ਰੋ ਰੋ ਕੇ ਆਪਣਾ ਦੁੱਖ ਦੱਸਦੇ ਹਨ।

ਪਰ ਹੇ ਨਾਨਕ! ਮਨੁੱਖ ਵਿਚਾਰੇ ਕੀ ਕਰਨ ਜੋਗੇ ਹਨ। ਉਹੀ ਕੁਝ ਵਾਪਰਦਾ ਹੈ ਜੋ ਉਸ ਸਿਰਜਣਹਾਰ ਕਰਤਾਰ ਨੂੰ ਭਾਉਂਦਾ ਹੈ। ਅੰਗ 417

ਹੇ ਪ੍ਰਭੂ ਇਹ ਜਗਤ ਤੇਰਾ ਬਣਾਇਆ ਹੋਇਆ ਹੈ। ਤੂੰ ਇਸ ਜਗਤ ਦਾ ਮਾਲਕ ਹੈ। ਉਸ ਮਾਲਕ ਦੀ ਅਚਰਜ਼ ਖੇਡ ਹੈ। ਜਗਤ ਚ ਕੇ ਇਕ ਘੜੀ ਵਿਚ ਤਬਾਹ ਵੀ ਦਿੰਦਾ ਹੈ। ਤੇ ਧੰਨ ਦੌਲਤ ਵੰਡ ਕੇ ਹੋਰਨਾਂ ਨੂੰ ਦਿੰਦਾ ਹੈ। ਰਹਾਉ॥

ਅਜੇ ਕੱਲ੍ਹ ਦੀ ਗੱਲ ਹੈ ਕਿ ਸੈਦਪੁਰ ਵਿਚ ਰੌਣਕ ਹੀ ਰੌਣਕ ਸੀ। ਪਰ ਹੁਣ ਕਿੱਥੇ ਹਨ ਫੌਜੀਆਂ ਦੇ ਖੇਡ ਤਮਾਸ਼ੇ? ਕਿੱਥੇ ਹਨ ਘੋੜੀਆਂ ਤੇ ਘੋੜੇ ਦੇ ਤਬੇਲੇ? ਕਿੱਥੇ ਗਏ ਨਗਾਰੇ ਤੇ ਤੂੰਤੀਆਂ? ਕਿੱਥੇ ਹਨ ਪਸਮੀਨੇ ਦੇ ਗਾਤਰੇ? ਤੇ ਕਿੱਥੇ ਹਨ ਉਹ ਫੌਜੀਆਂ ਦੀਆਂ ਲਾਲ ਵਰਦੀਆਂ? ਕਿੱਥੇ ਹਨ ਸ਼ੀਸ਼ੇ? ਤੇ ਸ਼ੀਸ਼ਿਆਂ ਵਿਚ ਵੇਖੇ ਜਾਣ ਵਾਲੇ ਸੋਹਣੇ ਮੂੰਹ? ਅੱਜ ਇੱਥੇ ਸੈਦਪੁਰ ਵਿਚ ਕਿਤੇ ਨਹੀਂ ਦਿਸਦੇ।

ਕਿੱਥੇ ਹਨ ਉਹ ਸੋਹਣੇ ਘਰ, ਮਹਲ-ਮਾੜੀਆਂ ਤੇ ਸੋਹਣੀਆਂ ਸਰਾਵਾਂ? ਕਿੱਥੇ ਹੈ ਉਹ ਸੁੱਖ ਦੇਣ ਵਾਲੀ ਇਸਤਰੀ ਤੇ ਉਸਦੀ ਸੇਜ਼? ਜਿਸਨੂੰ ਵੇਖ ਕੇ ਅੱਖਾਂ ਵਿਚੋਂ ਨੀਂਦ ਮੁੱਕ ਜਾਂਦੀ ਸੀ। ਕਿੱਥੇ ਹਨ ਉਹ ਪਾਨ ਤੇ ਪਾਨ ਵੇਚਣ ਵਾਲੀਆਂ ਤੇ ਕਿੱਥੇ ਉਹ ਪਰਦੇਦਾਰ ਜ਼ਨਾਨੀਆਂ? ਸਭ ਗੁੰਮ ਹੋ ਚੁੱਕੀਆਂ ਹਨ।

ਇਸ ਧੰਨ ਦੀ ਖਾਤਰ ਬਹੁਤ ਲੁਕਾਈ ਖੁਆਰ ਹੁੰਦੀ ਹੈ। ਇਸ ਧੰਨ ਨੇ ਬਹੁਤ ਦੁਨੀਆਂ ਨੂੰ ਖੁਆਰ ਕੀਤਾ ਹੈ। ਪਾਪ ਜ਼ੁਲਮ ਕਰਨ ਤੋਂ ਬਿਨਾਂ ਇਹ ਦੌਲਤ ਇਕੱਠੀ ਨਹੀਂ ਹੋ ਸਕਦੀ। ਤੇ ਮਰਨ ਵੇਲੇ ਇਹ ਇਕੱਠੀ ਕਰਨ ਵਾਲੇ ਦੇ ਨਾਲ ਨਹੀਂ ਜਾਂਦੀ। ਪਰ ਜੀਵ ਦੇ ਕੀ ਵੱਸ? ਪ੍ਰਮਾਤਮਾ, ਜਿਸਨੂੰ ਆਪ ਕੁਰਾਹੇ ਪਾਉਂਦਾ ਹੈ, ਪਹਿਲਾਂ ਉਸ ਪਾਸੋਂ ਉਸਦੀ ਚੰਗਿਆਈ ਖੋਹ ਲੈਂਦਾ ਹੈ।

ਜਦੋਂ ਪਠਾਣ ਹਾਕਮਾਂ ਨੇ ਸੁਣਿਆ ਕਿ ਮੀਰ ਬਾਬਰ ਹੱਲਾ ਕਰਕੇ ਵੱਗਾ ਤੱਗ ਆ ਰਿਹਾ ਹੈ ਤਾਂ ਉਹਨਾਂ ਅਨੇਕ ਹੀ ਪੀਰਾਂ ਨੂੰ ਜਾਦੂ ਟੂਣੇ ਕਰਨ ਲਈ ਰੋਕ ਰੱਖਿਆ। ਪਰ ਉਹਨਾਂ ਦੀਆਂ ਤਸਬੀਆਂ ਫਿਰਨ ਤੇ ਵੀ ਪੱਕੇ ਥਾਂ ਮੁਕਾਮ ਪੱਕੇ ਮਹਲ ਮੁਗਲਾਂ ਦੀ ਲਾਈ ਅੱਗ ਨਾਲ ਸੜ ਕੇ ਸੁਆਹ ਹੋ ਗਏ। ਉਹਨਾਂ ਨੇ ਪਠਾਣ ਸ਼ਹਿਜਾਦਿਆਂ ਨੂੰ ਟੋਟੇ ਕਰਕੇ ਮਿੱਟੀ ਵਿਚ ਰੋਲ ਦਿੱਤਾ। ਪੀਰਾਂ ਦੀਆਂ ਤਸਬੀਆਂ ਨਾਲ ਕੋਈ ਇਕ ਵੀ ਮੁਗਲ ਅੰਨਾ ਨਾ ਹੋਇਆ। ਕਿਸੇ ਵੀ ਪੀਰ ਨੇ ਕੋਈ ਕਰਾਮਾਤ ਕਰ ਨਾ ਵਿਖਾਈ।

ਜਦੋਂ ਮੁਗਲਾਂ ਤੇ ਪਠਾਣਾਂ ਦੀ ਲੜਾਈ ਹੋਈ, ਲੜਾਈ ਦੇ ਮੈਦਾਨ ਵਿਚ ਦੋਹਾਂ ਧਿਰਾਂ ਨੇ ਤਲਵਾਰ ਚਲਾਈ। ਉਹਨਾਂ ਮੁਗਲਾਂ ਨੇ ਬੰਦੂਕਾਂ ਦੇ ਨਿਸ਼ਾਨੇ ਬੰਨ ਬੰਨ੍ਹ ਕੇ ਗੋਲੀਆਂ ਚਲਾਈਆਂ। ਪਰ ਪਠਾਣਾਂ ਦੀਆਂ ਹੱਥ ਵਿਚ ਹੀ ਚਿੜ ਚਿੜ ਕਰ ਗਈਆਂ। ਪਰ ਹੇ ਭਾਈ! ਧੁਰੋਂ ਹੀ ਜਿਹਨਾਂ ਦੀ ਉਮਰ ਦੀ ਚਿੱਠੀ ਪਾਟ ਜਾਂਦੀ ਹੈ, ਉਹਨਾਂ ਮਰਨਾ ਹੀ ਹੁੰਦਾ ਹੈ।

ਕੀਹ ਹਿੰਦੂ ਇਸਤਰੀਆਂ ਕੀਹ ਮੁਸਲਮਾਨ ਔਰਤਾਂ ਤੇ ਕੀਹ ਭੱਟਾਂ ਤੇ ਠਾਕੁਰਾਂ ਦੀਆਂ ਜਨਾਨੀਆਂ ਕਈਆਂ ਦੇ ਬੁਰਕੇ ਸਿਰ ਤੋਂ ਲੈ ਕੇ ਪੈਰਾਂ ਤੱਕ ਲੀਰ ਲੀਰ ਹੋ ਗਏ। ਕਈਆਂ ਦਾ ਮਰ ਕੇ ਮਸਾਣਾਂ ਵਿਚ ਜਾ ਵਾਸਾ ਹੋਇਆ। ਜਿਹੜੀਆਂ ਬਚ ਰਹੀਆਂ, ਉਹ ਵੀ ਵਿਚਾਰੀਆਂ ਕੀਹ ਬਚੀਆਂ, ਜਿਹਨਾਂ ਦੇ ਸੋਹਣੇ ਖਸਮ ਘਰਾਂ ਵਿਚ ਨਾ ਆਏ, ਉਹਨਾਂ ਉਹ ਬਿਪਤਾ ਦੀ ਰਾਤ ਕਿਵੇਂ ਕੱਟੀ ਹੋਵੇਗੀ?

ਪਰ ਇਹ ਦਰਦ ਭਰੀ ਕਹਾਣੀ ਕਿਸ ਨੂੰ ਆਖ ਕੇ ਸੁਣਾਈ ਜਾਵੇ? ਕਰਤਾਰ ਆਪ ਹੀ ਸਭ ਕੁਝ ਕਰਦਾ ਹੈ, ਤੇ ਜੀਵਾਂ ਤੋਂ ਕਰਾਂਦਾ ਹੈ।

ਹੇ ਕਰਤਾਰ! ਦੁੱਖ ਹੋਵੇ ਚਾਹੇ ਸੁੱਖ ਹੋਵੇ ਤੇਰੀ ਰਜ਼ਾ ਵਿਚ ਹੀ ਵਾਪਰਦਾ ਹੈ। ਤੈਥੋਂ ਬਿਨਾਂ ਹੋਰ ਕਿਸ ਪਾਸ ਜਾ ਕੇ ਦੁੱਖ ਫਰੋਲੀਏ?

ਹੇ ਨਾਨਕ! ਰਜ਼ਾ ਦਾ ਮਾਲਕ ਪ੍ਰਭੂ ਆਪਣੀ ਰਜ਼ਾ ਵਿਚ ਹੀ ਜਗਤ ਦੀ ਕਾਰ ਚਲਾ ਰਿਹਾ ਹੈ। ਤੇ ਵੇਖ ਵੇਖ ਕੇ ਸੰਤੁਸ਼ਟ ਹੋ ਰਿਹਾ ਹੈ। ਆਪੋ-ਆਪਣੇ ਕੀਤੇ ਕਰਮਾਂ ਅਨੁਸਾਰ ਲਿਖਿਆ ਲੇਖ ਭੋਗੀਦਾ। ਅੰਗ 417

ਹੇ ਭਾਈ ਲਾਲੋ! ਮੈਨੂੰ ਜਿਹੋ ਜਿਹੀ ਖਸਮ ਪ੍ਰਭੂ ਵੱਲੋਂ ਪ੍ਰੇਰਨਾ ਆਈ ਹੈ, ਉਸੇ ਅਨੁਸਾਰ ਮੈਂ ਤੈਨੂੰ ਉਸ ਦੁਰਘਟਨਾ ਦੀ ਵਾਕਫੀਅਤ ਦਿੰਦਾ ਹਾਂ, ਜੋ ਸ਼ਹਿਰ ਸੈਦਪੁਰ ਵਿਚ ਵਾਪਰੀ ਹੈ। ਬਾਬਰ ਕਾਬਲ ਤੋਂ ਫੌਜ ਜੋ ਮਾਨੋ ਪਾਪ-ਜੁਲਮ ਦੀ ਜੰਞ ਹੈ। ਇਕੱਠੀ ਕਰਕੇ ਆਣ ਚੜਿਆ ਹੈ ਅਤੇ ਜ਼ੋਰ ਧੱਕੇ ਨਾਲ ਹਿੰਦ ਦੀ ਹਕੂਮਤ ਰੂਪ ਕੰਨਿਆਦਾਨ ਮੰਗ ਰਿਹਾ ਹੈ। ਸੈਦਪੁਰ ਵਿਚੋਂ ਹਯਾ ਤੇ ਧਰਮ ਦੋਵੇਂ ਲੋਪ ਹੋ ਚੁੱਕੇ ਹਨ। ਝੂਠ ਹੀ ਝੂਠ ਚੌਧਰੀ ਬਣਿਆ ਫਿਰਦਾ ਹੈ। ਬਾਬਰ ਦੇ ਸਿਪਾਹੀਆਂ ਵੱਲੋਂ ਸੈਦਪੁਰ ਦੀਆਂ ਇਸਤਰੀਆਂ ਉਤੇ ਇਤਨੇ ਅੱਤਿਆਚਾਰ ਹੋ ਰਹੇ ਹਨ ਕਿ ਮਾਨੋ ਕਿ ਸ਼ੈਤਾਨ ਇਸ ਸ਼ਹਿਰ ਵਿਚ ਵਿਆਹ ਪੜ੍ਹਾਂ ਰਿਹਾ ਹੈ ਤੇ ਕਾਜ਼ੀਆਂ ਬ੍ਰਾਹਮਣਾਂ ਦੀ ਸਾਊ ਮਰਿਆਦਾ ਮੁੱਕ ਚੁੱਕੀ ਹੈ। ਮੁਸਲਮਾਨ ਔਰਤਾਂ ਵੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ। ਜੋ ਇਸ ਬਿਪਤਾ ਵਿਚ ਆਪਣੀ ਧਰਮ ਪੁਸਤਕ ਕੁਰਾਨ ਦੀਆਂ ਆਇਤਾਂ ਪੜ੍ਹ ਰਹੀਆਂ ਹਨ ਤੇ ਖੁਦਾ ਅੱਗੇ ਪੁਕਾਰ ਕਰ ਰਹੀਆਂ ਹਨ। ਉਚੀਆਂ ਜਾਤਾਂ ਦੀਆਂ ਨੀਵੀਆਂ ਜਾਤਾਂ ਦੀਆਂ ਅਤੇ ਹੋਰ ਵੀ ਸਭ ਹਿੰਦੂ ਇਸਤਰੀਆਂ ਇਹਨਾਂ ਸਾਰੀਆਂ ਉਤੇ ਅੱਤਿਆਚਾਰ ਹੋ ਰਹੇ ਹਨ।

ਹੇ ਨਾਨਕ ਇਸ ਖੂਨੀ ਵਿਆਹ ਵਿਚ ਸੈਦਪੁਰ ਨਗਰ ਦੇ ਅੰਦਰ ਹਰ ਪਾਸੇ ਵਿਰਲਾਪ ਹੋ ਰਹੇ ਹਨ ਤੇ ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ।

ਸੈਦਪੁਰ ਦੀ ਕਤਲੇਆਮ ਦੀ ਇਹ ਦੁਰਘਟਨਾ ਬੜੀ ਭਿਆਨਕ ਹੈ ਪਰ ਇਹ ਵੀ ਠੀਕ ਹੈ ਕਿ ਜਗਤ ਵਿਚ ਸਭ ਕੁਝ ਮਾਲਕ-ਪ੍ਰਭੂ ਦੀ ਰਜ਼ਾ ਵਿਚ ਹੋ ਰਿਹਾ ਹੈ। ਇਸ ਵਾਸਤੇ ਲੋਥਾਂ ਭਰੇ ਸ਼ਹਿਰ ਵਿਚ ਬੈਠ ਕੇ ਵੀ ਨਾਨਕ ਉਸ ਮਾਲਕ ਪ੍ਰਭੂ ਦੇ ਗੁਣ ਹੀ ਗਾਂਦਾ ਹੈ। ਹੇ ਭਾਈ ਲਾਲੋ! ਤੂੰ ਵੀ ਇਸ ਅਟੱਲ ਨਿਯਮ ਨੂੰ ਉਚਾਰ। ਚੇਤੇ ਰੱਖ ਕਿ ਜਿਸ ਮਾਲਕ ਪ੍ਰਭੂ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਸੇ ਨੇ ਇਸਨੂੰ ਮਾਇਆ ਦੇ ਮੋਹ ਵਿਚ ਪ੍ਰਵਿਰਤ ਕੀਤਾ ਹੋਇਆ ਹੈ। ਉਹ ਆਪ ਹੀ ਨਿਰਲੇਪ ਰਹਿ ਕੇ ਉਹਨਾਂ ਦੁਰਘਟਨਾਵਾਂ ਨੂੰ ਵੇਖ ਰਿਹਾ ਹੈ। ਜੋ ਮਾਇਆ ਮੋਹ ਦੇ ਕਾਰਨ ਵਾਪਰਦੀਆਂ ਹਨ।

ਉਹ ਮਾਲਕ ਪ੍ਰਭੂ ਅਟੱਲ ਨਿਯਮਾਂ ਵਾਲਾ ਹੈ। ਉਸਦਾ ਨਿਆਓ ਹੁਣ ਤੱਕ ਅਟੱਲ ਹੈ। ਉਸ ਅੱਗੇ ਨੂੰ ਵੀ ਅਟੱਲ ਨਯਮ ਵਰਤਾਏਗਾ। ਉਹੀ ਨਿਆਉਂ ਕਰੇਗਾ ਜੋ ਅਟੱਲ ਹੈ। ਉਸ ਅਟੱਲ ਨਿਯਮ ਅਨੁਸਾਰ ਹੀ ਇਸ ਵੇਲੇ ਸੈਦਪੁਰ ਵਿਚ ਹਰ ਪਾਸੇ ਮਨੁੱਖਾ ਸਰੀਰ ਰੂਪੀ ਕੱਪੜਾ ਟੋਟੇ-ਟੋਏ ਹੋ ਰਿਹਾ ਹੈ। ਇਹ ਇਕ ਐਸੀ ਭਿਆਨਕ ਘਟਨਾ ਹੋਈ ਹੈ, ਜਿਸਨੂੰ ਹਿੰਦੁਸਤਾਨ ਭੁਲਾ ਨਹੀਂ ਸਕੇਗਾ।

ਪਰ ਹੇ ਲਾਲੋ! ਜਦ ਤੱਕ ਮਨੁੱਖ ਮਾਇਆ ਦੇ ਮੋਹ ਵਿਚ ਪ੍ਰਵਿਰਤ ਹਨ, ਅਜਿਹੇ ਘੱਲੂਘਾਰੇ ਵਾਪਰਦੇ ਹੀ ਰਹਿਣੇ ਹਨ। ਮੁਗਲ ਅੱਜ ਸੰਮਤ ਅਠੱਤਰ ਵਿਚ ਆਏ ਹਨ। ਇਹ ਸੰਮਤ ਸਤਾਨਵੇਂ ਵਿਚ ਚੱਲੇ ਜਾਣਗੇ। ਕੋਈ ਹੋਰ ਸੂਰਮ ਵੀ ਉੱਠ ਖੜ੍ਹਾ ਹੋਵੇਗਾ। ਜੀਵ ਮਾਇਆ ਦੇ ਰੰਗ ਵਿਚ ਮਸਤ ਹੋ ਕੇ ਉਮਰ ਅਜਾਈਂ ਗਵਾ ਰਹੇ ਹਨ। ਨਾਨਕ ਤਾਂ ਇਸ ਵੇਲੇ ਵੀ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ। ਸਾਰੀ ਉਮਰ ਹੀ ਸਿਫਤ ਸਲਾਹ ਕਰਦਾ ਰਹੇਗਾ। ਕਿਉਂਕਿ ਇਹ ਮਨੁੱਖਾ ਜਨਮ ਦਾ ਸਮਾਂ ਸਿਫਤ ਸਲਾਹ ਵਾਸਤੇ ਹੀ ਮਿਲਿਆ ਹੈ। ਅੰਗ 772-723

ਹੇ ਭਾਈ! ਲਾਹੌਰ ਸ਼ਹਿਰ- ਸ਼ਹਿਰ ਨਿਵਾਸੀਆਂ ਵਾਸਤੇ ਆਤਮਕ ਮੌਤ ਲਿਆਈ ਰੱਖਣ ਦੇ ਕਾਰਨ ਜ਼ਹਿਰ ਬਣਿਆ ਪਿਐ। ਕਿਉਂਕਿ ਇੱਥੇ ਨਿੱਤ ਸਵੇਰੇ ਰੱਬੀ ਸਿਫਤ ਸਲਾਹ ਦੀ ਥਾਂ ਸਵਾ ਪਹਿਰ ਦਿਨ ਚੜ੍ਹੇ ਤੱਕ ਕਹਿਰ ਜ਼ੁਲਮ ਹੁੰਦਾ ਰਹਿੰਦਾ ਅਤੇ ਵਿਸ਼ੇ ਭੋਗਣਾ ਹੀ ਲਾਹੌਰ ਨਿਵਾਸੀਆਂ ਦਾ ਜੀਵਨ ਮਨੋਰਥ ਬਣ ਰਿਹਾ ਹੈ।

ਹੇ ਭਾਈ! ਹੁਣ ਲਾਹੌਰ ਸ਼ਹਿਰ ਅੰਮ੍ਰਿਤ ਦਾ ਚਸ਼ਮਾ ਤੇ ਪ੍ਰਮਾਤਮਾ ਦੀ ਸਿਫਤ ਸਲਾਹ ਦਾ ਸੋਮਾ ਬਣ ਗਿਐ। ਕਿਉਂਕਿ ਗੁਰਮਤਿ ਦੇ ਰੱਬੀ ਉਪਦੇਸ਼ਾਂ ਨਾਲ ਲਾਹੌਰ ਸ਼ਹਿਰ ਦੀਆਂ ਲੋਕ ਸਿਫਤਾਂ ਕਰਨ ਲੱਗ ਪਏ ਹਨ।

ਬਾਬਰਵਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਸ਼ਕਤੀਸ਼ਾਲੀ ਲੋਕਾਂ ਦਾ ਜਨ ਸਧਾਰਨ ਤੇ ਨੈਤਿਕ ਹਮਲਾ ਹੈ। ਜਦੋਂ ਜ਼ੁਲਮ ਪਾਪ ਅਤੇ ਨਿਆਂ ਦੀ ਬੁਰਾਈ ਦੀ ਅਤਿ ਹੁੰਦੀ ਹੈ ਤਾਂ ਚੰਗਿਆਈ ਦੀ ਅੰਤਿਮ ਜਿੱਤ ਹੁੰਦੀ ਹੈ।

ਪਰ ਮਨੁੱਖੀ ਜੀਵਨ ਨੂੰ ਨੈਤਿਕਤਾ ਵੱਲ ਮੋੜਨ ਨਾਲ ਹੀ ਜ਼ੁਲਮ ਦਾ ਅੰਤ ਹੁੰਦਾ ਹੈ।




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html








My Struggle in Life:

Das Pawar, Ishwar: 9781682131558: Amazon.com: Book

https://www.amazon.com/Struggle-Life-Ishwar-Das-Pawar/dp/1682131556




ਡਾ ਗੁਰਮੀਤ ਕੱਲਰਮਾਜਰੀ ਧੀਮੀ ਗਤੀ ਨਾਲ ਲਿਖਣ ਵਾਲਾ ਗੰਭੀਰਤਾ ਤੇ ਜ਼ਿੰਮੇਵਾਰ ਪੰਜਾਬੀ ਸ਼ਾਇਰ ਹੈ ਜਿਸ ਨੇ ਹਰੇ ਇਨਕਲਾਬ ਦੇ ਸਮੇਂ ਤੋਂ ਬਾਅਦ ਉਸ ਸਮਾਜਿਕ ਪ੍ਰਵਰਗ ਦੇ ਦੁੱਖ, ਬੇਬਸੀ, ਬੇਚੈਨੀ, ਬੇਹੁਰਮਤੀ ਨੂੰ ਬਹੁਤ ਡੂੰਘੀ ਸੰਵੇਦਨਾ ਨਾਲ ਕਵਿਤਾ ਵਿਚ ਪੇਸ਼ ਕੀਤਾ ਹੈ ਜਿਸ ਨੂੰ ਅਣਦੇਖਿਆ ਕਰਨਾ ਉਚ ਜਾਤੀ ਜਮਾਤੀ ਲੋਕਾਂ ਦਾ ਸ਼ੌਕ ਹੈ।' ਪੈਰਾਂ ਦੀ ਪਿਆਸ ' ਕਾਵਿ ਸੰਗ੍ਰਹਿ ਉਸ ਅੰਦਰਲੇ ਚੇਤਨ ਤੇ ਅਚੇਤਨ ਵਿਚ ਲਿਤਾੜੇ ਮਨੁੱਖ ਦੀ ਜਿਊਣ ਤੇ ਖੁਸ਼ ਹੋਣ ਦੀ ਰੀਝ ਹੈ।ਉਹ ਵਾਰ ਵਾਰ ਆਵਾਜ਼ ਦਿੰਦਾ ਹੈ ਕਿ ਨਪੀੜੇ ਲੋਕਾਂ ਨੂੰ ਆਪਣੀ ਸਮਾਜਿਕ ਗੁਲਾਮੀ ਤੋਂ ਮੁਕਤ ਕਰੋ। ਉਹਨਾਂ ਨੂੰ ਸੱਤਰੰਗੀ ਪੀਂਘ ਦੇਖਣ ਦਿਓ, ਉਹਨਾਂ ਨੂੰ ਨੱਚਣ ਦਿਓ, ਬੁੱਲ੍ਹਾਂ 'ਤੇ ਹਾਸਾ ਆਉਣ ਦਿਓ। ਉਹਨਾਂ ਨੂੰ ਹੁੰਮਸ ਦੀ ਰੁੱਤ ਵਿੱਚੋਂ ਲੰਘ ਜਾਣ ਦਿਓ।ਆਓ ਅਜਿਹੇ ਅਹਿਸਾਸਾਂ ਦੀ ਕਾਵਿ ਪੁਸਤਕ ਜੋ 'ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ 'ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ ਨੂੰ ਜੀ ਆਇਆਂ ਨੂੰ ਕਹੀਏ। **– ਸੰਤੋਖ ਸਿੰਘ ਸੁੱਖੀ**

# ਦਿੱਲੀ ਹਾਈ ਕੋਰਟ ਨੇ ਹਾਕੀ ਖਿਡਾਰਨ ਗੁਰਜੀਤ ਕੌਰ ਨੂੰ ਦਿੱਤੀ ਰਾਹਤ



**ਨਵੀਂ ਦਿੱਲੀ–** ਮੈਡੀਕਲ ਸਥਿਤੀ ਦੇ ਪ੍ਰਕਾਸ਼ਨ 'ਤੇ ਰੋਕ ਲਾਉਣ ਤੋਂ ਇਨਕਾਰ ਕਰਨ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਨੇ ਭਾਰਤੀ ਮਹਿਲਾ ਹਾਕੀ ਖਿਡਾਰਨ ਗੁਰਜੀਤ ਕੌਰ ਨੂੰ ਰਾਹਤ ਦਿੱਤੀ ਹੈ। ਜਸਟਿਸ ਸਿਧਾਰਥ ਮ੍ਰਿਦੁਲ ਤੇ ਜਸਟਿਸ ਅਮਿਤ ਸ਼ਰਮਾ ਦੇ ਬੈਂਚ ਨੇ ਆਰਜ਼ੀ ਹੁਕਮ ਜਾਰੀ ਕਰਦੇ ਹੋਏ ਭਾਰਤੀ ਮਹਿਲਾ ਹਾਕੀ ਟੀਮ ਦੇ ਸਾਬਕਾ ਕੋਚ ਸ਼ੋਰਡ ਮਾਰਿਨ ਨੂੰ ਉਨ੍ਹਾਂ ਦੀ ਕਿਤਾਬ 'ਵਿਲ ਪਾਵਰ' ਵਿਚ ਗੁਰਜੀਤ ਦੀ ਮੈਡੀਕਲ ਸਥਿਤੀ ਪ੍ਰਕਾਸ਼ਤ ਕਰਨ ਤੋਂ ਰੋਕ ਦਿੱਤਾ।


ਸਿੰਗਲ ਬੈਂਚ ਨੇ 15 ਸਤੰਬਰ ਨੂੰ ਕਿਤਾਬ ਨੂੰ ਜਾਰੀ ਕਰਨ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਕਿਤਾਬ 21 ਸਤੰਬਰ ਮਤਲਬ ਕਿ ਅੱਜ ਜਾਰੀ ਹੋਣੀ ਸੀ। ਬੈਂਚ ਨੇ ਕਿਹਾ ਕਿ ਕੌਰ ਦੀ ਟੀਮ ਦੇ ਸਾਥੀ ਉਸ ਦੀ ਮੈਡੀਕਲ ਸਥਿਤੀ ਬਾਰੇ ਜਾਣਦੇ ਸੀ ਪਰ ਇਹ ਪ੍ਰਕਾਸ਼ਨ ਲਈ ਨਹੀਂ ਹੈ ਕਿਉਂਕਿ ਉਹ ਜ਼ਾਬਤੇ ਨਾਲ ਵੀ ਬੱਝੇ ਹਨ। ਜ਼ਾਬਤਾ ਉਕਤ ਜਾਣਕਾਰੀ ਤੀਜੇ ਸਥਾਨ 'ਤੇ ਜ਼ਾਹਰ ਕਰਨ ਤੋਂ ਰੋਕਦਾ ਹੈ।

# ਕਵੀ ਮਦਨਵੀਰਾਂ ਦੀ ਪੁਸਤਕ 'ਘੇਰੇ ਤੋਂ ਬਾਹਰ' - ਇਕ ਸਮੀਖਿਆ

## ਘੇਰੇ ਤੋਂ ਬਾਹਰ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਮਦਨ ਵੀਰਾ**
**ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ,**
**ਪੰਨੇ: 96, ਮੁੱਲ: 200/-**

ਮਦਨ ਵੀਰਾ ਇਕ ਗਹਿਰ ਗੰਭੀਰ ਕਵੀ ਹੈ ਜਿਸਨੇ ਆਪਣੀ ਕਵਿਤਾ ਰਾਹੀਂ ਇਸ ਸਮਾਜ ਦੇ ਕੌੜੇ ਸੱਚ ਨੂੰ ਬੜੀ ਬਹਾਦਰੀ ਨਾਲ ਬਿਆਨ ਕੀਤਾ ਹੈ। ਉਸਦੀਆਂ ਕਵਿਤਾਵਾਂ ਨੂੰ ਇਸੇ ਕਰਕੇ ਦਿੱਲੀ ਯੂਨੀਵਰਸਿਟੀ ਵਰਗੀਆਂ ਵਿਸ਼ਵ ਵਿਦਿਆਲਿਆ ਦੇ ਸਿਲੇਬਸ ਵਿਚ ਸ਼ਾਮਲ ਹੋਣ ਦਾ ਮਾਣ ਹਾਸਲ ਹੈ। ਸਦੀਆਂ ਤੋਂ ਹਾਸ਼ੀਏ ਤੇ ਤੜਫ ਰਹੇ ਲੋਕਾਂ ਦੀ ਉਹ ਆਵਾਜ਼ ਬਣਦੇ ਹਨ। ਕਵੀ ਦੇ ਹਰ ਇਕ ਸ਼ਬਦ ਵਿਚ ਇਤਿਹਾਸ ਅਤੇ ਵਾਕ ਵਿਚ ਉਸਦੀ ਹਕੀਕਤ ਛੁੱਪੀ ਹੋਈ ਹੈ। ਕਿਸਾਨ ਅਤੇ ਮਜ਼ਦੂਰ ਦੀ ਦੂਰ- ਦਸ਼ਾ, ਸਰਕਾਰੀ ਨੀਤੀਆਂ, ਧਾਰਮਿਕ ਤਾਣਾ ਬਾਣਾ, ਸਮਾਜਕ ਪਰਸਥਿਤੀਆਂ ਹਮੇਸ਼ਾ ਗਰੀਬ ਨੂੰ ਰੱਬ ਦੀ ਹੋਣੀ ਦਾ ਧਾਰਨੀ ਬਣਾਉਂਦੀਆਂ ਰਹੀਆਂ ਹਨ।ਕਵੀ ਦਾ ਕਹਿਣਾ ਹੈ ਕਿ ਜੇਕਰ ਇਹ ਰਬ ਦੀ ਹੋਣੀ ਹੀ ਹੈ ਤਾਂ ਫਿਰ ਭਵਿੱਖ ਦੀ ਚਿੰਤਾ ਕਿਉਂ? ਅਜਿਹੇ ਕਾਵਿਕ ਰੰਗਾਂ ਨਾਲ ਉਹ ਅਜ ਤਕ ਪੰਜ ਕਾਵਿ ਸੰਗ੍ਰਹਿ ਅਤੇ ਪੰਜ ਬਾਲ ਕਾਵਿ ਸੰਗ੍ਰਹਿ ਸਿਰਜ ਜਾਂ ਸੰਪਾਦਨ ਕਰ ਚੁੱਕੇ ਹਨ। ਬਹੁਤ ਸਾਰੀਆਂ ਰਚਨਾਵਾਂ ਨੈਸ਼ਨਲ ਬੁਕ ਟਰੱਸਟ ਇੰਡੀਆਂ ਰਾਹੀਂ ਦੇਸੀ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਵੀ ਹੋ ਚੁੱਕੀਆਂ ਹਨ। ਉਹਨਾਂ ਦੀਆਂ ਪੁਸਤਕਾਂ ਭਾਖਿਆ, ਨਾਬਰਾਂ ਦੀ ਇਬਾਰਤ, ਤੰਦ ਤਾਣੀ, ਖਾਰਾਂ ਪਾਣੀ ਅਤੇ ਹਿੰਦੀ ਵਿਚ ਯੇਹ ਲੋ ਮੇਰਾ ਬੇਦਾਵਾ ਆਦਿ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਹੈ। ਕਵੀ ਨੇ ਪਿੰਡਾਂ ਵਿਚ ਗਰੀਬਾਂ ਦੀ ਹੁੰਦੀ ਦੂਰ-ਦਸ਼ਾ ਨੂੰ ਨੰਗੇ ਪਿੰਡੇ ਹੰਢਾਇਆ ਅਤੇ ਵੱਡੇ ਵਡੇਰਿਆਂ ਨੂੰ ਜ਼ਿਆਦਾਤੀਆਂ ਦੇ ਸ਼ਿਕਾਰ ਹੁੰਦੇ ਦੇਖਿਆ ਹੈ। ਇਸੇ ਕਰਕੇ ਉਹਨਾਂ ਦੀ ਹਰ ਕਵਿਤਾ ਦਾ ਹਰਫ ਇਕ ਤਲਵਾਰ ਦਾ ਰੂਪ ਧਾਰਦਾ ਹੋਇਆ ਸਮਾਜ ਦੇ ਵੈਰੀਆਂ ਦੇ ਖਾਤਮੇ ਲਈ ਤਿਆਰ ਕਰਦਾ ਹੈ। ਦੇਸ਼ ਦੇ ਪ੍ਰਧਾਨ ਸੇਵਕਾਂ ਤਕ ਵੀ ਉਹ ਆਪਣੀ ਕਵਿਤਾ ਰਾਹੀਂ ਉਹਨਾਂ ਦੀਆਂ ਕਰਤੂਤਾਂ ਨੂੰ ਸਾਡੇ ਸਾਹਮਣੇ ਉਜਾਗਰ ਕਰਦੇ ਹਨ। ਬੱਤੀ ਖੁਲ੍ਹੀਆਂ ਕਵਿਤਾਵਾਂ ਦਾ ਇਹ ਇਕ ਕੀਮਤੀ ਖਜ਼ਾਨਾ ਹੈ।'ਘੇਰੇ ਤੋਂ ਬਾਹਰ' ਪੁਸਤਕ ਦਾ ਨਾਮ ਹੀ ਬਹੁਤ ਕੁਝ ਸਪੱਸ਼ਟ ਕਰ ਜਾਂਦਾ ਹੈ। ਇਹਨਾਂ ਕਵਿਤਾਵਾਂ ਦੀ ਪਿੱਠਭੂਮੀ ਬਾਰੇ ਕਵੀ ਨੇ ਪੁਸਤਕ ਦੇ ਸ਼ੁਰੂ ਵਿਚ ਦਰਜ 'ਸਿਰਜਣਾ ਦੇ ਸਫ਼ਰ ਦਾ ਮੁੱਢ' ਵਿਚ ਬਾਖੂਬੀ ਬਿਆਨਿਆ ਹੈ। ਜਿਸ ਵਿਚ ਲਾਇਬ੍ਰੇਰੀਅਨ ਦੇ ਥੱਪੜ ਦੀ ਚੀਸ ਅਤੇ ਟਾਂਡਾ ਕਾਲਜ ਦੇ ਲਾਇਬ੍ਰੀਅਨ ਦਾ ਪਿਆਰ ਵਿਰੋਧਾਭਾਸ਼ਾ ਨੂੰ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਅਮੀਰ ਇਕ ਮਿੱਤਰ ਦੁਆਰਾ ਸਕੂਟਰ ਤੇ ਬਿਠਾ ਘਰ ਲਿਜਾ ਕੇ ਉਹ ਕੰਮ ਕਰਵਾਉਣਾ ਜਿਸ ਵਾਸਤੇ ਉਹ ਕਦਾਚਿਤ ਤਿਆਰ ਨਹੀਂ। ਇਹ ਸਭ ਘਟਨਾਵਾਂ ਇਕ ਦਲਿਤ ਦੇ ਜੀਵਨ ਨੂੰ ਬਿਆਨ ਕਰਦੀਆਂ ਹਨ। ਗਰੀਬ ਜਨਤਾ ਅਜ ਵੀ ਮੱਖੀ ਮੱਛਰ ਵਾਲੇ ਜੀਵਨ ਜਿਊਣ ਲਈ ਮਜ਼ਬੂਰ ਹੈ ਭਾਵੇਂ ਕਿ ਨੀਤੀ ਆਯੋਗ ਵਰਗੀਆਂ ਨਵੀਆਂ ਸੰਸਥਾਵਾਂ ਗਠਨ ਕੀਤਾ ਜਾ ਚੁੱਕਾ ਹੈ।




ਲ਼ੋਹੇ ਦੀ ਚਿਪਰ, ਬੇਵਤਨਾ, ਉਦਾਸ ਰੁੱਤ, ਮਿੱਟੀ ਦੇ ਮਾਧੋ, ਸ਼ੱਕਰ ਦਾ ਸ਼ਰਬਤ, ਮਿੱਟੀ ਨਾਲ ਨਾਤਾ, ਲੇਬਰ ਚੌਂਕ ਤਕ ਸਫਰ, ਕਲੰਡਰ ਅਤੇ ਰੋਜ਼ਨਾਮਚਾ, ਲੇਬਰ ਚੌਂਕ ਆਦਿ ਕਵਿਤਾਵਾਂ ਵਿਚ ਜਿੱਥੇ ਨਵੇਂ ਬਿੰਬ ਉਸਾਰੇ ਹਨ ਉੱਤੇ ਨਵੇਂ ਮੁਹਾਵਰੇ ਵੀ ਘੜੇ ਹਨ। ਪੁਸਤਕ ਵਿਚ ਸ਼ਾਮਲ ਸਭ ਕਵਿਤਾਵਾ ਰੌਚਕ ਵਾਰਤਕ ਦਾ ਅਨੰਦ ਅਤੇ ਸੁਰਮਈ ਰਸ ਪ੍ਰਦਾਨ ਕਰਦੀਆਂ ਹਨ। ਜਿਵੇਂ:

ਡਾਢਿਓ
ਨਗਰ ਨਿਗਮ ਦੇ ਗਟਰਾਂ ਤੇ ਮੰਡਲਾ ਰਿਹਾ
ਮੌਤ ਦਾ ਸਾਇਆ ਹੈ
ਕਰਮਾ ਤਾਂ ਭਾਵੇ ਮੌਤ ਨੂੰ ਝਕਾਨੀ ਦੇ ਕੇ
ਪਰਤ ਆਇਆ ਹੈ
ਪਰ ਉਸਦੇ ਬਾਪ ਵਿਹੂਣੇ ਪੋਤੇ ਤੋਂ
ਕਿਤਾਬ ਖੋਹ ਕੇ ਰੱਮ ਦਾ ਅਧੀਆ
ਕਿਸ ਨੇ ਫੜਾਇਆ ਹੈ ?

ਇਸ ਤਰ੍ਹਾਂ ਸ਼ਾਇਰ ਇਸ ਪੁਸਤਕ ਰਾਹੀਂ ਜਿਥੇ ਉਹ ਦਲਿਤਾਂ ਦੇ ਹੱਕਾਂ ਨੂੰ ਮਾਰਨ ਵਾਲੇ ਗ੍ਰੰਥਾਂ ਦਾ ਜ਼ਿਕਰ ਕਰਦੇ ਹਨ ਉਥੇ ਉਹ ਇਤਿਹਾਸ ਵਿਚ ਵਾਪਰੀਆਂ ਅਹਿਮ ਘਟਨਾਵਾਂ ਦੇ ਰੂਬਰੂ ਵੀ ਕਰਦੇ ਹਨ ਪੁਸਤਕ ਇਤਿਹਾਸ ਤੋਂ ਚੱਲ ਕੇ ਅਜੋਕੇ ਸਮੇਂ ਦੀਆਂ ਤਰਾਸਦੀਆਂ ਨਾਲ ਜੋੜ ਦਿੰਦੀ ਹੈ। ਮਨ ਦੀਆਂ ਬਾਤਾਂ ਮਨ ਵਿਚ ਨਾ ਰੱਖਣ ਦੀ ਬਜਾਏ ਸਾਂਝਾ ਪਾ ਕੇ ਏਕੇ ਵਿਚ ਬਰਕਤ ਵਾਲੇ ਸਿਧਾਂਤ ਅਪਨਾਉਣ ਗੱਲ ਵੀ ਆਖੀ ਗਈ ਹੈ। ਰੂੜੀਵਾਦੀ ਸੋਚ ਨੂੰ ਤਿਆਗ ਕੇ ਵਿਗਿਆਨੀਆਂ ਤੇ ਖੋਜੀਆਂ ਨੂੰ ਨੂੰ ਆਮ ਇਨਸਾਨ ਦੀਆਂ ਮੁਸ਼ਕਿਲਾਂ ਦੇ ਹੱਲ ਲੱਭਣ ਦਾ ਸੁਨੇਹਾ ਦਿੱਤਾ ਗਿਆ ਹੈ। ਇਹਨਾਂ ਕਵਿਤਾਵਾਂ ਵਿਚ ਜ਼ਿੰਦਗੀ ਨੂੰ ਬੰਦਿਆਂ ਵਾਂਗ ਜਿਊਣ ਦਾ ਚੱਜ ਆਚਾਰ ਵੀ ਸਿਖਾਇਆ ਗਿਆ ਹੈ। ਹਕੂਮਤਾਂ ਨੂੰ ਆਪਣੇ ਗਿਰੇਵਾਨ ਅੰਦਰ ਝਾਤੀ ਮਾਰਨ ਲਈ ਤਲਖ ਹਕੀਕਤਾਂ ਨੂੰ ਚਿਤਰਿਆ ਹੈ। ਪੁਸਤਕ ਦਾ ਹਰ ਪੰਨਾ ਸਾਨੂੰ ਗਿਦੜੋਂ ਸ਼ੇਰ ਬਨਾਉਣ ਦੇ ਆਹਰ ਵਿਚ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਆਮ ਲੋਕ ਆਪਣੇ ਹੱਕਾਂ ਪ੍ਰਤੀ ਕਿੰਨਾ ਕੁ ਸੁਚੇਤ ਹੁੰਦੇ ਹਨ?

# ਮਨਮੋਹਕ ਅਤੇ ਪ੍ਰੇਰਨਾਦਾਇਕ ਰਿਹਾ, ਸ੍ਰੀ ਸੁੱਖੀ ਬਾਠ ਜੀ ਨਾਲ ਅੰਤਰਰਾਸ਼ਟਰੀ ਪ੍ਰੋਗਰਾਮ 'ਸਿਰਜਣਾ ਦੇ ਆਰ ਪਾਰ'

**ਚੰਡੀਗੜ, (ਪ੍ਰੀਤਮ ਲੁਧਿਆਣਵੀ), 20 ਸਤੰਬਰ, 2022 :** ਪੰਜਾਬ ਸਾਹਿਤ ਅਕਾਦਮੀ ਚੰਡੀਗੜ ਦੇ ਪ੍ਰਧਾਨ ਡਾ ਸਰਬਜੀਤ ਕੌਰ ਸੋਹਲ ਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਫਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਵਾਲੀਆ ਵੱਲੋਂ ਕਰਵਾਏ 'ਸਿਰਜਣਾ ਦੇ ਆਰ ਪਾਰ' ਪ੍ਰੋਗਰਾਮ ਵਿੱਚ ਪ੍ਰਸਿੱਧ ਸਮਾਜ ਸੇਵੀ, ਸਾਹਿਤ ਪ੍ਰੇਮੀ ਅਤੇ ਪੰਜਾਬ ਭਵਨ ਸਰੀ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਜੀ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ। ਉਹਨਾਂ ਮੁੱਢਲੇ ਸਾਲਾਂ ਵਿਚ ਪੰਜਾਬ ਤੋਂ ਕੈਨੇਡਾ ਆ ਕੇ ਜੋ ਚੁਨੌਤੀਆਂ ਦਾ ਸਾਹਮਣਾ ਕਰਨਾ ਪਿਆ, ਆਪਣੇ ਪਰਿਵਾਰਕ ਪਿਛੋਕੜ ਅਤੇ ਪਰਾਏ ਮੁਲਕ ਵਿੱਚ ਆਪਣੀ ਪਛਾਣ ਬਣਾਉਣ ਦੀ ਜਦੋਂ ਜਹਿਦ ਬਾਰੇ ਖੁੱਲ ਕੇ ਚਰਚਾ ਕੀਤੀ। ਜਿੱਥੇ, ਸਰੀ ਵਿਖੇ ਪੰਜਾਬ ਭਵਨ ਜੋ ਉਹਨਾਂ ਦੇ ਪਿਤਾ ਸ੍ਰ ਅਰਜਨ ਸਿੰਘ ਬਾਠ ਦੀ ਯਾਦ ਨੂੰ ਸਮਰਪਿਤ ਹੈ, ਬਣਾਉਣ ਦੇ ਮਕਸਦ ਬਾਰੇ ਵਿਸਥਾਰ 'ਚ ਦੱਸਿਆ, ਉਥੇ ਉਹਨਾਂ 'ਸੁੱਖੀ ਬਾਠ ਫਾਊਂਡੇਸ਼ਨ' ਦੇ ਨਾਲ-ਨਾਲ 1 ਅਤੇ 2 ਅਕਤੂਬਰ ਨੂੰ ਪੰਜਾਬ ਭਵਨ ਸਰੀ ਵੱਲੋਂ ਕਰਵਾਈ ਜਾਣ ਵਾਲੀ ਦੋ ਰੋਜਾ ਕੌਮਾਂਤਰੀ ਅੰਤਰ-ਰਾਸ਼ਟਰੀ ਕਾਨਫਰੰਸ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਦੋ ਦਿਨਾਂ ਚੱਲਣ ਵਾਲੀ ਇਸ ਕਾਨਫਰੰਸ ਵਿੱਚ ਪੰਜਾਬ ਭਵਨ ਸਰੀ ਵਿਖੇ ਪੰਜਾਬ,



ਪੰਜਾਬੀ ਅਤੇ ਪੰਜਾਬੀਅਤ ਬਾਰੇ ਨਿੱਠ ਕੇ ਚਰਚਾ ਹੋਵੇਗੀ। ਉਹਨਾਂ ਨਵੀਂ ਪੀੜੀ ਨੂੰ ਵਿਦੇਸ਼ ਵਿੱਚ ਆ ਕੇ ਮਿਹਨਤ, ਸੰਘਰਸ਼ ਕਰਨ ਅਤੇ ਜੀਵਨ ਵਿਚ ਅਨੁਸਾਸ਼ਨ ਰੱਖਣ ਦੀ ਪ੍ਰੇਰਨਾ ਦਿੰਦਿਆਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਯਤਨਸ਼ੀਲ ਸੰਸਥਾਵਾਂ ਨੂੰ ਆਪਸੀ ਸਹਿਯੋਗ ਅਤੇ ਮਿਲਵਰਤਨ ਨਾਲ ਕੰਮ ਕਰਨ ਲਈ ਕਿਹਾ।

ਪ੍ਰੈਸ ਨੂੰ ਇਹ ਜਾਣਕਾਰੀ ਦਿੰਦਿਆਂ ਰਮਿੰਦਰ ਰੰਮੀ ਵਾਲੀਆ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਪ੍ਰਧਾਨ ਰਿੰਟੂ ਭਾਟੀਆ, ਮੁੱਖ ਪ੍ਰਬੰਧਕ ਪ੍ਰਸਿੱਧ ਲੇਖਿਕਾ ਸੁਰਜੀਤ ਕੌਰ (ਟਰਾਂਟੋ) ਮੁੱਖ ਸਲਾਹਕਾਰ ਸ੍ਰ ਪਿਆਰਾ ਸਿੰਘ ਕੁੱਦੋਵਾਲ, ਮੀਤ ਪ੍ਰਧਾਨ ਦੀਪ ਕੁਲਦੀਪ ਤੇ ਜ। ਸਕੱਤਰ ਪਰਜਿੰਦਰ ਕੌਰ ਕਲੇਰ ਵਿਸ਼ੇਸ ਤੌਰ ਤੇ ਸ਼ਾਮਿਲ ਹੋਏ। ਰਿੰਟੂ ਭਾਟੀਆ ਜੀ ਨੇ ਸੁੱਖੀ ਬਾਠ ਨੂੰ ਜੀ ਆਇਆਂ ਕਹਿੰਦਿਆਂ ਉਹਨਾਂ ਦੇ ਸਮਾਜਿਕ ਯੋਗਦਾਨ ਬਾਰੇ ਦੱਸਿਆ।

ਪ੍ਰੋ ਕੁਲਜੀਤ ਕੌਰ ਸੀ। ਮੀਤ ਪ੍ਰਧਾਨ ਨੇ ਇਸ ਪ੍ਰੋਗਰਾਮ ਦਾ ਸੰਚਾਲਨ ਕੀਤਾ ਜੋ ਕਿ ਬਹੁਤ ਕਾਬਿਲੇ ਤਾਰੀਫ ਰਿਹਾ। ਡਾ ਸਰਬਜੀਤ ਕੌਰ ਸੋਹਲ ਤੇ ਰਮਿੰਦਰ ਰੰਮੀ ਵਾਲੀਆ ਨੇ ਸੁੱਖੀ ਬਾਠ ਜੀ ਦਾ ਧੰਨਵਾਦ ਕੀਤਾ ਅਤੇ ਕਾਨਫਰੰਸ ਲਈ ਸ਼ੁਭ ਕਾਮਨਾਵਾਂ ਕੀਤੀਆਂ।

## ਪੁਸਤਕ ਸਮੀਖਿਆ


**ਜ਼ਿੰਦਗੀ ਪਰਤ ਆਈ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਿਕਾ-ਮਨਦੀਪ ਰਿੰਪੀ**
**ਪ੍ਰਕਾਸ਼ਕ:ਯੂਨੀਸਟਾਰ ਬੁਕਸ ਮੁਹਾਲੀ, ਪੰਨੇ:178, ਮੁੱਲ 300/-**

ਮਨਦੀਪ ਰਿੰਪੀ ਦੀ ਸਾਹਿਤ ਜਗਤ ਵਿਚ ਐਂਟਰੀ ਬੜੀ ਧਮਾਕੇਦਾਰ ਹੈ। ਕਰੋਨਾ ਕਾਲ ਵਿਚ ਉਸਨੇ ਸੈਂਕੜੇ ਕਹਾਣੀਆਂ ਘੜੀਆਂ ਅਤੇ ਬੱਚਿਆਂ ਨੂੰ ਆਨ ਲਾਈਨ ਸੁਣਾਈਆਂ। ਇਸੇ ਤਰ੍ਹਾਂ ਕਵਿਤਾਵਾਂ ਰਾਹੀਂ ਵੀ ਉਹਨਾਂ ਦੇ ਮਨ ਨੂੰ ਡੋਲਣ ਨਾ ਦਿੱਤਾ। ਬਾਲ ਕਹਾਣੀਆਂ ਦੀ ਪੁਸਤਕ 'ਕਿੱਟੀ ਦੀ ਖੀਰ' ਨੂੰ ਬੱਚਿਆਂ ਨੇ ਦੋਨੀਂ ਹੱਥੀ ਕਬੂਲਿਆ। ਕਾਵਿਤਾ ਅਤੇ ਵਾਰਤਕ ਖੇਤਰ ਵਿਚ ਨਿੱਠ ਕੇ ਬਰਾਬਰੀ ਨਾਲ ਨਰੋਆ ਕਾਰਜ ਕਰਨਾ ਉਸਦੇ ਹਿੱਸੇ ਆਇਆ ਹੈ। ਹੱਥਲਾ ਨਾਵਲ 'ਜ਼ਿੰਦਗੀ ਪਰਤ ਆਈ'ਭਾਵੇਂ ਉਸਦਾ ਪਲੇਠਾ ਨਾਵਲ ਹੈ ਪਰ ਇਸਦੀ ਬੁਣਤ ਤੇ ਬਣਤਰ ਕਿਸੇ ਹੰਢੇ ਹੋਏ ਸਾਹਿਤਕਾਰ ਦੀ ਰਚਨਾ ਦਾ ਸੂਚਕ ਬਣਦੀ ਹੈ। ਇਕ ਅਧਿਆਪਕਾ ਹੋਣ ਕਰਕੇ ਉਹ ਆਪਣੀ ਗੱਲ ਨੂੰ ਬਾਖੂਬੀ ਪੇਸ਼ ਕਰ ਜਾਂਦੀ ਹੈ।ਉਸਦੀਆਂ ਕਲਾਤਮਿਕ ਜੁਗਤਾਂ ਦੇ ਰੰਗ ਬਰੰਗੇ ਦ੍ਰਿਸ਼ ਨਾਵਲ ਵਿਚ ਦੇਖੇ ਜਾ ਸਕਦੇ ਹਨ। ਜੀਵਨ ਦਾ ਸੰਘਰਸ਼ ਤਾਂ ਕਮਾਲ ਦੀ ਭਾਸ਼ਾ ਵਿਚ ਪੇਸ਼ ਕੀਤਾ ਗਿਆ ਹੈ।

ਇਕ ਮਾਹਿਰ ਮਨੋਵਿਗਿਆਨੀ ਵਾਂਗ ਲੇਖਿਕਾ ਨੇ ਸਮਾਜ ਦੇ ਹਰ ਮੈਂਬਰ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਮੁਸਕਾਨ ਨੇ ਤਾਂ ਆਪਣਾ ਸਾਰਾ ਜੀਵਨ ਹੀ ਪਰਿਵਾਰ ਦੇ ਲੇਖੇ ਲਾ ਆਪਣੀ ਜੀਵਨ ਕਹਾਣੀ ਹੀ ਦੁੱਭਰ ਬਣਾ ਲਈ। ਹਰ ਰਿਸ਼ਤੇ ਵਿਚ ਗਰਜ਼ ਦੀ ਬੂ ਹੈ। ਇਸ ਤੱਥ ਨੂੰ ਬੜੀ ਬੇਬਾਕੀ ਨਾਲ ਚਿਤਰਿਆ ਗਿਆ ਹੈ। ਮਾਸਟਰ ਜਗਤਾਰ ਵਰਗੇ ਹਮਦਰਦ ਪਾਤਰਾਂ ਦੇ ਜੀਵਨ ਦੀਆਂ ਦੁਖਦਾਈ ਘਟਨਾਵਾਂ ਸਿੱਧ ਕਰਦੀਆਂ ਹਨ ਕਿ ਹਰ ਇਨਸਾਨੀ ਮਨ ਦੀਆਂ ਕਈ ਪਰਤਾਂ ਜਾਂ ਕਈ ਚਿਹਰੇ ਹੁੰਦੇ ਹਨ ਜੋ ਸਾਨੂੰ ਸਮੇਂ ਸਮੇਂ ਤੇ ਦਿਖਾਈ ਦਿੰਦੇ ਹਨ।ਨਿਰਵੈਰ ਕੌਰ ਦੀ ਭੂਮਿਕਾ ਵੀ ਅਜਿਹੀਆਂ ਘਟਨਾਵਾਂ ਦਾ ਗਵਾਹ ਹੈ।

ਜ਼ਿੰਦਗੀ ਨੂੰ ਸਹੀ ਰਾਹ ਤੋਰਨ ਲਈ ਹਰ ਵਿਅਕਤੀ ਯਤਨਸ਼ੀਲ ਹੈ ਪਰ ਕੁਦਰਤ ਦੀ ਹੋਣੀ ਕਿਸੇ ਨੂੰ ਵੀ ਨਹੀਂ ਬਖਸ਼ਦੀ।ਮੁਸਕਾਨ ਦੀ ਦਾਦੀ ਦੀ ਭੂਮਿਕਾ ਹਰ ਪਾਠਕ ਨੂੰ ਟੁੰਬਦੀ ਹੈ।ਖੁਸ਼ੀ ਭੈਣ ਅਤੇ ਤਰਨ ਭਰਜਾਈ ਨੂੰ ਸਿਰਫ ਆਪਣੀ ਚਿੰਤਾ ਹੈ। ਮਨੁਖੀ ਮਨ ਵਿਚੋਂ ਰਿਸ਼ਤਿਆਂ ਦੀ ਕਦਰ ਦਾ ਘਟਣਾ ਅਧੁਨਿਕਤਾ ਦਾ ਚਰਿੱਤਰ ਹੈ। ਉਸ ਵੇਲੇ ਤਾਂ ਹੱਦ ਹੀ ਹੋ ਜਾਂਦੀ ਹੈ ਜਦੋਂ ਤਰਨ ਆਪਣੇ ਇਕੱਲੇ ਕੈਪਟਨ ਪਿਤਾ ਦੀ ਦੇਖ ਭਾਲ ਕਰਨ ਲਈ ਕਰੋਨਾ ਨਾਲ ਵਿਚ ਨਾ ਤਾਂ ਖੁਦ ਜਾਂਦੀ ਹੈ ਅਤੇ ਨਾਹੀਂ ਆਪਣੇ ਪਤੀ ਗੁਰਬਾਜ਼ ਸਿੰਘ ਨੂੰ ਜਾਣ ਦਿੰਦੀ ਹੈ। ਮਿਹਣਿਆਂ ਤੇ ਤਾਹਨਿਆਂ ਦੇ ਬਾਵਜੂਦ ਆਪਣੀ ਜਾਨ ਦੀ ਬਾਜ਼ੀ ਇਥੇ ਵੀ ਮੁਸਕਾਨ ਹੀ ਲਾਉਂਦੀ ਹੈ। ਸਮਾਜ ਵਿਚ ਕਿੰਨਰ ਦਾ ਜਨਮ ਲੈਣਾ ਕਿੰਨਾ ਮੰਦਭਾਗਾ ਮੰਨਿਆ ਜਾਂਦਾ ਹੈ। ਇਸਦਾ ਚਿਤਰਨ ਵੀ ਇਕ ਜਾਂਡ ਵਿਚ ਕੀਤਾ ਗਿਆ ਹੈ। ਮਨੁੱਖੀ ਮਨ ਦੀਆਂ ਉਲਝਣਾਂ ਦੇ ਤਾਣੇ-ਬਾਣੇ ਨੂੰ ਸੁਲਝਾਉਣ ਦੀਆਂ ਵਿਉਂਤਾਂ ਵੀ ਬਣਾਈਆਂ ਗਈਆਂ ਹਨ। ਮੁਹਾਵਰੇਦਾਰ ਭਾਸ਼ਾ ਨਾਲ ਹਰ ਪਾਠਕ ਨੂੰ ਨਾਵਲ ਦੀਆਂ ਡੂੰਘੀਆਂ ਭਾਵਨਾਵਾਂ ਨਾਲ ਜੋੜ ਦਿੱਤਾ ਹੈ। ਨਾਵਲ ਵਿਚ ਵਾਪਰਦੀਆਂ ਘਟਨਾਵਾਂ ਪੜ੍ਹਦਾ ਪਾਠਕ ਕਈ ਵਾਰ ਭਾਵੁਕ ਹੋ ਜਾਂਦਾ ਹੈ। ਦੁਖਾਂਤਕ ਅਤੇ ਸੁਖਾਂਤਕ ਪੱਖ ਸਾਡੇ ਮਨ ਨੂੰ ਵਲੂੰਧਰਦੇ ਅਤੇ ਕਿਤੇ ਸਹਿਲਾਉਂਦੇ ਹਨ। ਆਰਤੀ ਮੈਡਮ ਅਤੇ ਕੈਪਟਨ ਵਰਗੇ ਪਾਤਰ ਵੱਡਿਆਂ ਦੀ ਭੂਮਿਕਾ ਦੇ ਲਖਾਇਕ ਬਣਦੇ ਹਨ। ਮੁਸਕਾਨ ਦੇ ਪਿਤਾ ਦੀ ਮੌਤ ਤੋਂ ਬਾਅਦ ਵਿਦੇਸ਼ ਗਿਆ ਚਾਚਾ ਵੀ ਆਪਣੀਆਂ ਸਭ ਜ਼ਿੰਮੇਵਾਰੀਆਂ ਭੁੱਲ ਭੁਲਾ ਜਾਂਦਾ ਹੈ।

ਮਨਦੀਪ ਰਿੰਪੀ ਨੇ ਸਮਾਜਕ ਰਿਸ਼ਤਿਆਂ ਵਿਚ ਪੀੜ ਹੋ ਰਹੀਆਂ ਮੁਸਕਾਨ ਵਰਗੀਆਂ ਔਰਤਾਂ ਦੀ ਜੀਵਨ ਗਾਥਾ ਅਤੇ ਮਨੋਵਿਸ਼ਲੇਸ਼ਣ ਨੂੰ ਬਾਖੂਬੀ ਚਿਤਰਿਆ ਹੈ। ਨਾਵਲ ਦਾ ਪਲਾਟ, ਵਾਰਤਾਲਾਪ ਅਤੇ ਪਾਤਰ ਉਸਾਰੀ ਸਮੇਂ ਦੇ ਹਾਣ ਦੀ ਹੈ। ਪਹਿਲਾ ਨਾਵਲ ਹੀ ਉਸਦੇ ਵਾਰਤਕ ਦੀ ਸਿਖਰ ਸਿਰਜਦਾ ਹੈ। ਉਹ ਇਕ ਲੇਖਿਕਾ ਦੇ ਨਾਲ ਨਾਲ ਸਮਾਜਕ ਵਿਸ਼ਲੇਸ਼ਕ ਵਜੋਂ




ਵੀ ਉਭਰਦੀ ਹੈ। ਉਸ ਤੋਂ ਆਸ ਹੈ ਕਿ ਭਵਿਖ ਵਿਚ ਹੋਰ ਵੀ ਪਾਏਦਾਰ ਕਿਰਤਾਂ ਪਾਠਕਾਂ ਦੀ ਝੋਲੀ ਪਾਵੇਗੀ। ਇਸ ਮੁੱਲਵਾਨ ਕਿਰਤ ਦਾ ਸਾਹਿਤ ਜਗਤ ਵਿਚ ਨਿੱਘਾ ਸੁਆਗਤ ਹੈ।




## ਬੱਬਰ ਅਕਾਲੀ ਲਹਿਰ

# ਜਿਸ ਨੇ ਬਰਤਾਨਤਵੀ ਪਾਰਲੀਮੈਂਟ ਦੀਆਂ ਕੰਧਾਂ ਹਿਲਾ ਦਿੱਤੀਆਂ

ਬੱਬਰ ਅਕਾਲੀ ਲਹਿਰ ਦੀ ਭਾਰਤੀ ਅਜ਼ਾਦੀ ਦੇ ਇਤਿਹਾਸ ਵਿੱਚ ਇੱਕ ਜ਼ਿਕਰਯੋਗ ਥਾਂ ਹੈ। ਇਹ ਲਹਿਰ ਸਿੱਖ ਤਵਾਰੀਖ਼ ਵਿੱਚ ਵੀ ਇੱਕ ਅਹਿਮ ਸਥਾਨ ਰੱਖਦੀ ਹੈ। ਮੁਲਕ ਦੀ ਅਜ਼ਾਦੀ ਦੇ ਮੁਤੱਲਕ ਇਹ ਲਹਿਰ ਆਪਣੀ ਕਿਸਮ ਦੀ ਪਹਿਲੀ ਅਤੇ ਸਿੱਖ ਜੁਝਾਰੂ ਵਿਰਸੇ ਵਾਲ਼ੀ ਲਹਿਰ ਸੀ। ਇਹ ਲਹਿਰ 18ਵੀਂ ਸਦੀ ਦੇ ਸਿੱਖ ਸੰਘਰਸ਼ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਸੀ। 1923 ਈ: ਵਿੱਚ ਜਿੱਥੇ ਬੱਬਰ ਅਕਾਲੀ ਲਹਿਰ ਦੀਆਂ ਗਤੀਵਿਧੀਆਂ ਆਪਣੇ ਸਿਖ਼ਰ 'ਤੇ ਸਨ, ਉੱਥੇ ਹਕੂਮਤ ਵੀ ਇਸ ਲਹਿਰ ਦਾ ਲੱਕ ਤੋੜਨ ਲਈ ਅੱਡੀ-ਚੋਟੀ ਦਾ ਜੋਰ ਲਗਾ ਰਹੀ ਸੀ। ਬੱਬਰ ਅਕਾਲੀ ਸਿੰਘਾਂ ਦੁਆਰਾ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਹਕੂਮਤ ਦੇ ਝੋਲ਼ੀਚੁੱਕਾਂ ਅਤੇ ਮੁਖ਼ਬਰਾਂ ਦੇ ਕੀਤੇ ਗਏ

**ਮੂਲ ਸ੍ਰੋਤ: ਡਾ ਗੁਰਚਰਨ ਸਿੰਘ ਔਲਖ**
**ਅਨੁਵਾਦ: ਗੁਰਲਾਲ ਸਿੰਘ ਬਰਾੜ**
**ਸੰਪਰਕ: 9463518172**

ਲਗਾਤਾਰ ਕਤਲ਼ਾਂ ਨਾ਼ਲ ਸਰਕਾਰੀ ਅਧਿਕਾਰੀ ਭੈ-ਭੀਤ ਹੋ ਗਏ।ਪੰਜਾਬ ਸਰਕਾਰ ਬੱਬਰ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਲਈ ਪੂਰੀ ਪੱਬਾਂ ਭਾਰ ਹੋ ਗਈ।ਨਤੀਜੇ ਵਜੋਂ, ਜਲੰਧਰ ਡਿਵੀਜ਼ਨ ਦੇ ਕਮਿਸ਼ਨਰ ਮਿਸਟਰ ਐਚ।ਕੇ।ਕੌਲ ਨੇ ਇੱਕ ਐਲਾਨ ਕੱਢਿਆ ਕਿ ਜ਼ੈ਼ਲਦਾਰ ਬਿਸ਼ਨ ਸਿੰਘ ਰਾਣੀਥੂਆ, ਬੂਟਾ ਸਿੰਘ ਨੰਗਲ ਸ਼ਾਮਾਂ, ਮਿਸਤਰੀ ਲਾਭ ਸਿੰਘ ਗੜ੍ਹਸ਼ੰਕਰ, ਹਜਾਰਾ ਸਿੰਘ ਬਹਿਬਲਪੁਰ ਅਤੇ ਪੈਨਸ਼ਨੀਏਂ ਗੇਂਦਾ ਸਿੰਘ ਘੁੜਿਆਲ ਦੇ ਕਤਲ਼ਾਂ ਵਿੱਚ ਸ਼ਾਮਲ ਬੱਬਰ ਅਕਾਲੀ ਜਥੇ ਦੇ ਸਾਰੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਾਉਣ ਵਿੱਚ ਜੋ ਵੀ ਮੱਦਦ ਕਰੇਗਾ, ਉਸ ਨੂੰ ਸਰਕਾਰ ਵੱਲੋਂ ਪੈ਼ਲੀ ਦੇ 6 ਮੁਰੱਬੇ ਇਨਾਮ ਵਜੋਂ ਦਿੱਤੇ ਜਾਣਗੇ।ਬੱਬਰ ਅਕਾਲੀ ਜਥੇ ਨੂੰ ਕ੍ਰਿਮੀਨਲ ਲਾਅ ਅਮੈਂਡਮੈਂਟ ਐਕਟ 1908 ਅਤੇ ਇਨਰੋਲਮੈਂਟ ਆਫ਼ ਸਪੈਸ਼ਲ ਪੁਲੀਸ ਐਕਟ 1861 ਦੇ ਅਧੀਨ ਇੱਕ ਗ਼ੈਰ-ਕਾਨੂੰਨੀ ਜਥੇਬੰਦੀ ਐਲਾਨ ਦਿੱਤਾ ਗਿਆ।ਇਸ ਤੋਂ ਇਲਾਵਾ ਪੁਲਿਸ ਦੀਆਂ ਤਾਕਤਾਂ ਵਿੱਚ ਹੋਰ ਵਾਧਾ ਕਰਦਿਆਂ, ਗੜਬੜ ਵਾਲ਼ੇ ਇਲਾਕਿਆਂ ਵਿੱਚ ਪੂਰੀ ਚੌਕਸੀ ਰੱਖਣ ਲਈ 50-50 ਫ਼ੌਜੀਆਂ ਦੀਆਂ ਅਨੇਕਾਂ ਟੋਲੀਆਂ ਨਿਯੁਕਤ ਕਰ ਦਿੱਤੀਆਂ ਗਈਆਂ।

ਬੱਬਰਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਨਾਕਾਮ ਰਹਿਣ ਕਰਕੇ ਪੰਜਾਬ ਸਰਕਾਰ ਦੀ ਅਖ਼ਬਾਰਾਂ ਵਿੱਚ ਵਾਹਵਾ ਕਿਰਕਰੀ ਹੋਈ ਅਤੇ ਉੱਚ ਅਧਿਕਾਰੀਆਂ ਦੀ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਸਖ਼ਤ ਜਵਾਬ-ਦੇਹੀ ਮੰਗੀ ਗਈ। ਬੱਬਰਾਂ ਦੇ ਕਾਰਨਾਮੇ ਬਰਤਾਨਵੀ ਸੰਸਦ ਵਿੱਚ ਵੀ ਗੂੰਜਣ ਲੱਗ ਪਏ। ਅਨੇਕਾਂ ਟੋਡੀਆਂ ਦੇ ਕਤ਼ਲ ਅਤੇ ਬੱਬਰਾਂ ਦੇ ਲਗਾਤਾਰ ਹੋ ਰਹੇ ਹਮਲਿਆਂ ਨੇ ਹਕੂਮਤ ਨੂੰ ਲੰਡਨ ਵਿੱਚ ਵੀ ਫ਼ਿਕਰਮੰਦੀ ਵਿੱਚ ਪਾ ਦਿੱਤਾ। ਜੂਨ 1923 ਵਿੱਚ ਪੰਜਾਬ ਵਿੱਚ ਅਮਨ-ਕਾਨੂੰਨ ਦੀ ਵਿਗੜਦੀ ਜਾ ਰਹੀ ਹਾਲਤ ਬਰਤਾਨਵੀ ਸੰਸਦ ਦੀ ਬਹਿਸ ਦਾ ਮੁੱਖ ਵਿਸ਼ਾ ਸੀ। ਸੰਸਦ ਵਿੱਚ ਇਸ ਮੁੱਦੇ ਨੂੰ ਬਹੁਤ ਹੀ ਗੰਭਰੀਤਾ ਨਾ਼ਲ ਵਿਚਾਰਿਆ ਗਿਆ ਕਿ ਅਜਿਹੇ ਅਤਿ ਨਾਜ਼ੁਕ ਮੌਕੇ 'ਤੇ ਪੰਜਾਬ ਦੇ ਗਵਰਨਵਰ ਵੱਲੋਂ 20000 ਤਾਕਤਵਰ ਫ਼ੌਜ ਵਿੱਚੋਂ 606 ਸਿਪਾਹੀਆਂ ਦੀ ਛਾਂਟੀ ਕਿਉਂ ਕੀਤੀ ਗਈ ? ਸਰ ਚਾਰਲਸ ਯੇਟਸ ਨੇ ਇਸ ਕਾਰਵਾਈ ਦੀ ਸਫ਼ਾਈ ਦਿੱਤੀ ਅਤੇ ਈਅਰਲ ਵਿਨਟਰਟਨ ਨੇ ਜਵਾਬ ਵਿੱਚ ਕਿਹਾ ਕਿ ਲਾਰਡ ਪੀਲ ਨੇ - ਪੰਜਾਬ ਪੁਲਿਸ ਦੇ ਬਜ਼ਟ ਵਿੱਚੋਂ 3 ਲੱਖ ਰੁਪਏ ਦੀ ਕਟੌਤੀ ਸੰਬੰਧੀ -ਭਾਰਤ ਸਰਕਾਰ ਤੋਂ ਪਹਿਲਾਂ ਹੀ ਪੜਤਾ਼ਲ ਕਰ ਲਈ ਹੈ। ਉਸਨੇ ਇਹ ਮੰਨਿਆਂ ਕਿ ਸੂਬੇ ਦੀਆਂ ਮਾਲੀ ਹਾਲਤਾਂ ਨੂੰ ਧਿਆਨ ਵਿੱਚ ਰੱਖਦਿਆਂ, ਗਵਰਨਰ ਦਾ ਫ਼ੈਸਲਾ ਲੈਣ ਦਾ ਇਹ ਕਦਮ ਦਰੁਸਤ ਹੈ ਪਰ ਪੰਜਾਬ ਦੀ ਰਾਜਸੀ ਅਤੇ ਪ੍ਰਬੰਧਕੀ ਹਾਲਤ ਦੇ ਮੱਦੇ-ਨਜ਼ਰ ਇਹ ਫ਼ੈਸਲਾ ਜੋਖ਼ਮ ਭਰਿਆ ਹੈ।ਬੱਬਰ ਅਕਾਲੀ ਲਹਿਰ ਨੂੰ ਬਹੁਤ ਹਲਕੇ ਵਿੱਚ ਲੈਣ ਸੰਬੰਧੀ ਵੀ ਪੰਜਾਬ ਦੇ ਗਵਰਨਰ ਦੀ ਅਲੋਚਨਾ ਹੋਈ। 4 ਜੂਨ 1923 ਨੂੰ ਸਰ ਚਾਰਲਸ ਯੇਟਸ ਨੇ ਬੱਬਰਾਂ ਦੁਆਰਾ ਸਰਕਾਰੀ ਅਫ਼ਸਰਾਂ ਅਤੇ ਹਕੂਮਤ ਦੇ ਖ਼ੈਰ-ਖ਼ੁਆਹਾਂ ਦੇ ਹੋ ਰਹੇ ਲਗਾਤਾਰ ਕਤ਼ਲਾਂ 'ਤੇ ਨਰਾਜ਼ਗੀ ਜ਼ਾਹਰ ਕੀਤੀ। ਉਸਨੇ ਪੰਜਾਬ ਵਿੱਚ ਮੁੱਠੀ ਭਰ ਬੱਬਰ ਅਕਾਲੀ ਸਿੱਖਾਂ ਵੱਲੋਂ ਚਲਾਈ ਜਾ ਰਹੀ ਇਨਕਲਾਬੀ ਲਹਿਰ ਸੰਬੰਧੀ ਵੀ ਜਾਣਕਾਰੀ ਮੰਗੀ। 25 ਜੂਨ 1923 ਨੂੰ ਲੈਫ਼ਟੀਨੈਂਟ ਕੋਲੋਨਲ ਹਾਵਰਡ ਬਰੀ ਨੇ ਅੰਡਰ ਸੈਕਟਰੀ ਤੋਂ ਬੱਬਰ ਅਕ-ਾਲੀਆਂ ਦੁਆਰਾ 1 ਜਨਵਰੀ 1923 ਤੋਂ ਲੈ ਕੇ ਕੀਤੇ ਗਏ ਰਾਜਸੀ ਕਤ਼ਲਾਂ ਦੀ ਗਿਣਤੀ ਦੀ ਮੰਗ ਕੀਤੀ ਅਤੇ ਪੁੱਛਿਆ ਕਿ ਕਿਤੇ, ਕਤ਼ਲਾਂ ਵਿੱਚ ਇਹ ਵਾਧਾ ਪੁਲਿਸ-ਫ਼ੋਰਸ ਦੀ ਨਫ਼ਰੀ ਵਿੱਚ ਆਨਣ-ਫਾਨਣ ਵਿੱਚ ਕੀਤੀ ਗਈ ਛਾਂਟੀ ਦੀ ਵਜ੍ਹਾ ਕਰਕੇ ਤਾਂ ਨਹੀਂ ਹੋਇਆ ? ਅੰਡਰ ਸੈਕਟਰੀ ਨੇ ਲੈਫ਼ਟੀਨੈਂਟ ਕੋਲੋਨਲ ਬਰੀ ਦੇ ਸਵਾਲ ਦੇ ਜਵਾਬ ਵਿੱਚ ਹਾਊਸ ਆਫ਼ ਕਾਮਨਜ਼ ਨੂੰ ਦੱਸਿਆ ਕਿ 10 ਕਤ਼ਲ ਹੋਏ ਹਨ। ਉਸਨੇ ਹੋਰ ਦੱਸਿਆ ਕਿ ਸਪੈਸ਼ਲ ਪੁਲਿਸ ਭਰਤੀ ਕਰ ਲਈ ਗਈ ਹੈ ਅਤੇ ਜਥਿਆਂ ਦਾ ਪਿੱਛਾ ਕਰਨ ਵਿੱਚ ਫ਼ੌਜ, ਪੁਲਿਸ ਦੀ ਸਹਾਇਤਾ ਕਰ ਰਹੀ ਹੈ।



ਕਰੀਬ 186 ਬੰਦੇ ਗ੍ਰਿਫ਼ਤਾਰ ਵੀ ਕਰ ਲਏ ਗਏ ਹਨ। ਮਿਸਟਰ ਹੋਪ ਸਿੰਪਸਨ ਵੱਲੋਂ ਕੀਤੇ ਗਏ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਈਅਰਲ ਵਿਨਟਰਟਨ ਨੇ ਹਾਲਾਤ ਨਾ਼ਲ ਸਿੱਝਣ ਲਈ ਉਠਾਏ ਜਾ ਰਹੇ ਕਦਮਾਂ 'ਤੇ ਤਸੱਲੀ ਪ੍ਰਗਟ ਕੀਤੀ।

ਇੱਕ ਗੱਲ ਬਿਲਕੁਲ ਸਪਸ਼ਟ ਹੈ ਕਿ ਬੱਬਰਾਂ ਦੀਆਂ ਕਾਰਵਾਈਆਂ ਨੇ ਪੰਜਾਬ ਵਿਚ਼ਲੀ ਬਰਤਾਨਵੀ ਹਕੂਮਤ ਨੂੰ ਹਿਲਾ ਕੇ ਰੱਖ ਦਿੱਤਾ ਸੀ ਅਤੇ ਇਸ ਖ਼ਤਰਨਾਕ ਸਥਿਤੀ ਨੂੰ ਪ੍ਰਭਾਵੀ ਢੰਗ ਨਾ਼ਲ ਨਜਿੱਠਣ ਸੰਬੰਧੀ ਪੰਜਾਬ ਸਰਕਾਰ ਦੀ ਯੋਗਤਾ 'ਤੇ ਲੰਡਨ ਵਿੱਚ ਸ਼ੰਕੇ ਪ੍ਰਗਟ ਕੀਤੇ ਜਾ ਰਹੇ ਸਨ। ਪੰਜਾਬ ਵਿੱਚੋਂ ਬੱਬਰ ਅਕਾਲੀ ਸਮੱਸਿਆ ਨੂੰ ਹੱਲ ਕਰਨ ਲਈ ਕੋਲੋਨਲ ਯੇਟਸ ਨੇ ਸੁਝਾਅ ਦਿੱਤਾ ਸੀ ਕਿ ਦੋਆਬੇ ਨੂੰ ਕਪੂਰਥਲਾ ਜਾਂ ਹੋਰ ਕਿਸੇ ਗੁਆਂਢੀ ਰਿਆਸਤ ਵਿੱਚ ਮਿਲਾ ਦੇਣਾ ਚਾਹੀਦਾ ਹੈ।

5 ਜੁਲਾਈ 1923 ਦੇ 'ਅਕਾਲੀ ਤੇ ਪ੍ਰਦੇਸੀ' ਅਖ਼ਬਾਰ ਨੇ ਟਿੱਪਣੀ ਕੀਤੀ ਕਿ ਕੋਲੋਨਲ ਯੇਟਸ ਦਾ ਇਹ ਕਥਨ ਬੇਹੱਦ ਅਰਥਪੂਰਨ ਹੈ ਅਤੇ ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਰਿਆਸਤਾਂ ਬਰਤਾਨਵੀ ਹਾਕਮਾਂ ਤੋਂ ਜ਼ਿਆਦਾ ਚੰਗਾ ਸ਼ਾਸ਼ਨ-ਪ੍ਰਬੰਧ ਚਲਾ ਸਕਦੀਆਂ ਹਨ। ਅਖ਼ਬਾਰ ਨੇ ਬਰਤਾਨਵੀ ਹਕੂਮਤ ਨੂੰ ਯਾਦ ਦਿਵਾਇਆ ਕਿ 'ਇੱਕਲਾ ਦੋਆਬਾ ਹੀ ਨਹੀਂ, ਸਗੋਂ ਸਾਰਾ ਪੰਜਾਬ -ਜਿਸ 'ਤੇ ਬਰਤਾਨੀਆਂ ਨੇ ਧੱਕੇ ਨਾ਼ਲ ਕਬਜ਼ਾ ਕੀਤਾ ਹੈ -ਹੀ ਮਹਾਰਾਜਾ ਦਲੀਪ ਸਿੰਘ ਨਾ਼ਲ ਸੰਬੰਧ ਰੱਖਦਾ ਹੈ। ਜੇਕਰ ਅੰਗਰੇਜ਼ ਹਕੂਮਤ ਦੋਆਬੇ ਵਿੱਚ ਵਾਪਰੀਆਂ ਘਟਨਾਵਾਂ ਦੀ ਵਜ੍ਹਾ ਕਰਕੇ ਅਜਿਹਾ ਕਰਨਾ ਲੋਚਦੀ ਹੈ ਤਾਂ ਵਾਹਿਗੁਰੂ ਇਸ ਦੀਆਂ ਇਛਾਵਾਂ ਪੂਰੀਆਂ ਕਰੇ। ਰਤਨ ਸਿੰਘ ਅਜ਼ਾਦ ਨੇ ਲਿਖਿਆ ਕਿ ਬੱਬਰ ਅਕਾਲੀਆਂ ਦੇ ਇੱਕ ਛੋਟੇ ਜਿਹੇ ਹਿੱਸੇ ਨੇ ਲੰਡਨ ਹਿਲਾ ਕੇ ਰੱਖ ਦਿੱਤਾ ਹੈ ਅਤੇ ਕੋਲੋਨਲ ਯੇਟਸ ਇਸ ਇਲਾਕੇ (ਦੋਆਬੇ) ਨੂੰ ਕਿਸੇ ਦੇਸੀ ਰਿਆਸਤ ਨੂੰ ਸੌਂਪਣ ਸੰਬੰਧੀ ਮਤਾ ਲਿਆਉਣ ਬਾਰੇ ਸੋਚ ਰਿਹਾ ਹੈ। ਉਸਨੇ ਲਿਖਿਆ ਕਿ ਦਮਨਕਾਰੀ ਨੀਤੀ ਅਪਣਾਉਣ ਨਾ਼ਲ ਜਾਂ ਦੋਆਬੇ ਨੂੰ ਕਿਸੇ ਹੋਰ ਰਿਆਸਤ ਨੂੰ ਸੌਂਪਣ ਨਾ਼ਲ ਅਸਲੀ ਸ਼ਾਂਤੀ ਸਥਾਪਤ ਨਹੀਂ ਹੋ ਸਕਦੀ ਕਿਉਂਕਿ ਦੇਸੀ ਰਿਆਸਤਾਂ ਤਾਂ ਬਰਤਾਨਵੀ ਹਾਕਮਾਂ ਤੋਂ ਵੀ ਜ਼ਿਆਦਾ ਅੱਤਿਆਚਾਰੀ ਹਨ। ਉਸਨੇ ਸੁਝਾਅ ਦਿੱਤਾ ਕਿ ਸ਼ਾਂਤੀ ਸਥਾਪਤ ਕਰਨ ਲਈ ਇੱਕ ਛੋਟੀ ਜਿਹੀ ਰਿਆਸਤ ਹੋਰ ਬਣਾ ਦਿੱਤੀ ਜਾਵੇ, ਜਿਸਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਚਲਾਇਆ ਜਾਵੇ।

ਬਰਤਾਨੀਆਂ ਦੇ ਟਰੈਜ਼ਰੀ ਬੈਂਚ ਬੁਰੀ ਤਰ੍ਹਾਂ ਘਬਰਾਏ ਹੋਏ ਸਨ। 30 ਅਗਸਤ 1923 ਦੇ ਪੱਤਰ ਨੰ: 2443 ਵਿੱਚ (ਲੰਡਨ ਵਿਚ਼ਲੇ) ਭਾਰਤੀ ਦਫ਼ਤਰ ਨੇ ਇਹ ਸਵੀਕਾਰ ਕੀਤਾ ਸੀ ਕਿ ਸਰ ਚਾਰਲਸ ਯੇਟਸ ਦੇ ਸਵਾਲ ਕਰਨ ਦੇ ਸਮੇਂ, ਇਸ ਮੁਲਕ ਦੇ ਅਣਗਿਣਤ ਲੋਕਾਂ ਵਿੱਚ ਪੰਜਾਬ ਦੀ ਹਾਲਤ ਸੰਬੰਧੀ ਤੌਖ਼ਲਾ ਸੀ ਅਤੇ ਸਟੇਟ ਦੇ ਅੰਡਰ ਸੈਕਟਰੀ ਦੀ ਇਹ ਇੱਛਾ ਸੀ ਕਿ ਸੰਸਦ ਦਾ ਸਦਨ ਉੱਠਣ ਤੋਂ ਪਹਿਲਾਂ ਪਹਿਲਾਂ ਪੰਜਾਬ ਵਿਚ਼ਲੀ ਹਾਲਤ ਅਤੇ ਇਸ ਨਾ਼ਲ ਨਿਪਟਣ ਲਈ ਅਧਿਕਾਰੀਆਂ ਦੀ ਅਸਫ਼ਲਤਾ 'ਤੇ ਧਿਆਨ ਦਿਵਾਉਣ ਸੰਬੰਧੀ ਕੋਈ ਠੋਸ ਕਦਮ ਚੁੱਕਿਆ ਜਾਵੇ।

1923 ਵਿੱਚ ਦੋਆਬੇ ਦੀ ਅਜ਼ੀਬ ਹਾਲਤ ਬਣੀ ਹੋਈ ਸੀ। ਆਮ ਤੌਰ 'ਤੇ ਸਿੱਖ ਬੱਬਰਾਂ ਨਾ਼ਲ ਹਮਦਰਦੀ ਕਰਦੇ ਸਨ। ਜਿਹੜੇ ਥੋੜ੍ਹੇ-ਬਹੁਤ ਸਿੱਖ ਬੱਬਰਾਂ ਦੇ ਹਮਦਰਦ ਨਹੀਂ ਸਨ, ਉਹ ਹਕੂਮਤ ਤੋਂ ਡਰਦੇ ਮਾਰੇ ਹੀ ਸਰਕਾਰੀ ਅਧਿਕਾਰੀਆਂ ਦੀ ਮਦਦ ਕਰਦੇ ਸਨ।ਹਕੂਮਤ ਦੇ ਵਫ਼ਾਦਾਰਾਂ ਲਈ ਬੱਬਰ ਇੱਕ ਵੱਡਾ ਖ਼ੌਫ਼ ਸਨ। ਮੀਆਂ ਮੁਹੰਮਦ ਸ਼ਾਹ ਨਿਵਾਜ਼ ਵਰਗੇ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰਾਂ ਨੇ ਹਕੂਮਤ ਨੂੰ ਨਸੀਹਤ ਦਿੱਤੀ ਕਿ ਬੱਬਰਾਂ ਨਾ਼ਲ ਕਰੜੇ ਹੱਥੀਂ ਨਿਪਟਿਆ ਜਾਵੇ ਅਤੇ ਉਹਨਾਂ 'ਤੇ ਫ਼ੌਰਨ ਮੁਕਦਮੇ ਚਲਾਏ ਜਾਣ। ਭਾਈ ਜੋਧ ਸਿੰਘ ਨੇ ਵੀ ਇਹ ਗੱਲ ਸਪਸ਼ਟ ਤੌਰ 'ਤੇ ਸਾਫ਼ ਕਰ ਦਿੱਤੀ ਸੀ ਕਿ ਕੌਂਸਲ ਦੇ ਸਿੱਖ ਮੈਂਬਰਾਂ ਨੂੰ ਮੁਜ਼ਰਮਾਂ (ਬੱਬਰ ਅਕਾਲੀਆਂ) ਨਾ਼ਲ ਕੋਈ ਹਮਦਰਦੀ ਨਹੀਂ ਹੈ। ਸ। ਤਾਰਾ ਸਿੰਘ ਐਮ।ਐਲ।ਸੀ। ਹੀ ਮਹਿਜ਼ ਇੱਕ ਅਜਿਹਾ ਮੈਂਬਰ ਸੀ, ਜਿਸ ਨੇ ਪੰਜਾਬ ਵਿੱਚ ਚਲਾਏ ਜਾ ਰਹੇ ਪੁਲਿਸ ਪ੍ਰਬੰਧ ਨੀ ਅਲੋਚਨਾ ਕੀਤੀ।

ਉਸਨੇ ਆਖਿਆ, " ਪੁਲਿਸ ਇੱਕ ਪਿੰਡ ਨੂੰ ਘੇਰ ਲੈਂਦੀ ਹੈ, ਬੰਦਿਆਂ ਨੂੰ ਗ੍ਰਿਫ਼ਤਾਰ ਕਰਦੀ ਹੈ ਅਤੇ ਫਿਰ ਉਹਨਾਂ ਨੂੰ ਛੱਡ ਦਿੰਦੀ ਹੈ। ਮਹਿਜ਼ ਕੁਝ ਕੁ ਬੰਦਿਆਂ ਦੇ ਕਾਰਨ, ਰਾਤ ਨੂੰ ਪੂਰੇ ਦੇ ਪੂਰੇ ਪਿੰਡ ਘੇਰ ਲਏ ਜਾਂਦੇ ਹਨ।" ਅਜਿਹੇ ਹਾਲਾਤ ਦੇ ਦਬਾਅ ਹੇਠ ਹਕੂਮਤ ਹੁਣ ਹੋਰ ਜ਼ਿਆਦਾ ਅਵੇਸਲੀ ਨਹੀਂ ਸੀ ਹੋ ਸਕਦੀ। ਉਸਨੇ ਬੱਬਰਾਂ ਦੇ ਖ਼ਿਲਾਫ਼ ਸਖ਼ਤ ਕਦਮ ਚੁੱਕਿਆ। ਸਰਕਾਰ ਨੇ ਬੱਬਰਾਂ ਵਿਚ਼ਲੇ ਕਮਜ਼ੋਰ ਅਤੇ ਵਿਸਾਹਘਾਤੀ ਬੰਦਿਆਂ ਨੂੰ ਲੁਭਾਵਣੇ ਇਨਾਮ ਦੇਣ ਦੇ ਵਾਅਦੇ ਕੀਤੇ। ਮਾਮਲੇ ਨੂੰ ਨਜਿੱਠਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਰਮ-ਖ਼ਿਆਲ ਮੈਂਬਰਾਂ ਨੂੰ ਪੁਚਕਾਰ ਲਿਆ ਗਿਆ ਅਤੇ ਉਹਨਾਂ ਨੂੰ ਬੱਬਰਾਂ ਨਾ਼ਲੋਂ ਵੱਖ ਕਰ ਲਿਆ ਗਿਆ। ਅਖੀਰ ਪੁਲਿਸ ਅਤੇ ਫ਼ੌਜ ਦੀ ਤਾਇਨਾਤੀ ਕਰ ਕੇ ਹਕੂਮਤ ਪੂਰੀ ਤਰ੍ਹਾਂ ਤਿਆਰ ਹੋ ਗਈ ਅਤੇ ਬੱਬਰ ਅਕਾਲੀਆਂ ਦਾ ਸ਼ਿਕਾਰ ਖੇਡਿਆ ਜਾਣ ਲੱਗਾ।

# ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਹੱਤਿਆ ਦੀ ਨਾਕਾਮ ਕੋਸ਼ਿਸ਼, ਘਰ ਪਰਤਦੇ ਸਮੇਂ ਕਾਰ 'ਤੇ ਹਮਲਾ

**ਮਾਸਕੋ-** ਰੂਸ-ਯੂਕਰੇਨ ਯੁੱਧ ਦੇ ਵਿਚਕਾਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਇੱਕ ਲਿਮੋਜ਼ਿਨ ਕਾਰ 'ਤੇ ਹਮਲਾ ਕੀਤਾ ਗਿਆ ਸੀ। ਸਮਾਚਾਰ ਏਜੰਸੀ ਆਈਏਐਨਐਸ ਦੇ ਅਨੁਸਾਰ, ਲਿਮੋਜ਼ਿਨ ਕਾਰ ਦੇ ਖੱਬੇ ਪਹੀਏ ਵਿੱਚ ਇੱਕ ਜ਼ੋਰਦਾਰ ਧਮਾਕਾ ਸੁਣਿਆ ਗਿਆ, ਜਿਵੇਂ ਕਿ ਜਨਰਲ ਐਸ।ਵੀ।ਆਰ। ਹਾਲਾਂਕਿ ਰੂਸੀ ਰਾਸ਼ਟਰਪਤੀ ਪੁਤਿਨ ਨੂੰ ਕੋਈ ਸੱਟ ਨਹੀਂ ਲੱਗੀ ਹੈ। ਰਿਪੋਰਟ ਮੁਤਾਬਕ ਰੂਸੀ ਰਾਸ਼ਟਰਪਤੀ ਭਾਰੀ ਸੁਰੱਖਿਆ ਬਲਾਂ ਵਿਚਕਾਰ ਆਪਣੀ ਸਰਕਾਰੀ ਰਿਹਾਇਸ਼ ਵੱਲ ਜਾ ਰਹੇ ਸਨ। ਜ਼ਿਕਰਯੋਗ ਹੈ ਕਿ ਧਮਾਕੇ ਦੀ ਆਵਾਜ਼ ਸੁਣਦੇ ਹੀ ਸੁਰੱਖਿਆ ਬਲਾਂ ਨੇ ਤੁਰੰਤ ਰਾਸ਼ਟਰਪਤੀ ਪੁਤਿਨ ਦੀ ਕਾਰ ਨੂੰ ਘੇਰ ਲਿਆ। ਧਮਾਕੇ ਤੋਂ ਬਾਅਦ ਪੁਤਿਨ ਨੂੰ ਸੁਰੱਖਿਅਤ ਸਰਕਾਰੀ ਰਿਹਾਇਸ਼ 'ਤੇ ਲਿਜਾਇਆ ਗਿਆ। ਕਿਰਪਾ ਕਰਕੇ ਧਿਆਨ ਦਿਓ ਕਿ ਇਸ ਖਬਰ ਦੀ ਅਜੇ ਅਧਿਕਾਰਤ



ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ।

ਇਸ ਦੇ ਨਾਲ ਹੀ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੇਂਸਕੀ ਹਾਦਸੇ ਦਾ ਸ਼ਿਕਾਰ ਹੋ ਗਏ ਹਨ। ਜ਼ੇਲੇਂਸਕੀ ਦੀ ਕਾਰ ਦੀ ਟੱਕਰ ਹੋ ਗਈ ਹੈ। ਰਾਸ਼ਟਰਪਤੀ ਦੇ ਬੁਲਾਰੇ ਨੇ ਸਥਾਨਕ ਮੀਡੀਆ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ। ਜ਼ੇਲੇਂਸਕੀ ਦੇ ਬੁਲਾਰੇ ਸੇਰਹੀ ਨੈਕੀਫੋਰੋਵ ਨੇ ਇੱਕ ਫੇਸਬੁੱਕ ਪੋਸਟ ਵਿੱਚ ਕਿਹਾ ਕਿ ਰਾਸ਼ਟਰਪਤੀ ਦੀ ਕਾਰ ਇੱਕ ਬਾਈਕ ਨਾਲ ਟਕਰਾ ਗਈ ਸੀ।

ਮੀਡੀਆ ਪੋਰਟਲ ਮੁਤਾਬਕ ਹਾਦਸੇ ਤੋਂ ਬਾਅਦ ਡਾਕਟਰ ਨੇ ਜਾਂਚ ਕੀਤੀ ਅਤੇ ਦੱਸਿਆ ਕਿ ਰਾਸ਼ਟਰਪਤੀ ਨੂੰ ਕੋਈ ਗੰਭੀਰ ਸੱਟ ਨਹੀਂ ਲੱਗੀ ਹੈ। ਜ਼ੇਲੇਂਸਕੀ ਦੇ ਨਾਲ ਮੌਜੂਦ ਡਾਕਟਰਾਂ ਨੇ ਵੀ ਕਾਰ ਦੇ ਡਰਾਈਵਰ ਨੂੰ ਡਾਕਟਰੀ ਸਹਾਇਤਾ ਦਿੱਤੀ ਅਤੇ ਉਸਨੂੰ ਐਂਬੂਲੈਂਸ ਵਿੱਚ ਭੇਜਿਆ।

# ਮੋਰਿੰਡਾ ਵਿਖੇ ਰਚਾਇਆ ਗਿਆ ਸਾਹਿਤਕ ਸਮਾਗਮ




**ਮੋਰਿੰਡਾ (ਪੰਜਾਬ) (ਪ੍ਰਮਿੰਦਰ ਸਿੰਘ ਪ੍ਰਵਾਨਾ)-** ਪੰਜਾਬੀ ਸਭਿਆਚਾਰਕ ਨਾਰੀ ਵਿਰਸਾ ਮੰਚ ਪੰਜਾਬ ਦੀ ਪ੍ਰਧਾਨ ਸੁਰਿੰਦਰ ਕੌਰ ਬਾੜਾ ਦੀ ਅਗਵਾਈ ਹੇਠ ਪੰਜਾਬ ਰਿਜ਼ੋਰਟ ਮੋਰਿੰਡਾ ਵਿਖੇ ਸਾਹਿਤਕ ਸਮਾਗਮ ਰਚਾਇਆ ਗਿਆ। ਮੁੱਖ ਮਹਿਮਾਨ ਪੰਜਾਬੀ ਲੋਕ ਗਾਇਕ ਪਾਲੀ ਦੇਤਵਾਲੀਆ ਅਤੇ ਪ੍ਰਧਾਨਗੀ ਮੰਡਲ ਵਿਚ ਸਨ: ਗੁਰਜੀਤ ਸਿੰਘ ਬਾਠ, ਜਤਿੰਦਰ ਕੌਰ ਸੰਧੂ ਗਿੱਲ, ਸੁਰਿੰਦਰ ਸੇਠੀ, ਡਾ. ਗੁਰਵਿੰਦਰ ਸਿੰਘ ਅਮਨ, ਗੁਰਸੇਵਕ ਸਿੰਘ ਢਿੱਲੋਂ, ਡਾ. ਰਾਜਿੰਦਰ ਕੌਰ ਬਾਜਵਾ। ਸਮਾਗਮ ਦੀ ਜਾਣਕਾਰੀ ਦਿੰਦਿਆਂ ਰਾਬਿੰਦਰ ਸਿੰਘ ਰੱਬੀ ਨੇ ਦੱਸਿਆ ਕਿ ਅਮਰਜੀਤ ਕੌਰ ਮੋਰਿੰਡਾ ਦਾ ਗਜ਼ਲ ਸੰਗ੍ਰਹਿ 'ਇਕ ਲੱਪ ਕਿਰਨਾਂ ਦੀ' ਸਾਡਾ ਪੰਜਾਬ ਸਾਡਾ ਵਿਰਸਾ ਵੱਲੋਂ ਲੋਕ ਅਰਪਣ ਕੀਤਾ ਗਿਆ।

ਪ੍ਰਸਿੱਧ ਗੀਤਕਾਰ ਸੰਤ ਸਿੰਘ ਸੋਹਲ ਨੇ ਪੁਸਤਕ ਤੇ ਪ੍ਰਚਾ ਪੜ੍ਹਦਿਆਂ ਕਿਹਾ ਕਿ ਪੁਸਤਕ ਵਿਚ ਮਨੁੱਖੀ ਭਾਵਾਂ ਨੂੰ ਬੜੇ ਵਧੀਆ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਬਾਕੀ ਬੁਲਾਰਿਆਂ ਨੇ ਵੀ ਪੁਸਕ ਦੀ ਢੁਕਵੀਂ ਤਾਰੀਫ ਕਰਦਿਆਂ ਕਿਹਾ ਕਿ ਪੁਸਤਕ ਲਾਇਬ੍ਰੇਰੀਆਂ ਵਿਚ ਭੇਜੀ ਜਾਵੇ।

ਕਵੀ ਦਰਬਾਰ ਵਿਚ ਸ਼ਾਮਲ ਸਨ: ਰਾਜਿੰਦਰ ਕੌਰ ਕੁਰੂਕਸ਼ੇਤਰ, ਪ੍ਰਮਜੀਤ ਸਿੰਘ ਵਿਰਦੀ, ਕਿਰਨ ਸਿੰਗਲਾ, ਸੁੱਖ ਸੰਧੂ, ਮਲਕੀਤ ਸਿੰਘ ਨਾਗਰਾ, ਰਾਜਿੰਦਰ ਕੌਰ ਪੰਨੂ, ਧਰਮਿੰਦਰ ਸ਼ਾਹਿਦ ਖੰਨਾ, ਸੁਖਜਿੰਦਰ ਸਿੰਘ, ਸੁਖਬੀਰ, ਜਗਪਾਲ ਸਿੰਘ, ਡਾ. ਦਵਿੰਦਰ ਪ੍ਰੀਤ, ਸਰਦੂਲ ਸਿੰਘ, ਡਾ. ਰਾਜਿੰਦਰ ਸਿੰਘ ਕੁਰਾਲੀ, ਭੁਪਿੰਦਰ ਸਿੰਘ, ਜਰਨੈਲ ਸਿੰਘ, ਪ੍ਰਮਿੰਦਰ ਸਿੰਘ, ਛਿੱਬਰ ਸਹੇੜੀ, ਨਿਰਮਲਾ ਗਰਗ, ਕੁਲਜੀਤ ਕੌਰ, ਯਤਿੰਦਰ ਕੌਰ ਮਾਹਲਾ, ਮਨਦੀਪ ਕੌਰ ਰਿੰਪੀ, ਜਰਨੈਲ ਸਿੰਘ ਸਿੱਧੂ, ਨਿਮਰਤਾ, ਸੰਤੋਸ਼ ਕੁਮਾਰੀ, ਮਨਜੀਤ ਸਿੰਘ, ਸਤਿੰਦਰ ਕੌਰ, ਸੁਰਜੀਤ ਸਿੰਘ ਜੀਤ, ਕੁਲਵੰਤ ਸਿੰਘ, ਸੁਰਿੰਦਰ ਸਿੰਘ ਰਸੂਲਪੁਰ, ਧਰਮਿੰਦਰ ਸਿੰਘ ਭੰਗੂ, ਗੁਰਿੰਦਰ ਸਿੰਘ ਕਲਸੀ, ਛਿੰਦੀ ਰਾਣੀ, ਊਸ਼ਾ ਰਾਣੀ, ਅੰਮ੍ਰਿਤ ਪ੍ਰਵੀਨ, ਸਤਿੰਦਰ ਸਿੰਘ ਮੜੌਲਵੀ, ਆਜਾਦ ਵਿਸਮਾਦ, ਸੁੱਚਾ ਸਿੰਘ ਮਸਤਾਨਾ, ਰਾਜਿੰਦਰ ਕੌਰ ਮਾਵੀ ਆਦਿ। ਗਾਇਕ ਪਾਲੀ ਦੇਤਵਾਲੀਆ ਅਤੇ ਅਮਰਜੀਤ ਕੌਰ ਮੋਰਿੰਡਾ ਦਾ ਸਨਮਾਨ ਕੀਤਾ ਗਿਆ। ਪ੍ਰਧਾਨਗੀ ਭਾਸ਼ਣ ਵਿਚ ਪਾਲੀ ਦੇਤਵਾਲੀਆ ਨੇ ਕਿਹਾ ਕਿ ਅਜੋਕੇ ਸਮੇਂ ਵਿਚ ਮਿਆਰੀ ਸਾਹਿਤ ਦੀ ਸਿਰਜਣਾ ਲਈ ਚੰਗੇ ਸਾਹਿਤਕਾਰਾਂ ਤੇ ਗੀਤਕਾਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਮੰਚ ਸੰਚਾਲਨ ਧਰਮਿੰਦਰ ਸ਼ਾਹਿਦ ਵੱਲੋਂ ਬਾਖੂਬ ਨਿਭਾਇਆ ਗਿਆ। ਅੰਤ ਵਿਚ ਸੁਰਿੰਦਰ ਕੌਰ ਬਾੜਾ ਪ੍ਰਧਾਨ ਨੇ ਇਕ ਖੂਬਸੂਰਤ ਗੀਤ ਗਾ ਕੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਰੋਚਕ ਅਤੇ ਸਾਰਥਕ ਹੋ ਨਿੱਬੜਿਆ। ਅਜਿਹੇ ਸਫਲ ਸਮਾਗਮਾਂ ਦੀ ਹਮੇਸ਼ਾ ਉਡੀਕ ਰਹਿੰਦੀ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਪੁਰਬ 'ਤੇ ਵਿਸ਼ੇਸ਼

# 'ਸੱਭ 'ਤੇ ਵੱਡਾ ਸਤਿਗੁਰ ਨਾਨਕ'



ਸਾਡੇ ਸਮਾਜ 'ਚ ਗੁਰੂ ਦਾ ਸਥਾਨ ਮਾਤਾ-ਪਿਤਾ ਦੇ ਸਮਾਨ ਹੀ ਸਮਝਿਆ ਜਾਂਦਾ ਹੈ। ਗੁਰੂ ਦੀ ਮਹਾਨਤਾ ਤੇ ਮਹਿਮਾ ਬਾਰੇ ਵਿਆਖਿਆ ਸਾਨੂੰ ਸਾਡੇ ਪੁਰਾਣਾਂ ਤੇ ਪੁਰਾਤਨ ਗ੍ਰੰਥਾਂ 'ਚੋਂ ਮਿਲਦੀ ਹੈ। ਭਾਰਤ ਦੇ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਧਰਮ ਦੇ ਸਭ ਤੋਂ ਵੱਡੇ ਗੁਰੂ ਮੰਨੇ ਜਾਂਦੇ ਹਨ ਤੇ ਉਨ੍ਹਾਂ ਨੇ ਵੀ ਆਪਣੇ ਸਾਰੇ ਜੀਵਨ ਕਾਲ 'ਚ ਗੁਰੂ ਦੀ ਮਹਿਮਾ ਦੀ ਵਿਆਖਿਆ ਬੜੇ ਉੱਚ ਪੱਧਰ 'ਤੇ ਕੀਤੀ ਤੇ ਪ੍ਰੇਮ ਭਾਵਨਾ ਨੂੰ ਫੈਲਾਉਣ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ 'ਚ ਲੋਕਾਂ ਨੂੰ ਏਕਤਾ ਤੇ ਪ੍ਰੇਮ-ਪਿਆਰ ਨੂੰ ਵਧਾਉਣ ਲਈ ਆਪਣਾ ਸਾਰਾ ਜੀਵਨ ਪੁਰਜ਼ੋਰ ਕੋਸ਼ਿਸ਼ ਕੀਤੀ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਕਈ ਪਹਿਲੂ ਹਨ। ਉਹ ਅਧਿਆਤਮਵਾਦ ਦੇ ਮਹਾਂ-ਬ੍ਰਹਮਗਿਆਨੀ, ਉੱਚ ਕੋਟੀ ਦੇ ਦਾਰਸ਼ਨਿਕ ਤੇ ਵਿਚਾਰਕ ਸਨ। ਉਨ੍ਹਾਂ ਨੇ ਆਪਣੇ ਜਗਿਆਸੂਆਂ ਨੂੰ ਅਧਿਆਤਮਕ ਉਲਝਣਾਂ ਨੂੰ ਸਮਝਾਉਣ ਲਈ ਤੇ ਉਨ੍ਹਾਂ ਦਾ ਹੱਲ ਕਰਨ ਲਈ, ਬੜੀ ਸਰਲ ਤੇ ਸਪਸ਼ਟ ਭਾਸ਼ਾ, ਪੰਜਾਬੀ 'ਚ 'ਜਪੁਜੀ' ਸਾਹਿਬ ਦੀ ਰਚਨਾ ਕੀਤੀ। ਇਹ ਅਧਿਆਤਮਵਾਦ 'ਤੇ ਲਿਖੀ ਗਈ ਸੰਸਾਰ ਪ੍ਰਸਿੱਧ ਆਧੁਨਿਕ ਬਾਣੀ ਹੈ। ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾਂਦਾ ਹੈ। ਇਹ ਪੌੜੀ ਛੰਦ 'ਚ ਲਿਖੀ ਗਈ ਹੈ ਤੇ ਜਗਿਆਸੂ 'ਚ ਅਧਿਆਤਮਵਾਦ ਦਾ ਵਿਕਾਸ, ਪੜਾਅ ਵਾਰ ਕਰਦੀ ਹੋਈ, ਪ੍ਰਗਤੀ ਦੇ ਪੰਧ ਤੇ ਚੱਲ ਕੇ, ਜੀਵ ਆਤਮਾ ਨੂੰ ਪ੍ਰਭੂ ਦੇ ਦਰ ਤੱਕ ਪਹੁੰਚਾ ਦਿੰਦੀ ਹੈ। ਇਹ ਸਿੱਖੀ ਜੀਵਨ ਦਾ ਨਿਤਨੇਮ ਬਣ ਗਈ ਹੈ ਤੇ ਇਸ ਦੀਆਂ ਵਡਿਆਈਆਂ ਨੂੰ ਵਿਚਾਰਨ ਦਾ ਸਮਾਂ ਅੰਮ੍ਰਿਤ ਵੇਲਾ ਦੱਸਿਆ ਗਿਆ ਹੈ। ਇਸ ਵਿਚਾਰ ਨੂੰ ਇਸ ਮਹਾਨ ਰਚਨਾ ਦਾ ਕੇਂਦਰੀ ਭਾਵ ਵੀ ਕਿਹਾ ਜਾ ਸਕਦਾ ਹੈ।



ਪ੍ਰੋ: ਐਚ.ਐਲ.ਕਪੂਰ

ਗੁਰੂ ਨਾਨਕ ਦੇਵ ਜੀ ਇਕ ਬਹੁਤ ਵੱਡੇ ਸੰਤ ਕਵੀ ਵੀ ਸਨ। ਉਨ੍ਹਾਂ ਨੇ ਤਿੰਨ ਅਧਿਆਤਮਕ ਵਾਰਾਂ ਵੀ ਲਿਖੀਆਂ ਜਿਹਨਾਂ ਦੇ ਨਾਮ ਹਨ: ਆਸਾ ਦੀ ਵਾਰ, ਮਾਝ ਦੀ ਵਾਰ ਤੇ ਮਲਾਰ ਦੀ ਵਾਰ। ਆਸਾ ਦੀ ਵਾਰ ਲੋਕਾਂ ਵਿਚ ਫੈਲੇ ਭਰਮਾਂ-ਵਹਿਮਾਂ, ਫੋਕੇ ਕਰਮ ਕਾਂਡਾਂ ਤੇ ਝੂਠੇ ਅਡੰਬਰਾਂ 'ਚੋਂ ਨਿਕਲ ਕੇ, ਮਾਨਵ ਨੂੰ ਸਾਦਾ ਤੇ ਸੱਚਾ-ਸੁੱਚਾ ਜੀਵਨ ਜਿਊਣ ਵੱਲ ਸੇਧਿਤ ਕਰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਹੋਰ ਰਚਨਾਵਾਂ ਵੀ ਹਨ ਜਿਵੇਂ: ਸਿੱਧ ਗੋਸ਼ਟਿ, ਸੋਹਲੇ, ਦੱਖਣੀ ਓਅੰਕਾਰ, ਪੱਟੀ, ਬਾਰਾਂ ਮਾਹ ਤੇ 974 ਸ਼ਬਦ ਹਨ। ਇਹ ਸਭ ਬਾਣੀਆਂ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਣਨਾਤਮਕ ਪੱਖੋਂ ਗੁਰੂ ਗ੍ਰੰਥ ਸਾਹਿਬ 'ਚ ਦਰਜ ਸਭ ਬਾਣੀਆਂ ਨਾਲੋਂ ਸਰਵ ਉੱਤਮ ਦਰਜੇ ਦੀ ਹੈ।

ਗੁਰੂ ਨਾਨਕ ਦੇਵ ਜੀ ਵੇਦਾਂਤੀ ਸਨ। ਉਹ ਬਹੁ ਮੂਰਤੀ ਪੂਜਾ ਦੇ ਵਿਰੁੱਧ ਸਨ। ਬੁੱਤ ਪੂਜਾ ਸਬੰਧੀ ਉਨ੍ਹਾਂ ਦੀ ਸੋਚ ਨਿਰਾਰਥਕ ਸੀ। ਰੂੜ੍ਹੀਵਾਦੀ ਕੁਸੰਸਕਾਰਾਂ ਦਾ ਵੀ ਉਨ੍ਹਾਂ ਨੇ ਰੱਜ ਕੇ ਵਿਰੋਧ ਕੀਤਾ। ਉਨ੍ਹਾਂ ਦਾ ਉਪਦੇਸ਼ ਸੀ, ਈਸ਼ਵਰ ਦੀ ਪ੍ਰਾਪਤੀ ਬਾਹਰੀ ਸਾਧਨਾਂ ਨਾਲ ਨਹੀਂ ਹੋ ਸਕਦੀ ਸਗੋਂ ਸਰੀਰ ਦੇ ਅੰਦਰੂਨੀ ਸਾਧਨਾਂ ਦੇ ਚਿੰਤਨ ਨਾਲ ਹੋ ਸਕਦੀ ਹੈ। ਉਨ੍ਹਾਂ ਦੀ ਬਾਣੀ 'ਚ ਵੈਰਾਗ ਰਸ ਤਾਂ ਹੈ ਹੀ ਪਰ ਇਸ ਦੇ ਨਾਲ ਉਨ੍ਹਾਂ ਨੇ ਤਤਕਾਲੀਨ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਪ੍ਰਸਥਿਤੀਆਂ ਦਾ ਵਰਣਨ ਵੀ ਕੀਤਾ ਹੈ। ਸੰਤ ਸਾਹਿਤ 'ਚ ਉਹ ਉਹਨਾਂ ਸੰਤਾਂ ਦੀ ਸ਼੍ਰੇਣੀ 'ਚ ਆਉਂਦੇ ਹਨ, ਜਿਹਨਾਂ ਨ ਔਰਤ ਦੀ ਮਹਾਨਤਾ ਤੇ ਉਸ ਦਾ ਸਤਿਕਾਰ ਕਰਨ ਦਾ ਸਮਾਜ ਨੂੰ ਸੰਦੇਸ਼ ਦਿੱਤਾ। ਉਨ੍ਹਾਂ ਦੇ ਉਪਾਸ਼ਕ ਉਹਨਾਂ ਨੂੰ ਪਿਆਰ ਤੇ ਸਤਿਕਾਰ ਨਾਲ ਗੁਰੂ ਨਾਨਕ, ਗੁਰੂ ਨਾਨਕ ਦੇਵ ਜੀ, ਬਾਬਾ ਨਾਨਕ ਤੇ ਨਾਨਕ ਸ਼ਾਹ ਦੇ ਨਾਵਾਂ ਨਾਲ ਯਾਦ ਕਰਦੇ ਹਨ। ਉਹ ਇਕ ਮਹਾਨ ਵਿਅੱਕਤਿਤੱਵ ਦੇ ਮਾਲਕ, ਦਾਰਸ਼ਨਿਕ, ਇਕ ਮਹਾਨ ਤਪੱਸਵੀ, ਯੋਗੀ, ਗ੍ਰਿਸਤੀ, ਸਮਾਜ ਸੁਧਾਰਕ, ਧਰਮ ਸੁਧਾਰਕ, ਇਕ ਉੱਚ ਕੋਟੀ ਦੇ ਕਵੀ, ਇਕ ਬਹੁਤ ਵੱਡੇ ਦੇਸ਼ ਭਗਤ ਤੇ ਵਿਸ਼ਵਵੰਧੂ- ਇਹਨਾਂ ਸਭ ਗੁਣਾਂ ਦੇ ਮਾਲਕ ਸਨ।

ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈਸਵੀ ਨੂੰ ਰਾਏ ਭੋਏ ਦੀ ਤਲਵੰਡੀ, ਜਿਸ ਨੂੰ ਅੱਜਕਲ੍ਹ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਕਹਿੰਦੇ ਹਨ, ਵਿਖੇ ਹੋਇਆ ਤੇ ਉਹਨਾਂ ਨੇ ਆਪਣਾ ਆਖਰੀ ਜੀਵਨ ਆਪਣੇ ਪਰਿਵਾਰ 'ਚ ਕਰਤਾਰਪੁਰ (ਹੁਣ ਪਾਕਿਸਤਾਨ 'ਚ) ਵਿਖੇ ਬਤੀਤ ਕੀਤਾ ਤੇ ਉਹ ਇੱਥੇ ਹੀ 22 ਸਤੰਬਰ, 1539 ਈਸਵੀ ਨੂੰ ਜੋਤੀ-ਜੋਤ ਸਮਾ ਗਏ। ਉਹ ਬਚਪਨ ਤੋਂ ਹੀ ਬਹੁਤ ਹੋਣਹਾਰ ਬਾਲਕ ਸਨ। ਸਕੂਲ ਪੜ੍ਹਦੇ ਸਮੇਂ ਹੀ ਉਨ੍ਹਾਂ ਦੇ ਪਿਤਾ ਸ੍ਰੀ ਮਹਿਤਾ ਕਾਲੂ ਜੀ ਨੂੰ ਅਧਿਆਪਕ ਨੇ ਕਿਹਾ ਕਿ ਇਸ ਬਾਲਕ 'ਚ ਕੋਈ ਅਲਾਹੀ ਨੂਰ ਹੈ। ਇਹ ਵੱਡਾ ਹੋ ਕੇ ਸਾਰੇ ਸੰਸਾਰ ਨੂੰ ਗਿਆਨ ਦੇਵੇਗਾ। ਪੰਜਾਬੀ ਦੇ ਇਕ ਅਖਾਣ 'ਹੋਣਹਾਰ ਵਿਰਵਾ ਕੇ ਚਿੱਕਨੇ-ਚਿੱਕਨੇ ਪਾਤ' ਦੇ ਅਰਥਾਂ ਅਨੁਸਾਰ ਅਧਿਆਪਕ ਦੀ ਇਹ ਭਵਿੱਖਬਾਣੀ ਸਹੀ ਸਾਬਤੀ ਹੋਈ। ਥੋੜ੍ਹਾ ਵੱਡਾ ਹੋਣ 'ਤੇ ਉਹਨਾਂ ਦੇ ਪਿਤਾ ਜੀ ਨੇ ਚਾਹਿਆ ਕਿ ਬਾਲਕ ਨਾਨਕ ਨੂੰ ਕਿਸੇ ਵਿਉਪਾਰ 'ਚ ਲਗਾ ਦਿੱਤਾ ਜਾਵੇ, ਪਰ ਇੱਥੇ ਵੀ ਉਹਨਾਂ ਦਾ ਮਨ ਨਾ ਟਿਕਿਆ। ਫਿਰ ਹੋਰ ਵੱਡਾ ਹੋਣ ਤੇ 16 ਸਾਲ ਦੀ ਉਮਰ 'ਚ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦਾ ਵਿਆਹ ਕਰ ਦਿੱਤਾ। ਉਨ੍ਹਾਂ ਦੇ ਦੋ ਪੁੱਤਰ ਵੀ ਹੋਏ ਪਰ ਪਰਿਵਾਰਕ ਮੋਹ ਵੀ ਉਨ੍ਹਾਂ ਨੂੰ ਗ੍ਰਿਸਤੀ ਦੇ ਬੰਧਨਾਂ 'ਚ ਬੰਨ੍ਹ ਨਾ ਸਕਿਆ। ਜਿਸ ਮਕਸਦ ਲਈ ਉਨ੍ਹਾਂ ਨੇ ਅਵਤਾਰ ਧਾਰਿਆ ਸੀ, ਫਿਰ ਉਹ ਇਸ ਦੀ ਪੂਰਤੀ ਲਈ ਘਰੋਂ ਨਿਕਲ ਤੁਰੇ।

ਗੁਰੂ ਨਾਨਕ ਦੇਵ ਜੀ ਨੇ ਲੱਗਭੱਗ 30 ਸਾਲਾਂ 'ਚ ਆਪਣੀਆਂ ਉਦਾਸੀਆਂ ਭਾਵ ਚਾਰ ਯਾਤਰਾਵਾਂ ਪੂਰੀਆਂ ਕੀਤੀਆਂ। ਉਹ ਸਮੁੱਚੇ ਭਾਰਤਵਰਸ਼ ਤੇ ਏਸ਼ੀਆ ਦੇ ਕਈ ਦੇਸ਼ਾਂ 'ਚ ਆਪਣੇ ਉਦੇਸ਼ ਦੀ ਪੂਰਤੀ ਲਈ ਗਏ ਤੇ ਉਹਨਾਂ ਦੇ ਨਾਲ, ਉਹਨਾਂ ਦੇ ਸਾਥੀ ਭਾਈ ਬਾਲਾ ਤੇ ਭਾਈ ਮਰਦਾਨਾ ਵੀ ਨਾਲ ਸਨ। ਮਰਦਾਨਾ ਮੁਸਲਮਾਨ ਵਰਗ ਨਾਲ ਸਬੰਧ ਰੱਖਦਾ ਸੀ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸੰਦੇਸ਼ ਦਿੱਤਾ ਕਿ ਜਾਤ-ਪਾਤ ਤੇ ਸੰਪਰਦਾਏ, ਤੋਂ ਉਪਰ ਮਹੱਤਵਪੂਰਨ ਹੁੰਦਾ ਹੈ 'ਮਾਨਵ ਦਾ ਮਾਨਵ ਨਾਲ ਪਿਆਰ' ਜਿਸ ਨੂੰ ਆਧੁਨਿਕ ਭਾਸ਼ਾ 'ਚ 'ਮਾਨਵਵਾਦ' ਕਿਹਾ ਜਾਂਦਾ ਹੈ, ਕਿਉਂਕਿ ਸਾਡਾ ਸਾਰਿਆਂ ਦਾ ਇਕੋ ਪਿਤਾ ਪ੍ਰਮਾਤਮਾ ਹੀ ਹੈ ਤੇ ਅਸੀਂ ਸਾਰੇ ਉਸ ਪ੍ਰਮਾਤਮਾ ਦੀ ਪੈਦਾ ਕੀਤੀ ਹੋਈ ਔਲਾਦ ਹਾਂ ਭਾਵ 'ਏਕ ਪਿਤਾ ਏਕਸ ਕੇ ਹਮ ਬਾਰਿਕ'। ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਸਾਰਾ ਜੀਵਨ ਆਪਣੇ ਨਾਲ ਰੱਖ ਕੇ, ਉਨ੍ਹਾਂ ਨੇ ਸਾਰੇ ਸੰਸਾਰ ਨੂੰ 'ਸਮਾਜਿਕ ਬਰਾਬਰੀ'ਦਾ ਸੰਦੇਸ਼ ਦਿੱਤਾ। ਇਸ ਉਦਾਹਰਣ ਨੂੰ ਉਨ੍ਹਾਂ ਦੀ ਮਾਨਵਵਾਦੀ ਸੋਚ ਦਾ ਸਿਰਮੌਰ ਕਿਹਾ ਜਾ ਸਕਦਾ ਹੈ। ਇਸ ਦੀ ਸਾਡੇ ਅਜੋਕੇ ਸਮਾਜ ਨੂੰ ਬਹੁਤ ਜ਼ਰੂਰਤ ਹੈ। ਸਿੱਖ ਧਰਮ ਤੇ ਕਾਬਜ਼ ਜਥੇਬੰਦੀ ਦਾ ਇਹ ਪਰਮ ਧਰਮ ਬਣਦਾ ਹੈ ਕਿ ਉਹ ਦਲਿਤ ਭਾਈਚਾਰੇ ਨੂੰ ਅਮਲੀ ਰੂਪ 'ਚ ਸਮਾਜਿਕ ਬਰਾਬਰੀ ਦਾ ਦਰਜਾ ਦੇਣ ਲਈ, ਆਪਣੇ ਸੱਚੇ ਦਿਲੋਂ ਉਪਰਾਲੇ ਕਰਨ ਨਾ ਕਿ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣ, ਤਾਂ ਹੀ ਗੁਰੂ ਸਾਹਿਬ ਜੀ ਦੀ ਸਿਰਜੀ ਹੋਈ ਇਹ ਕਦਰ-ਕੀਮਤ, ਆਪਣੀ ਚਰਮ ਸੀਮਾ 'ਤੇ ਪਹੁੰਚ ਸਕੇਗੀ। ਇਸ ਤਰ੍ਹਾਂ ਕਰਨ ਨਾਲ ਗੁਰੂ ਸਾਹਿਬ ਵੱਲੋਂ ਸਿਰਜਿਆ ਗਿਆ ਆਪਣਾ ਨਵਾਂ ਸਮਾਜ ਵੱਧ-ਫੁੱਲ ਕੇ ਸੰਸਾਰ ਦੀ ਸਾਰੀ ਪ੍ਰਕਿਰਤੀ ਨੂੰ ਆਪਣੇ ਕਲਾਵੇ 'ਚ ਲੈ ਸਕਣ ਦੇ ਸਮਰੱਥ ਹੋ ਜਾਵੇਗਾ।

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰੋ ਯਾਤਰਾਵਾਂ ਦੇ ਦੌਰਾਨ ਪਾਖੰਡੀ ਸਾਧਾਂ-ਫਕੀਰਾਂ, ਅਡੰਬਰ ਕਰਨ ਵਾਲਿਆਂ ਤੇ ਭਰਮਾਂ ਵਹਿਮਾਂ 'ਚ ਵਿਸ਼ਵਾਸ ਰੱਖਣ ਵਾਲਿਆਂ ਕਰੋੜਾਂ ਇਨਸਾਨਾਂ ਨੂੰ ਆਪਣੀ ਵਿਗਿਆਨਕ, ਤਰਕਸ਼ੀਲ ਤੇ ਆਪਣੇ ਅਧਿਆਤਮਕ ਗਿਆਨ ਨਾਲ, ਗਿਆਨਵਾਨ ਕਰਕੇ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਕੇ, ਆਤਮਾ ਤੇ ਪ੍ਰਮਾਤਮਾ ਨਾਲ ਜੋੜਿਆ ਤਾਂ ਕਿ ਸਮਾਜ 'ਚ ਪ੍ਰੇਮ ਪਿਆਰ ਦੀ ਭਾਵਨਾ ਪੈਦਾ ਹੋ ਸਕੇ ਤੇ ਇਹ ਸਭ ਵਰਗਾਂ ਦਾ ਸਾਂਝਾ ਭਾਈਚਾਰਾ ਬਣ ਕੇ, ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ ਸੰਕਲਪ 'ਚ ਸਫਲਤਾ ਵੀ ਪ੍ਰਾਪਤ ਕੀਤੀ। ਇਸੇ ਲਈ ਹੀ ਤਾਂ ਉਨ੍ਹਾਂ ਨੂੰ ਸਭ ਧਰਮਾਂ ਦੇ ਲੋਕ ਪਿਆਰ ਕਰਦੇ ਸਨ ਤੇ ਉਨ੍ਹਾਂ ਨੂੰ ਸਭ ਧਰਮਾਂ ਦਾ 'ਸਾਂਝਾ ਗੁਰੂ' ਸਵੀਕਾਰਦੇ ਸਨ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਵਿਚਾਰਧਾਰਾ ਨੇ ਇਕ ਨਵੇਂ ਸਮਾਜ 'ਸਿੱਖ ਸਮਾਜ' ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਲੋਕਾਂ ਨੂੰ ਗਿਆਨਵਾਨ ਕਰਨ ਲਈ ਤੇ ਆਤਮਾ ਤੇ ਪ੍ਰਮਾਤਮਾ ਨਾਲ ਜੋੜਨ ਲਈ ਜੋ ਉਪਦੇਸ਼ ਦਿੱਤਾ, ਉਹ ਨਿਮਨਲਿਖਤ ਅਨੁਸਾਰ ਹਨ:-

ਗੁਰੂ ਨਾਨਕ ਦੇਵ ਜੀ ਨੇ ਬਾਣੀ ਦੁਆਰਾ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਸਾਰੀਆਂ ਸਚਾਈਆਂ ਤੋਂ ਉਪਰ ਮਨੁੱਖ ਦਾ ਚਰਿੱਤਰ ਤੇ ਵਿਵਹਾਰ ਹੈ:- ਉਹ ਕਹਿੰਦੇ ਹਨ ਕਿ, ''ਸੱਚੋਂ ਓਰੇ ਸਭ ਕੋ ਓਪਰ ਸੱਚ ਆਚਾਰ।' ਹੇ, ਮਾਨਵ! ਤੂੰ ਆਪਣੇ ਚੰਗੇ ਚਰਿੱਤਰ ਤੇ ਵਿਵਹਾਰ ਦਾ ਨਿਰਮਾਣ ਕਰ।

**ਵਾਹਿਗੁਰੂ ਦੀ ਰਜ਼ਾ 'ਚ ਰਹੋ:-** ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਨੂੰ ਇਹ ਸੰਦੇਸ਼ ਦਿੱਤਾ ਕਿ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ।' ਸੰਸਾਰ 'ਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਪ੍ਰਮਾਤਮਾ ਦੀ ਕਿਰਪਾ ਨਾਲ ਤੇ ਉਸ ਦੀ ਰਜ਼ਾ 'ਚ ਹੋ ਰਿਹਾ ਹੈ। ਇਸ ਲਈ ਚੰਗਾ ਕੀ ਹੈ ਤੇ ਮਾੜਾ ਕੀ ਹੈ? ਇਹ ਪ੍ਰਮਾਤਮਾ ਨੂੰ ਹੀ ਪਤਾ ਹੈ। ਚੰਗੇ ਜਾਂ ਮਾੜੇ ਨੂੰ ਸਾਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦਾ ਹੈ। ਦੁੱਖ ਜਾਂ ਸੁੱਖ ਆਉਣ ਤੇ ਸਾਨੂੰ ਕੋਈ ਪ੍ਰਸ਼ਨ ਨਹੀਂ ਕਰਨਾ ਚਾਹੀਦਾ।

ਇਸ ਲਈ ਮਨੁੱਖ ਨੂੰ ਆਪਣਾ ਕੰਮ ਚਿੰਤਾ ਮੁਕਤ ਹੋ ਕੇ ਕਰਨਾ ਚਾਹੀਦਾ ਹੈ।

**ਪ੍ਰਮਾਤਮਾ ਇਕ ਹੈ-** ਪ੍ਰਮਾਤਮਾ ਸਭ ਜਗ੍ਹਾ ਤੇ ਸਭ ਪ੍ਰਾਣੀਆਂ 'ਚ ਮੌਜੂਦ ਹੈ। 'ਨਾ ਕੋ ਹਿੰਦੂ ਨਾ ਮੁਸਲਮਾਨ' ਗੁਰੂ ਜੀ ਕਹਿੰਦੇ ਹਨ ਕਿ ਮੈਂ ਤਾਂ ਉਸ ਪ੍ਰਮਾਤਮਾ ਦਾ ਪੈਰੋਕਾਰ ਹਾਂ ਤੇ ਮੇਰਾ ਉਸ ਇਕੋ ਪ੍ਰਮਾਤਮਾ 'ਚ ਹੀ ਵਿਸ਼ਵਾਸ ਹੈ। ਪ੍ਰਮਾਤਮਾ ਸਰਵ ਵਿਆਪਕ ਹੈ। ਉਸ ਦੀ ਕੋਈ ਮੂਰਤ ਜਾਂ ਆਕਾਰ ਨਹੀਂ ਹੈ। ਉਹ ਸਦੀਵੀ ਹੈ ਤੇ ਨਜ਼ਰ ਵੀ ਨਹੀਂ ਆਉਂਦਾ। ਇਸ ਸੰਸਾਰ ਦੀ ਰਚਨਾ ਤੋਂ ਪਹਿਲਾਂ ਸਿਰਫ਼ ਪ੍ਰਮਾਤਮਾ ਹੀ ਸੀ। ਉਸ ਦੀ ਕਿਰਪਾ ਨਾਲ ਹੀ ਇਸ ਸੰਸਾਰਕ ਜਾਲ ਦੀ ਰਚਨਾ ਹੋਈ ਭਾਵ ਪ੍ਰਾਣੀ ਦੀ ਉਤਪੱਤੀ ਹੋਈ। ਸਿੱਖ ਸਿਧਾਂਤਾਂ ਅਨੁਸਾਰ ਪ੍ਰਮਾਤਮਾ ਕਿਸੇ ਲਿੰਗ ਜਾਂ ਪੁਲਿੰਗ ਜਾਂ ਨਿਪੁੰਸਕ ਲਿੰਗ ਦੀ ਸ਼ਕਲ ਸੂਰਤ 'ਚ ਨਹੀਂ ਹੈ। ਇਸ ਨੂੰ ਸਿਰਫ਼ ਰੂਹਾਨੀਅਤ ਦੀਆਂ ਨਜ਼ਰਾਂ ਨਾਲ ਹੀ ਪਛਾਣਿਆ ਜਾ ਸਕਦਾ ਹੈ। ਉਹ ਸਭ 'ਤੇ ਬਖਸ਼ਿਸ਼ਾਂ ਕਰਦਾ ਹੈ ਤੇ ਸਾਨੂੰ ਉਸ ਨੂੰ ਕਦੇ ਭੁੱਲਣਾ ਨਹੀਂ ਚਾਹੀਦਾ। ਪ੍ਰਮਾਤਮਾ ਦਾ ਪਸਾਰਾ ਬਹੁਤ ਹੈ ਤੇ ਇਕ ਜੀਵ ਆਤਮਾ ਆਪਣੀ ਸਾਰੀ ਅਰਜ਼ੂ 'ਚ ਉਸ ਦੇ ਪਸਾਰੇ ਦੀ ਜਾਣਕਾਰੀ ਹਾਸਲ ਨਹੀਂ ਕਰ ਸਕਦਾ।

**ਸਰਬੱਤ ਦਾ ਭਲਾ ਕਰੋ:-** ਗੁਰੂ ਸਾਹਿਬ ਦੀ ਵਿਚਾਰਧਾਰਾ ਹੈ। ਉਹ ਸਰਬੱਤ ਦਾ ਭਲਾ ਮੰਗਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਧਰਮ ਕੇਵਲ ਸ਼ਬਦਾਂ ਦੀ ਦ੍ਰਿੜ੍ਹਤਾ ਹੀ ਨਹੀਂ ਹੈ ਸਗੋਂ ਸਾਰੀ ਮਾਨਵਤਾ ਦੇ ਪੁਰਸ਼ ਅਤੇ ਇਸਤਰੀਆਂ ਉਸ ਦੀ ਨਜ਼ਰ 'ਚ ਬਰਾਬਰ ਹਨ। ''ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ।'' ਇਹ ਗੁਰਬਾਣੀ ਦੀਆਂ ਸੱਤਰਾਂ ਸਿੱਖ ਜਗਤ ਦੀ ਰੋਜ਼ਾਨਾ ਜੀਵਨ ਦੀ ਅਰਦਾਸ ਦਾ ਸਰਵਉਤਮ ਵਾਕ ਹੈ। ਇਸ ਲਈ ਗੁਰੂ ਜੀ ਆਖਦੇ ਹਨ ਕਿ ਹੇ, ਮਾਨਵ! ਤੂੰ ਰੱਬ ਦਾ ਨਾਮ ਜਪੁ ਤੇਰੀ ਹਮੇਸ਼ਾ ਚੜ੍ਹਦੀ ਕਲਾ ਰਹੇਗੀ ਤੇ ਤੂੰ ਸਰਬੱਤ ਦਾ ਭਲਾ ਕਰਨ ਦੇ ਸਮਰੱਥ ਹੋ ਜਾਏਗਾ। ਤੇਰੀਆਂ ਸਾਰੀਆਂ ਖੁਸ਼ੀਆਂ ਤੇਰੇ ਕੋਲ ਆ ਜਾਣਗੀਆਂ ਤੇ ਤੇਰੀ ਸੋਚ ਵੀ ਹਾਂ ਵਾਚੀ ਹੋ ਜਾਏਗੀ। ਸਰਬੱਤ ਦੇ ਭਲੇ ਦੀ ਸੋਚ, ਗੁਰੂ ਨਾਨਕ ਦੇਵ ਜੀ ਦੀ ਅੰਤਰ ਰਾਸ਼ਟਰਵਾਦੀ ਸੋਚ ਹੈ ਤੇ ਸਾਰੀ ਦੁਨੀਆਂ ਦੀ ਮਾਨਵਤਾ ਨੂੰ ਆਪਣੇ ਕਲਾਵੇ 'ਚ ਸਮੇਟਦੀ ਹੈ। ਉਹ ਇਸ ਭਲੇ 'ਚ ਆਪਣੀ ਨਿਜਤਾ ਦੀ ਗੱਲ ਨਹੀਂ ਕਰਦੇ।

**ਸਦਾ ਸੱਚ ਬੋਲੋ-** ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਦਾ ਸੱਚ ਬੋਲਣ ਦਾ ਸੰਦੇਸ਼ ਦਿੱਤਾ। ਬਾਬਰ ਬਾਣੀ 'ਚ ਉਹ ਬਾਬਰ ਦੇ ਮਾਨਵਤਾ 'ਤੇ ਕੀਤੇ ਜ਼ੁਲਮਾਂ ਦਾ ਵਿਰੋਧ ਕਰਦੇ ਹਨ ਤੇ ਕਹਿੰਦੇ ਹਨ ਕਿ ਹੇ, ਬਾਬਰ! ਮੈਂ ਤੈਨੂੰ ਸੱਚ-ਸੱਚ ਸੁਣਾ ਰਿਹਾ ਹਾਂ ਤੇ ਹੁਣ ਸੱਚ ਬੋਲਣ ਦਾ ਹੀ ਵੇਲਾ ਹੈ ਕਿ, ''ਤੂੰ ਬਾਬਰ ਨਹੀਂ ਹੈ, ਤੂੰ ਜ਼ਾਬਰ ਹੈ।'' ਉਹ ਇਹ ਵੀ ਕਹਿੰਦੇ ਹਨ ਕਿ ਸਾਨੂੰ ਬਿਨਾਂ ਕਿਸੇ ਡਰ ਭੈਅ ਤੋਂ, ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ। ਸਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ। ਇਸ ਨੂੰ ਕਦੀ ਵੀ ਜ਼ੋਰ ਨਾਲ, ਝੂਠ ਬੋਲ ਕੇ ਦਬਾਇਆ ਨਹੀਂ ਜਾ ਸਕਦਾ ਤੇ ਸਾਨੂੰ ਹਮੇਸ਼ਾ ਸਚਾਈ ਦੇ ਨਾਲ ਖੜ੍ਹਨਾ ਚਾਹੀਦਾ ਹੈ। ਇਸ ਲਈ ਹੀ ਬਾਬਰ ਨੂੰ ਉਹ ਸੰਬੋਧਨ ਕਰਦੇ ਕਹਿੰਦੇ ਹਨ:

''ਸੱਚ ਕੀ ਬਾਣੀ ਨਾਨਕ ਆਖੈ,
ਸੱਚ ਸੁਣਾਈਸੀ ਸੱਚ ਕੀ ਵੇਲਾ।।''

**ਸੇਵਾ ਤੇ ਨਾਮ ਸਿਮਰਨ-** ਗੁਰੂ ਸਾਹਿਬ ਕਹਿੰਦੇ ਹਨ ਕਿ ਕੋਈ ਕਿਸੇ ਨੂੰ ਬਚਾਅ ਨਹੀਂ ਸਕਦਾ। ਸਿਰਫ਼ ਗੁਰੂ ਦੀ ਸਿੱਖਿਆ ਹੀ, ਸਾਡਾ ਬਚਾਅ ਕਰ ਸਕਦੀ ਹੈ। ਇਸ ਲਈ ਸਹੀ ਰਸਤਾ ਸੇਵਾ ਅਤੇ ਸਿਮਰਨ ਦਾ ਹੀ ਹੈ। ਗੁਰੂ ਸਾਹਿਬ ਇਹ ਸੰਦੇਸ਼ ਵੀ ਦਿੰਦੇ ਹਨ ਕਿ ਗੁਰੂ ਦਾ ਵਾਸਾ ਵੱਡੇ-ਵੱਡੇ ਮਹਿਲਾਂ ਤੇ ਮਾੜੀਆਂ 'ਚ ਨਹੀਂ ਹੈ। ਉਹ ਹਮੇਸ਼ਾ ਗਰੀਬਾਂ, ਮਿਹਨਤਕਸ਼ਾਂ ਤੇ ਕਮਜ਼ੋਰਾਂ ਦੇ ਨਾਲ ਰਹਿੰਦਾ ਹੈ। ਇਸ ਲਈ ਗਰੀਬਾਂ ਨੂੰ ਹਮੇਸ਼ਾ ਪਿਆਰ ਕਰੋ ਤੇ ਇਸ ਪਿਆਰ ਦੇ ਬਦਲੇ 'ਚ ਪ੍ਰਮਾਤਮਾ ਤੁਹਾਡੇ 'ਤੇ ਹਮੇਸ਼ਾ ਹੱਥ ਰੱਖੇਗਾ। ਜੇਕਰ ਤੁਸੀਂ ਗੁਰਬਾਣੀ ਦੀਆਂ ਸਿੱਖਿਆਵਾਂ ਤੇ ਅਮਲ ਕਰਕੇ ਚੱਲੋਗੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਗੁਰੂ ਸਾਨੂੰ ਸੰਬੋਧਨ ਕਰ ਰਿਹਾ ਹੈ। ਅਸੀਂ ਆਪਣੇ ਜੀਵਨ 'ਚ ਚੰਗੇ ਅਮਲਾਂ 'ਤੇ ਚਲਦੇ ਹੋਏ, ਕਈ ਵਾਰ ਮਹਿਸੂਸ ਕਰਾਂਗੇ ਕਿ ਗੁਰੂ ਸਾਡੇ ਨਾਲ ਹੈ। ਇਸ ਲਈ ਅਸੀਂ ਜ਼ਿੰਦਗੀ ਦੇ ਕਾਰ ਵਿਹਾਰ ਕਰਦਿਆਂ, ਹਮੇਸ਼ਾ ਗੁਰਬਾਣੀ ਨਾਲ ਜੁੜੇ ਰਹੀਏ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ, ਆਪਣਾ ਜੀਵਨ ਬਸਰ ਕਰੀਏ। ਪ੍ਰੰਤੂ ਜਦੋਂ ਅਸੀਂ ਮਾਇਆ ਦੇ ਭਰਮ ਜਾਲ 'ਚ ਫਸ ਕੇ ਸੰਸਾਰਕ ਮਾਇਆ ਜਾਲ ਨੂੰ ਹੀ ਸਭ ਕੁਝ ਸਮਝ ਲੈਂਦੇ ਹਾਂ ਤੇ ਉਸ 'ਚੋਂ ਖੁਸ਼ੀਆਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੀ ਜ਼ਿੰਦਗੀ ਦਾ ਅਸਲੀ ਮਨੋਰਥ ਤੇ ਰਸਤਾ ਭੁੱਲ ਹੀ ਜਾਂਦੇ ਹਾਂ। ਅਸਲ 'ਚ ਧਰਮ ਹੀ ਇਕ ਅਜਿਹੀ ਅਨਮੋਲ ਚੀਜ਼ ਹੈ, ਜਿਹੜਾ ਸਾਨੂੰ ਸੇਵਾ ਅਤੇ ਸਿਮਰਨ ਦੀ ਸਿੱਖਿਆ ਦੇ ਕੇ, ਵਿਚਾਰਧਾਰਕ ਤੌਰ 'ਤੇ ਧਨਵਾਨ ਕਰਦਾ ਹੈ। ਸੇਵਾ ਕਰਨ ਵਾਲਾ ਇਨਸਾਨ ਹੀ ਸਮਾਜ 'ਚ ਸਤਿਕਾਰਿਆ ਜਾਂਦਾ ਹੈ ਤੇ ਗੁਰਬਾਣੀ ਅਨੁਸਾਰ ਸੇਵਾ ਤੇ ਸਿਮਰਨ ਕਰਨ ਵਾਲੇ ਇਨਸਾਨ ਨੂੰ ਪ੍ਰਮਾਤਮਾ ਦੇ ਦਰਬਾਰ 'ਚ ਆਦਰ-ਸਤਿਕਾਰ ਤੇ ਮਾਣ-ਸਨਮਾਨ ਪ੍ਰਾਪਤ ਹੁੰਦਾ ਹੈ। ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਹੰਕਾਰ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਇਸ ਦਾ ਤਿਆਗ ਕਰੋ ਤੇ ਨਿਮਨ ਰਹਿ ਕੇ ਸੇਵਾ ਭਾਵਨਾ ਨਾਲ ਆਪਣਾ ਜੀਵਨ ਬਸਰ ਕਰੋ।

ਗੁਰੂ ਨਾਨਕ ਦੇਵ ਜੀ ਦੇ ਮੁੱਖ ਤਿੰਨ ਉਪਦੇਸ਼:- ਇਹ ਗੁਰੂ ਸਾਹਿਬ ਦੇ ਤਿੰਨੋਂ ਮੁੱਖ ਉਪਦੇਸ਼ ਹਨ।

**(ੳ) ਕਿਰਤ ਕਰੋ-** ਹਮੇਸ਼ਾ ਸੱਚੀ-ਸੁੱਚੀ ਤੇ ਇਮਾਨਦਾਰੀ ਦੀ ਕਿਰਤ ਕਰੋ। ਕਿਸ ਨਾਲ ਧੋਖਾ ਕਰਕੇ ਜਾਂ ਕਿਸੇ ਦਾ ਸ਼ੋਸ਼ਣ ਕਰਕੇ ਅਮੀਰ ਬਣਨ ਦੀ ਕੋਸ਼ਿਸ਼ ਨਾ ਕਰੋ। ਮਿਹਨਤ ਦੀ ਕਮਾਈ 'ਚ ਹੀ ਬਰਕਤ ਹੁੰਦੀ ਹੈ ਤੇ ਇਸ ਨਾਲ ਜ਼ਿੰਦਗੀ 'ਚ ਪੂਰਾ ਆਨੰਦ ਆਉਂਦਾ ਹੈ। ਮਾਇਆ ਨੂੰ ਆਪਣੀ ਸੱਚੀ-ਸੁੱਚੀ ਕਿਰਤ ਨਾਲ ਕਮਾਓ ਤੇ ਇਸ ਨੂੰ ਆਪਣੀ ਜੇਬ 'ਚ ਹੀ ਜਗ੍ਹਾ ਦਿਓ, ਨਾ ਕਿ ਦਿਲ 'ਚ।

**(ਅ) ਵੰਡ ਛਕੋ: –** ਹਮੇਸ਼ਾ ਵੰਡ ਕੇ ਛਕੋ, ਗਰੀਬਾਂ ਤੇ ਜ਼ਰੂਰਤਮੰਦਾਂ ਨੂੰ ਆਪਣੀ ਕਮਾਈ ਦਾ ਦਸਵੰਧ ਕੱਢ ਕੇ ਮਦਦ ਕਰੋ ਤੇ ਉਹਨਾਂ ਨੂੰ ਦਾਨ ਦੇ ਕੇ ਨੀਵਿਆਂ ਤੋ ਉੱਚੇ ਬਣਾਓ। ਇਸ ਨਾਲ ਸਮਾਜ ਦਾ ਕਲਿਆਣ ਹੁੰਦਾ ਹੈ ਤੇ ਦਾਨੀ ਸੱਜਣ ਨੂੰ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਹੁੰਦੀ ਹੈ।

**(ੲ) ਨਾਮ ਜਪੋ:-** ਪ੍ਰਮਾਤਮਾ ਦਾ ਹਮੇਸ਼ਾ ਨਾਮ ਜਪੋ। ਇਸ ਨਾਲ ਦੁੱਖਾਂ-ਕਲੇਸ਼ਾਂ ਤੋਂ ਛੁਟਕਾਰਾ ਮਿਲਦਾ ਹੈ ਤੇ ਇਸ ਨਾਲ ਤਨ ਤੇ ਮਨ ਸਾਫ ਰਹਿੰਦਾ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਨੂੰ ਕਿਸੇ ਚੀਜ਼ ਦਾ ਡਰ ਨਹੀਂ ਰਹਿੰਦਾ। ਸਾਨੂੰ ਸਦਾ ਖੁਸ਼ ਰਹਿਣਾ ਚਾਹੀਦਾ ਹੈ ਤੇ ਪ੍ਰਮਾਤਮਾ ਤੋਂ ਸਦਾ ਆਪਣੇ ਲਈ, ਖਿਮਾ ਮੰਗਣੀ ਚਾਹੀਦੀ ਹੈ।

**ਪੰਜ ਬੁਰਾਈਆਂ ਤੋਂ ਹਮੇਸ਼ਾ ਬਚ ਕੇ ਰਹੋ:-** ਗੁਰੂ ਸਾਹਿਬ ਨੇ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ। ਇਹਨਾਂ 'ਤੇ ਨਿਯੰਤਰਣ ਰੱਖਣ ਨਾਲ ਇਨਸਾਨ ਬੁਰਾਈਆਂ ਦੀ ਦਲਦਲ 'ਚ ਨਹੀਂ ਫਸਦਾ। ਇਹਨਾਂ ਪ੍ਰਵਿਰਤੀਆਂ 'ਤੇ ਨਿਯੰਤਰਣ ਰੱਖਣ ਵਾਲਾ ਇਨਸਾਨ ਸੰਤੁਲਿਤ ਜੀਵਨ ਜਿਉਂਦਾ ਹੈ ਤੇ ਇਹਨਾਂ ਦੀ ਦਲਦਲ ਵਿਚ ਫਸਣ ਵਾਲਾ ਮਨੁੱਖ ਬੁਰਾਈਆਂ ਤੋਂ ਨਵਿਰਤੀ ਪ੍ਰਾਪਤ ਨਹੀਂ ਕਰ ਸਕਦਾ। ਭੋਜਨ ਪ੍ਰਾਣੀ ਮਾਤਰ ਲਈ, ਉਸ ਨੂੰ ਜਿੰਦਾ ਰੱਖਣ ਵਾਸਤੇ ਹੈ ਪਰ ਲੋਭ-ਲਾਲਚ 'ਚ ਆ ਕੇ ਇਸ ਨੂੰ ਸੰਗ੍ਰਹਿ ਕਰਨਾ ਬੁਰੀ ਆਦਤ ਹੈ।

**ਗੁਰੂ ਦੀ ਮਹੱਤਤਾ:-** ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਾਸ਼ਕਾਂ ਨੂੰ ਗੁਰੂ ਦੀ ਮਹੱਤਤਾ 'ਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਦੀ ਮਨੁੱਖੀ ਜੀਵਨ 'ਚ ਬੜੀ ਮਹੱਤਤਾ ਹੈ। ਗੁਰੂ ਤੋਂ ਬਿਨਾਂ ਗਤੀ ਜਾਂ ਮੁਕਤੀ ਨਹੀਂ ਹੋ ਸਕਦੀ। ਜ਼ਿੰਦਗੀ 'ਚ ਗੁਰੂ ਹੀ ਮਾਨਵ ਨੂੰ ਵਧੀਆ ਜੀਵਨ ਜਾਂਚ ਦੱਸਦਾ ਹੇ ਤੇ ਉਸ ਨੂੰ ਸਿੱਧੇ ਰਸਤੇ 'ਤੇ ਪਾਉਂਦਾ ਹੈ। ਇਨਸਾਨ ਨੂੰ ਮੁਕਤੀ, ਤੀਰਥ ਯਾਤਰਾ ਕਰਨ ਨਾਲ ਜਾਂ ਪਾਠ ਪੂਜਾ ਕਰਨ ਨਾਲ ਨਹੀਂ ਮਿਲਦੀ ਸਗੋਂ ਗੁਰੂ ਦੁਆਰਾ ਜ਼ਿੰਦਗੀ ਜਿਊਣ ਲਈ ਦੱਸੇ ਵਧੀਆ ਸਿਧਾਂਤਾਂ ਨੂੰ ਜੀਵਨ 'ਚ ਅਪਣਾ ਕੇ ਤੇ ਅਮਲੀ ਰੂਪ ਦੇਣ ਨਾਲ ਮਿਲਦੀ ਹੈ। ਇਸ ਲਈ ਮਨੁੱਖ ਨੂੰ ਆਪਣਾ ਤਨ, ਮਨ ਤੇ ਆਤਮਾ ਨੂੰ ਸਾਫ ਰੱਖਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਮਾਨਵ ਆਪਣੇ ਗੁਰੂ ਦੁਆਰਾ ਦਿੱਤੀ ਗਈ ਸਿੱਖਿਆ 'ਤੇ ਅਮਲ ਕਰੇਗਾ। ਗੁਰੂ ਹੀ ਮਾਨਵ ਨੂੰ ਗਿਆਨਵਾਨ ਕਰ ਸਕਦਾ ਹੈ ਤੇ ਗਿਆਨ ਹੀ ਬੰਦ ਦੀਆਂ ਮੁਸੀਬਤਾਂ 'ਚੋਂ ਨਿਕਲਣ ਲਈ ਮੁਕਤੀ ਦਾ ਰਾਹ ਦੱਸਦਾ ਹੈ। ਇਸ ਲਈ ਮਨੁੱਖ ਜਿੰਨਾ ਵੀ ਗਿਆਨਵਾਨ ਹੋਵੇਗਾ ਉਤਨੇ ਹੀ ਦੁੱਖ ਤੇ ਤਕਲੀਫ਼ਾਂ, ਉਸ ਤੋਂ ਦੂਰ ਰਹਿਣਗੇ। ਗੁਰੂ ਨਾਨਕ ਦੇਵ ਜੀ ਗੁਰੂ ਜੀ ਆਵਾਜ਼ ਨੂੰ, ਪ੍ਰਮਾਤਮਾ ਦੀ ਆਵਾਜ਼ ਕਹਿੰਦੇ ਹਨ, ਕਿਉਂਕਿ ਉਹ ਹੀ ਉਸ ਨੂੰ ਮੁਕਤੀ ਦਾ ਰਾਹ ਦੱਸਦਾ ਹੈ। ਸਿੱਖ ਧਰਮ 'ਚ ਗੁਰੂ ਨਾਨਕ ਦੇਵ ਜੀ ਤੋਂ ਵੱਡਾ ਕੋਈ ਗੁਰੂ ਨਹੀਂ ਹੈ। ਇਸੇ ਲਈ ਗੁਰਬਾਣੀ 'ਚ ਫੁਰਮਾਨ ਆਉਂਦਾ ਹੈ ਕਿ, ''ਸਭ ਤੇ ਵੱਡਾ ਸਤਿਗੁਰ ਨਾਨਕ, ਜਿਨੁ ਕਲ ਰਾਖੀ ਮੋਰੀ।'

**ਕਿਸੇ ਨਾਲ ਭੇਦ-ਭਾਵ ਨਾ ਕਰੋ:-** ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸਾਨੂੰ ਕਿਸੇ ਵੀ ਮਾਨਵ ਨਾਲ ਜਾਤ-ਪਾਤ, ਰੰਗ, ਨਸਲ ਤੇ ਬੋਲੀ ਆਦਿ ਦੇ ਆਧਾਰ 'ਤੇ ਭੇਦ-ਭਾਵ ਨਹੀਂ ਕਰਨਾ ਚਾਹੀਦਾ। ਸਭ ਮਾਨਵ ਉਸ ਪ੍ਰਮਾਤਮਾ ਦੇ ਜੀਵ ਹਨ ਤੇ ਮਨੁੱਖ ਦੀ ਜਾਤ, ਮਨੁੱਖਤਾ ਹੀ ਹੈ। ਇਹ ਸਾਰੇ ਭੇਦ-ਭਾਵ, ਊਚ-ਨੀਚ ਆਦਿ ਸਭ ਅਮੀਰਾਂ ਦੀ ਉਪਜ ਹਨ ਜੋ ਉਨ੍ਹਾਂ ਨੇ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਕਰਨ ਲਈ ਬਣਾਏ ਹੋਏ ਹਨ। ਇਸ ਲਈ ਜਾਤ-ਪਾਤ ਤੇ ਊਚ-ਨੀਚ ਦੇ ਵਿਤਕਰੇ ਨੂੰ ਦੂਰ ਕਰਨ ਲਈ, ਗੁਰੂ ਜੀ ਨ ਸੰਗਤ, ਪੰਗਤ ਤੇ ਲੰਗਰ ਦੀ ਰੀਤ ਚਲਾਈ ਤਾਂ ਜੋ ਮਾਨਵਤਾ 'ਚ 'ਸਮਾਜਿਕ ਬਰਾਬਰੀ' ਆ ਸਕੇ। ਗੁਰੂ ਸਾਹਿਬ ਨੇ ਜਾਤ ਪਾਤ ਤੇ ਊਚ-ਨੀਚ ਦੇ ਭੇਦ-ਭਾਵ ਨੂੰ ਮੁੱਢੋਂ ਨਕਾਰ ਦਿੱਤਾ ਤੇ ਇਸ ਦਾ ਰੱਜ ਕੇ ਵਿਰੋਧ ਕੀਤਾ।

**ਭਰਮਾਂ ਵਹਿਮਾਂ ਤੇ ਕਰਮ ਕਾਂਡਾਂ ਦਾ ਵਿਰੋਧ-** ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਭਰਮਾਂ-ਵਹਿਮਾਂ 'ਚ ਨਾ ਫਸਣ ਤੇ ਝੂਠੇ ਕਰਮ ਕਾਂਡ ਜਾਂ ਸੰਸਕਾਰ ਨਾ ਅਪਣਾਉਣ ਦੀ ਸਿੱਖਿਆ ਦਿੱਤੀ। ਤਰ੍ਹਾਂ-ਤਰ੍ਹਾਂ ਦੀ ਮੂਰਤੀ ਪੂਜਾ ਦਾ ਵੀ ਉਨ੍ਹਾਂ ਨੇ ਵਿਰੋਧ ਕੀਤਾ ਤੇ ਮਾਨਵ ਨੂੰ ਸੰਦੇਸ਼ ਦਿੱਤਾ ਕਿ ਪ੍ਰਮਾਤਮਾ ਇਕ ਹੈ ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਤੇ ਕਰਤਾ ਹੈ। ਇਸ ਲਈ ਸਾਨੂੰ ਇਕੋ ਪ੍ਰਮਾਤਮਾ 'ਚ ਵਿਸ਼ਵਾਸ ਰੱਖਣਾ ਚਾਹੀਦਾ ਹੈ। ਜਿਸ ਦਾ ਕੋਈ ਆਕਾਰ ਜਾਂ ਸ਼ਕਲ ਨਹੀਂ ਹੈ। ਉਹ ਜੂਨਾਂ 'ਚ ਵੀ ਨਹੀਂ ਪੈਂਦਾ, ਉਸ ਦਾ ਨਾਮ ਵੀ ਸੱਚਾ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ ਹੈ, ਉਹ ਕਿਸੇ ਤੋਂ ਡਰਦਾ ਵੀ ਨਹੀਂ ਹੈ ਤੇ ਨਾ ਕਿਸੇ ਨੂੰ ਡਰਾਉਂਦਾ ਹੈ। ਉਹ ਪ੍ਰਮਾਤਮਾ ਦੀ ਸੱਚੀ-ਸੁੱਚੀ ਮੂਰਤ ਆਪ ਹੀ ਹੈ। ਇਸ ਨੂੰ ਗੁਰੂ ਦੀ ਕਿਰਪਾ ਨਾਲ ਪਾਇਆ ਜਾ ਸਕਦਾ ਹੈ। ਉਹ ਅੱਜ ਵੀ ਸੱਚਾ ਹੈ ਤੇ ਹਮੇਸ਼ਾ ਸੱਚਾ ਰਹੇਗਾ।


**ਇਸਤਰੀ ਦਾ ਸਤਿਕਾਰ ਕਰੋ:** ''ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।'' ਉਸ ਔਰਤ ਦਾ ਸਤਿਕਾਰ ਕਰੋ ਜਿਸ ਤੋਂ ਜੀਵ ਦੀ ਉਤਪੱਤੀ ਹੁੰਦੀ ਹੈ ਤੇ ਰਾਜੇ ਮਹਾਰਾਜੇ ਵੀ ਔਰਤ ਤੋਂ ਹੀ ਪੈਦਾ ਹੁੰਦੇ ਹਨ। ਇਸ ਲਈ ਸਾਨੂੰ ਇਸ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ।

**ਆਪਣੇ ਮਨ ਨੂੰ ਜਿੱਤੋ:** ''ਮਨ ਜੀਤੈ ਜਗੁ ਜੀਤ।'' ਹੇ, ਮਨੁੱਖ ਪਹਿਲੇ ਤੂੰ ਆਪਣੇ ਮਨ ਤੇ ਕਾਬੂ ਪਾ ਫਿਰ ਹੀ ਤੂੰ ਸਾਰੇ ਸੰਸਾਰ ਤ ਜਿੱਤ ਪ੍ਰਾਪਤ ਕਰ ਸਕਦਾ ਹੈ।

ਸਮੁੱਚੇ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅੱਜ ਵੀ ਉਨੇ ਹੀ ਸਾਰਥਕ ਹਨ ਜਿੰਨੇ ਅੱਜ ਤੋਂ ਕੋਈ ਪੰਜ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਸਾਰਥਕ ਸਨ। ਇਹ ਪੂਰਨ ਜੀਵਨ ਜਿਊਣ ਲਈ, ਜੀਵਨ ਜਾਂਚ ਸਿਖਾਉਣ ਦੇ ਪੂਰਨ ਸਮਰੱਥ ਹਨ। ਇਹਨਾਂ ਉਕਤ ਸਭ ਉਪਦੇਸ਼ਾਂ ਨਾਲ ਗੁਰੂ ਸਾਹਿਬ ਨੇ ਮਾਨਵ ਨੂੰ ਗੁਰਮਤਿ ਦੇ ਸਿਧਾਂਤਾਂ ਨਾਲ, ਗਿਆਨ ਦੇ ਰਸਤੇ 'ਤੇ ਪਾਇਆ ਤਾਂ ਜੋ ਉਹ ਪ੍ਰਮਾਤਮਾ ਨੂੰ ਪਾਉਣ ਦੇ ਰਸਤੇ 'ਤੇ ਚੱਲ ਕੇ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਣ ਤੇ ਆਪਣੇ ਸਾਰਥਕ ਜੀਵਨ 'ਚ ਵੀ ਸਫਲਤਾ ਪ੍ਰਾਪਤ ਕਰ ਸਕਣ।

# ਮਾਨਸੂਨ ਤੇ ਬਾਲੀਵੁੱਡ ਵਿੱਚ ਬਾਰਿਸ਼ ਦਾ ਰੋਮਾਂਸ

ਭੀਮ ਰਾਜ ਗਰਗ
ਮੋ: 9876545157





ਆ ਗਿਆ ਸਾਉਣ ਦਾ ਮਹੀਨਾ, ਪੈ ਗਈਆਂ ਪੀਂਘਾਂ, ਕਿਕਲੀ ਪਾਉਣ ਮੁਟਿਆਰਾਂ।
ਬਾਲੀਵੁੱਡ ਵਿੱਚ ਬਾਰਿਸ਼ ਦਾ ਰੋਮਾਂਸ ਅਤੇ ਲੱਗੀਆਂ ਗਿੱਲੇ ਸ਼ਿਫੋਨਾਂ ਦੀਆਂ ਕਤਾਰਾਂ।

ਭਾਰਤੀ ਜੀਵਨ-ਦਰਸ਼ਨ ਵਿੱਚ, ਸਾਉਣ ਦੀ ਰੁੱਤ ਸਿਰਫ਼ ਮੌਸਮ ਦੀ ਤਬਦੀਲੀ ਦਾ ਸੰਕੇਤ ਨਹੀਂ ਦਿੰਦੀ, ਸਗੋਂ ਇਹ ਖੁਸ਼ਹਾਲੀ, ਸਦਭਾਵਨਾ ਅਤੇ ਪਿਆਰ ਦਾ ਪ੍ਰਤੀਕ ਵੀ ਹੈ। ਪੰਜਾਬੀ ਸੱਭਿਆਚਾਰ ਵਿੱਚ ਸਾਉਣ ਦਾ ਮਹੀਨਾ ਭਾਗਾਂ-ਭਰਿਆ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਡਹੰਸ ਰਾਗ ਦੇ ਤੀਸਰੇ ਸ਼ਬਦ ਵਿੱਚ ਸਾਉਣ ਮਹੀਨੇ ਦੀ ਮਹੱਤਤਾ ਬਾਰੇ ਵਰਨਣ ਕੀਤਾ ਹੈ: ਮੋਰੀ ਰੁਣ-ਝੁਣ ਲਾਇਆ, ਭੈਣੇ ਸਾਵਣ ਆਇਆ। ਇਸੇ ਤਰ੍ਹਾਂ ਹੋਰਨਾਂ ਗੁਰੂ ਸਾਹਿਬਾਨ ਨੇ ਵੀ ਇਸ ਮਹੀਨੇ ਦੇ ਮਹੱਤਵ ਨੂੰ ਗੁਰਬਾਣੀ ਵਿੱਚ ਦਰਜ ਕੀਤਾ ਹੈ। ਸਾਉਣ ਦੇ ਮੇਘਲਿਆਂ ਦੀ ਗੱਲ ਬਾਬਾ ਬੁੱਲ੍ਹੇ ਸ਼ਾਹ ਇਉਂ ਕਰਦਾ ਹੈ: "ਸਾਵਣ ਸੋਹੇ ਮੇਘਲਾ ਘਟ ਸੋਹੇ ਕਰਤਾਰ, ਠੌਰ-ਠੌਰ ਇਨਾਇਤ ਬਸੇ ਪਪੀਹਾ ਕਰੇ ਪੁਕਾਰ।

ਸੰਸਕ੍ਰਿਤ ਦੇ ਮਹਾਨ ਨਾਟਕਕਾਰ ਤੇ ਕਾਵਿ ਕਾਲੀਦਾਸ ਨੇ ਸਾਉਣ ਦੇ ਬੱਦਲਾਂ ਤੋਂ ਪ੍ਰੇਰਿਤ ਹੋਕੇ ਮੇਘਦੂਤਮ ਵਰਗੀ ਸਾਹਿਤਕ ਰਚਨਾ ਦੀ ਸਿਰਜਣਾ ਕੀਤੀ ਸੀ। ਸ਼ੇਕਸਪੀਅਰ ਨੇ ਉਨ੍ਹਾਂ ਤਬਾਹੀਆਂ ਦੀ ਭਵਿੱਖਬਾਣੀ ਕਰਨ ਲਈ ਬਾਰਿਸ਼, ਗਰਜ ਅਤੇ ਬਿਜਲੀ ਦੀ ਕਲਪਨਾ ਦੀ ਵਿਆਪਕ ਤੌਰ 'ਤੇ ਵਰਤੋਂ ਕੀਤੀ ਹੈ ਜੋ ਉਸਦੇ ਨਾਟਕਾਂ ਦੀ ਚਾਪ ਨੂੰ ਬਦਲ ਦੇਣ। ਇਸ ਰੁੱਤ ਬਾਰੇ ਸ਼ਿਵ ਕੁਮਾਰ ਬਟਾਲਵੀ ਕੀ ਖੂਬ ਲਿਖਦਾ ਹੈ: "ਪੂਰਨ, ਅੱਜ ਦੀ ਰੁੱਤ ਬੜੀ ਪਿਆਰੀ ਹੈ। ਹਾਂ, ਮਾਂ ਜੀ ਜਿਉਂ ਰੋਂਦੀ ਬਿਰਹਣ ਨਾਰੀ ਹੈ। ਹਾਂ ਪੂਰਨ! ਤੂੰ ਸੱਚੀ ਗੱਲ ਉਚਾਰੀ ਹੈ, ਇਹ ਰੁੱਤ ਹੰਝੂਆਂ ਲੱਦੀ, ਬ੍ਰਿਹਾ-ਮਾਰੀ ਹੈ"। ਨਾਮੀ ਪੰਜਾਬੀ ਕਾਵਿਆਂ ਧਨੀ ਰਾਮ ਚਾਤ੍ਰਿਕ, ਅੰਮ੍ਰਿਤਾ ਪ੍ਰੀਤਮ ਅਤੇ ਪ੍ਰੋ: ਮੋਹਨ ਸਿੰਘ ਨੇ ਲੋਕ ਸਾਹਿਤ ਤੋਂ ਅਲਹਿਦਾ ਸਾਵਣ ਮਹੀਨੇ ਦੇ ਵਰਤਾਰਿਆਂ ਬਾਰੇ, ਵਿਛੋੜੇ ਅਤੇ ਵਸਲ ਦੀਆਂ ਭਾਵਨਾਵਾਂ ਬਾਰੇ ਸੋਹਣੀਆਂ ਕਵਿਤਾਵਾਂ ਲਿਖੀਆਂ ਹਨ।

ਨਿਰੋਲ ਕੁਦਰਤ ਨਾਲ ਜੁੜਿਆ ਤੀਆਂ ਦਾ ਤਿਉਹਾਰ, ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਵਾਲੇ ਦਿਨ ਮਨਾਇਆ ਜਾਂਦਾ ਹੈ। ਇਹ ਤਿਉਹਾਰ ਪੰਜਾਬੀ ਮੁਟਿਆਰਾਂ ਲਈ ਹਾਸੇ ਠੱਠੇ ਅਤੇ ਸਹੇਲੀਆਂ ਦੇ ਮੇਲ ਮਿਲਾਪ ਦੀ ਸੌਗਾਤ ਲਿਆਉਂਦਾ ਹੈ। ਪੰਜਾਬੀ ਮੁਟਿਆਰਾਂ ਇਕਮਿਕ ਹੋਕੇ ਪੀਂਘਾਂ ਝੂਟਦੀਆਂ, ਕਿੱਕਲੀ ਪਾਉਂਦੀਆਂ, ਹੱਸਦੀਆਂ ਖੇਡਦੀਆਂ ਇਸ ਰੁੱਤ ਨੂੰ ਰੂਹ ਤੋਂ ਹੰਢਾਉਂਦੀਆਂ ਨਜ਼ਰ ਆਉਂਦੀਆਂ ਹਨ। ਸਜ-ਵਿਆਹੀਆਂ ਦੇ ਮਨਾਂ ਅੰਦਰ ਆਪਣੇ ਪੇਕੇ ਘਰ ਜਾ ਕੇ ਆਪਣੀਆਂ ਹਾਣੀ ਕੁੜੀਆਂ ਨੂੰ ਮਿਲਣ ਦੀ ਤਾਂਘ ਹੁੰਦੀ ਹੈ। ਮਾਪੇ ਆਪਣੀਆਂ ਵਿਆਂਹਦੜ ਧੀਆਂ ਨੂੰ ਸੰਧਾਰੇ ਦੇਣ ਜਾਂਦੇ ਹਨ। ਜਿਨ੍ਹਾਂ ਕੁੜੀਆਂ ਦੀ ਮੰਗਣੀ ਹੋਈ ਹੁੰਦੀ ਹੈ, ਉਨ੍ਹਾਂ ਨੂੰ ਤੀਆਂ ਦਾ ਸੰਧਾਰਾ ਸਹੁਰੇ ਘਰੋਂ ਆਉਂਦਾ ਹੈ।

ਰੀਤ ਮੁਤਾਬਕ ਮੁਟਿਆਰਾਂ, ਵਿਆਂਹਦੜਾਂ ਤੇ ਹੋਰ ਸਭ ਔਰਤਾਂ ਹੱਥਾਂ ਤੇ ਮਹਿੰਦੀ ਲਾਉਦੀਆਂ ਹਨ ਅਤੇ ਵਣਜਾਰਿਆਂ ਤੋਂ ਰੰਗ-ਬਰੰਗੀਆਂ ਚੂੜੀਆਂ ਚੜ੍ਹਾਉਂਦੀਆਂ ਹਨ। ਨੈਣਾਂ ਕੁੜੀਆਂ ਦੇ ਸਿਰ ਗੁੰਦ ਕੇ, ਵਾਲਾਂ ਦੇ ਮੋਰ-ਘੁੱਗੀਆਂ ਬਣਾਉਂਦੀਆਂ ਅਤੇ ਡਾਕ ਬੰਗਲੇ ਸਿਰਜਦੀਆਂ, ਹੁਸਨ ਨੂੰ ਚਾਰ ਚੰਨ ਲਾ ਦਿੰਦੀਆਂ ਹਨ। ਸ਼ਾਮ ਨੂੰ ਉਹ ਸਾਰੀਆਂ ਪਿੰਡ ਦੇ ਖੁਲ੍ਹੇ ਮੈਦਾਨ (ਪਿੜ) ਵਿੱਚ ਇਕੱਠੀਆਂ ਹੋ ਕੇ, ਪਿੱਪਲਾਂ, ਟਾਹਲੀਆਂ 'ਤੇ ਪੀਘਾਂ ਝੂਟਦੀਆਂ ਹਨ। ਗੋਲ ਘੇਰਾ ਬਣਾ ਕੇ ਕਿਕਲੀ ਪਾਉਦੀਆਂ ਹਨ ਅਤੇ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਦੀਆਂ ਹਨ।

ਸਾਉਣ ਦੀਆਂ ਤੀਆਂ ਦੌਰਾਨ ਸੱਜ ਵਿਆਹੀ ਕੁੜੀ 'ਪੀਂਘ ਝੂਟਣ ਦੀ ਰਸਮ' ਮਨਾਉਂਦੀ ਹੈ। ਨਣਦਾਂ ਵੱਲੋਂ ਪੀਂਘ ਨੂੰ ਹੁਲਾਰਾ ਦੇ ਕੇ ਉਸਨੂੰ ਦਰੱਖਤ ਦੀ ਟੀਸੀ ਤਕ ਹੀਂਘ (ਝੂਟਾ) ਚੜ੍ਹਾਉਣ ਲਈ ਆਖਿਆ ਜਾਂਦਾ ਸੀ। ਨਵ-ਵਿਆਹੀ ਲੜਕੀ ਆਪਣੇ ਪੂਰੇ ਦਮ-ਖ਼ਮ ਨਾਲ ਪੀਂਘ ਨੂੰ ਪੂਰੀ ਟੀਸੀ 'ਤੇ ਲਾ ਕੇ ਉਸ ਦਰੱਖਤ ਦੀ ਟਾਹਣੀ ਤੋੜ ਕੇ ਲੈ ਆਉਂਦੀ ਹੈ। ਇਸ ਰਸਮ ਨੂੰ 'ਸੱਸ ਦੀ ਨੱਕ ਵੱਢਣਾ' ਕਹਿੰਦੇ ਹਨ। ਕਈ ਵਾਰ ਸਾਵਣ ਦੇ ਮਹੀਨੇ, ਜੇਕਰ ਮੀਂਹ ਨਾ ਪੈਣਾ ਤਾਂ ਪੁਰਾਣੇ ਰੀਤੀ ਰਿਵਾਜਾਂ ਅਨੁਸਾਰ ਪਿੰਡ ਦੀਆਂ ਕੁੜੀਆਂ ਨੇ ਗੁੱਡੀਆਂ ਫੂਕ-ਫੂਕ ਕੇ ਮੀਂਹ ਲਈ ਅਰਦਾਸਾਂ ਕਰਨੀਆਂ ਤੇ ਬੱਚਿਆਂ ਨੇ ਗਲੀਆਂ ਵਿੱਚ ਨੱਚ-ਨੱਚ ਗਾਉਣਾ "ਰੱਬਾ-ਰੱਬਾ ਮੀਂਹ ਬਰਸਾ, ਸਾਡੀ ਕੋਠੀ ਦਾਣੇ ਪਾ... ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਬਰਸਾ ਦੇ ਜ਼ੋਰੋ ਜ਼ੋਰ।।"।

ਪੰਜਾਬ ਦੇ ਕਈ ਇਲਾਕਿਆਂ ਵਿਚ ਤੀਆਂ ਦੇ ਤਿਉਹਾਰ ਨੂੰ ਸਾਵੇਂ ਕਿਹਾ ਜਾਂਦਾ ਹੈ। ਪਰ ਤੀਆਂ ਤੇ ਸਾਵੇਂ ਵਿਚ ਇਹ ਫ਼ਰਕ ਹੈ ਕਿ ਤੀਆਂ ਸ਼ੁਰੂ ਹੋਣ ਤੋਂ ਬਾਅਦ ਲਗਾਤਾਰ ਮਨਾਈਆਂ ਜਾਂਦੀਆਂ ਹਨ, ਜਦਕਿ ਸਾਵੇਂ ਸਾਉਣ ਦੇ ਹਰ ਐਤਵਾਰ ਨੂੰ ਹੀ ਮਨਾਏ ਜਾਂਦੇ ਹਨ। ਆਧੁਨਿਕ ਦੌਰ ਵਿੱਚ ਇਸ ਤਿਓਹਾਰ ਦੇ ਰੰਗ ਫਿੱਕੇ ਪੈ ਗਏ ਹਨ। ਅਮੀਰ ਪੰਜਾਬੀ ਸੱਜਭਿਆਚਾਰ 'ਤੇ ਪਏ ਪੱਛਮੀ ਪ੍ਰਭਾਵ ਨੇ ਪਿੰਡਾਂ 'ਚੋਂ ਤੀਆਂ ਦੇ ਪਿੜ ਲੋਪ ਕਰ ਦਿੱਤੇ ਹਨ। ਪਿੰਡਾਂ ਦੇ ਪਿੜਾਂ ਵਿੱਚ ਤੀਆਂ ਦੇ ਖੜਾਕ ਪੈਣ ਦੀ ਥਾਂ ਹੁਣ ਇਹ ਤੀਆਂ ਸਕੂਲਾਂ, ਕਾਲਜਾਂ ਦੀਆਂ ਸਟੇਜਾਂ ਦਾ ਕੁਝ ਘੰਟੇ ਦਾ ਮਹਿਮਾਨ ਬਣ ਕੇ ਰਹਿ ਗਈਆਂ ਹਨ। ਤੀਆਂ ਦਾ ਤਿਉਹਾਰ ਪੰਜਾਬ, ਹਰਿਆਣਾ, ਰਾਜਸਥਾਨ ਸਮੇਤ ਭਾਰਤ ਦੇ ਹੋਰ ਸੂਬਿਆਂ ਦੇ ਨਾਲ-ਨਾਲ ਨੇਪਾਲ 'ਚ ਆਪਣੀ-ਆਪਣੀ ਸੰਸਕ੍ਰਿਤੀ ਅਤੇ ਰੀਤੀ-ਰਿਵਾਜ਼ਾਂ ਨਾਲ ਮਨਾਇਆ ਜਾਂਦਾ ਹੈ।

ਮੀਂਹ ਬਾਰੇ ਗੀਤਾਂ ਦਾ ਚਲਣ, ਫ਼ਿਲਮਾਂ ਦੇ ਆਗਾਜ਼ ਤੋਂ ਬਹੁਤ ਪਹਿਲਾਂ ਸ਼ੁਰੂ ਹੋ ਗਿਆ ਸੀ। ਕਾਲੀਦਾਸ ਦਾ ਰਿਤੁਸਮਹਰਾ ਸੰਗ੍ਰਹਿ, ਜਾਂ ਦ ਸੀਜ਼ਨਜ਼, ਮੀਂਹ ਦੀ ਕਵਿਤਾ ਨਾਲ ਸ਼ੁਰੂ ਹੁੰਦਾ ਹੈ। ਕਾਲੀਦਾਸ ਨੇ ਡਰਾਮਾ ਅਭਿਗਿਆਨਸ਼ਾਕੁੰਤਲਮ ਵਿਚ ਬਰਸਾਤ ਦੇ ਮੌਸਮ ਦਾ ਅਲੌਕਿਕ ਵਰਣਨ ਕੀਤਾ ਹੈ। ਕੁਮਰਸਮ-ਭਾਵ ਵਿਚ, ਉਹ ਬਾਰਿਸ਼ ਦੁਆਰਾ ਆਪਣੀ ਨਾਇਕਾ ਨੂੰ ਹੌਲੀ-ਹੌਲੀ ਭਿੱਜਣ ਦਾ ਵਰਣਨ ਕਰਦਾ ਹੈ: ਪਲ-ਪਲ ਰੁਕਣ ਨਾਲ, ਬਾਰਿਸ਼ ਦੀਆਂ ਪਹਿਲੀ ਬੂੰਦਾਂ ਉਸ ਦੀ ਛਾਤੀ ਦੀ ਕਰੈਸਟ 'ਤੇ, ਉਸ ਦੀ ਕਮਰ ਦੀ ਪੌੜੀ ਦੇ ਪਾਰ, ਫਿਰ ਹੌਲੀ-ਹੌਲੀ ਮੀਂਹ ਦੀਆਂ ਬੂੰਦਾਂ ਉਸ ਦੀ ਨਾਭੀ 'ਤੇ ਆ ਕੇ ਰੁਕਦੀਆਂ ਹਨ। ਮੀਂਹ ਦੇ ਗੀਤ ਆਮ ਤੌਰ 'ਤੇ ਕਾਮੁਕਤਾ ਅਤੇ ਜਣਨ ਨਾਲ ਜੁੜੇ ਹੁੰਦੇ ਹਨ, ਜੋ ਉਹਨਾਂ ਦੇ ਬੋਲਾਂ, ਸੰਗੀਤਕ ਸ਼ੈਲੀ ਅਤੇ ਚਿੱਤਰਾਂ ਵਿੱਚ ਭਾਵਨਾਤਮਕ ਅਰਥ ਅਤੇ ਸੁਹਜ ਦੇ ਸਬੰਧਾਂ ਨੂੰ ਦਰਸਾਉਂਦੇ ਹਨ।

ਭਾਰਤ ਵਿਚ ਬੋਲਦਿਆਂ ਫ਼ਿਲਮਾਂ ਦਾ ਆਗਾਜ਼ 14 ਮਾਰਚ, 1931 ਨੂੰ ਹੋਇਆ ਸੀ, ਜਦੋ ਪਲੇਠੀ ਟਾਕੀ ਫਿਲਮ ਆਲਮ-ਆਰਾ (1931) ਮੁੰਬਈ ਵਿਖੇ ਰਿਲੀਜ਼ ਕੀਤੀ ਗਈ ਸੀ। ਸਿਨੇਮਾ ਦੀ ਸ਼ੁਰੂਆਤ ਤੋਂ ਲੈਕੇ ਅੱਜ ਤੱਕ ਬਰਸਾਤ, ਬੱਦਲਾਂ ਦੀ ਅਵਾਰਗੀ ਤੇ ਬਾਰਿਸ਼ ਦਾ ਪਾਣੀ ਆਦਿ ਬਾਲੀਵੁੱਡ ਫਿਲਮਾਂ ਦਾ ਗੂੜ੍ਹਾ ਹਿੱਸਾ ਬਣੇ ਹੋਏ ਹਨ। ਜੇਕਰ ਅਸੀਂ ਪੰਜਾਬੀ ਸਿਨੇਮਾ ਦੀ ਗੱਲ ਕਰੀਏ ਤਾਂ ਸਾਉਣ/ਮੀਂਹ ਨੇ ਪੰਜਾਬੀ ਫਿਲਮ ਨਿਰਮਾਤਾਵਾਂ ਨੂੰ ਬਹੁਤ ਘੱਟ ਆਕਰਸ਼ਿਤ ਕੀਤਾ ਹੈ। ਹਾਲਾਂ ਕਿ ਮੁੱਢਲੀਆਂ ਪੰਜਾਬੀ ਫ਼ਿਲਮਾਂ ਵਿਚ ਕੁੱਝ ਚੁਣੀਵੇਂ ਮੀਂਹ ਦੇ ਗੀਤ ਸੁਣਨ ਨੂੰ ਮਿਲਦੇ ਹਨ ਪਰ 1980 ਦੇ ਦਹਾਕਿਆਂ ਤੋਂ ਬਾਅਦ ਪੰਜਵੂਡ ਵਿਚ ਸਾਉਣ ਦੀ ਝੜੀ ਲਗਪਗ ਅਲੋਪ ਹੋ ਗਈ ਹੈ। ਪੰਜਾਬੀ ਫ਼ਿਲਮਾਂ 'ਚ ਬਾਰਿਸ਼ ਨਾਲ ਸੰਬੰਧਤ ਕੁੱਝ ਚੁਣੀਵੇਂ ਗਾਣੇ ਹਨ: ਉੱਚੀ ਪਿੱਪਲੀ ਪੀਂਘਾਂ ਪਾਈਆਂ (ਹੀਰ ਸਿਆਲ-38); ਨਿੱਕੀ ਨਿੱਕੀ ਬੂੰਦ ਨਿੱਕਿਆ ਮੀਂਹ ਵਰ੍ਹੇ (ਪੂਰਨ ਭਗਤ-39); ਪੈਲਾਂ ਪਾਉਂਦੀ ਆ ਗਈ ਬਰਖਾ (ਸੋਹਣੀ ਕੁਮਾਹਰਨ-39); ਪੀਪਲਾਂ ਨਾਲ ਪੀਂਘਾਂ ਪਾਕੇ (ਮੇਰਾ ਮਾਹੀ-41); ਨਾ ਵੱਸ ਬੱਦਲਾ ਜ਼ੋਰਾਂ ਨਾਲ (ਮੁਬਾਰਕ-41); ਬਰਖਾ ਦੀ ਰਾਣੀ ਆਈ (ਪ੍ਰਦੇਸੀ ਢੋਲਾ-41); ਪੀਂਘਾਂ ਪਈਆਂ ਨੀ ਸਈਓ (ਗਵਾਂਢੀ-42); ਰੱਖੜੀ ਬੰਨ੍ਹਵਾ ਲੈ ਮੇਰੇ ਵੀਰ ਸਾਵਣ ਆਇਆ (ਮੰਗਤੀ-42); ਕਾਲੀਆਂ ਕਾਲੀਆਂ ਬੱਦਲੀਆਂ (ਪਟਵਾਰੀ -42); ਚੱਲ ਬਾਗ਼ਾਂ ਵਿੱਚ।। ਕਿ ਬੱਦਲ਼ੀਆਂ ਛਾ ਗਈਆਂ (ਭਾਇਆ ਜੀ-50); ਬੱਦਲਾਂ ਦੀ ਛਾਂ ਚੰਨ ਵੇ (ਮਦਾਰੀ-50); ਚਿੱਟੇ ਚਿੱਟੇ ਬੱਦਲਾਂ ਦੀ ਛਾਂ ਡੋਲਦੀ (ਪੋਸਤੀ-51); ਪੀਂਘਾਂ ਦੇ ਉਤੇ ਬਹਿਕੇ (ਵਣਜਾਰਾ-54); ਅੜੀ ਵੇ ਅੜੀ ਨਾ ਕਰ ਬਹੁਤੀ ਵੇ ਅੜੀ ਲੱਗੀ ਸੌਣ ਦੀ ਝੜੀ (ਹੀਰ ਸਿਆਲ-60); ਅੰਬੀ ਦਾ ਬੂਟਾ ਸਾਉਣ ਦਾ ਝੂਟਾ (ਜੱਟੀ-61); ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ (ਖੇਡਣ ਦੇ ਦਿਨ ਚਾਰ-62); ਘੜੀ ਘੜੀ ਪੈਣ ਬਿਜਲੀ ਦੇ ਲਿਸ਼ਕਾਰੇ (ਇਹ ਧਰਤੀ ਪੰਜਾਬ ਦੀ-66); ਕਾਲੀਆਂ ਇੱਟਾਂ ਕਾਲੇ ਰੋੜ ਮੀਂਹ ਵਸਾ ਦੇ ਜ਼ੋਰੋ-ਜ਼ੋਰ (ਲਾਵਾ ਫੁੱਟਿਆ -67); ਨੀ ਆਇਆ ਸਾਉਣ ਦਾ ਮਹੀਨਾ (ਤੇਰੇ ਰੰਗ ਨਿਆਰੇ-73); ਸਾਉਣ ਮਹੀਨਾ ਆਇਆ ਤੇ ਚੱਲ ਮੁਟਿਆਰੇ ਨੀ (ਜਿੰਦੜੀ ਯਾਰ ਦੀ-78); ਆ ਗਈ ਰੁੱਤ ਸਾਉਣ ਦੀ (ਉਡੀਕਾਂ-78); ਇਹ ਮੋਰ ਕਿਓਂ ਪੈਲਾਂ ਪਾਉਂਦੇ ਨੇ (ਮਾਹੀ ਮੁੰਡਾ-79); ਬਾਗਾਂ ਦੇ ਵਿਚ।। ਨੀ ਤੀਆਂ ਆ ਗਈਆਂ (ਸ਼ਹੀਦ ਕਰਤਾਰ ਸਿੰਘ ਸਰਾਭਾ-79) ਆਦਿ।

ਪੰਜਾਬੀ ਫਿਲਮ ਨਿਰਮਾਤਾਵਾਂ ਦੇ ਦ੍ਰਿਸ਼ਟੀਕੋਣ ਦੇ ਉਲਟ, ਬਾਲੀਵੁੱਡ ਨੇ ਆਪਣੀਆਂ ਫ਼ਿਲਮਾਂ 'ਚ ਬਾਰਸ਼ ਦੇ ਮੌਸਮ ਨੂੰ ਕਾਫੀ ਮਹੱਤਵ ਦਿੱਤਾ ਹੈ। ਮੀਂਹ ਨੇ ਫ਼ਿਲਮੀ ਰੋਮਾਂਸ ਦੇ ਪ੍ਰਦਰਸ਼ਨ ਲਈ ਹਮੇਸ਼ਾ ਇੱਕ ਵਧੀਆ ਫਰੇਮ ਪ੍ਰਦਾਨ ਕੀਤਾ ਹੈ। ਵੱਖ ਵੱਖ ਸਮੇਂ ਅਤੇ ਮੂਡ ਲਈ ਮੀਂਹ ਦੇ ਸੀਨ/ਗਾਣਿਆਂ ਨੇ ਵਾਧੂ ਸਾਂਝ ਪਾਈ ਹੈ। ਹਿੰਦੀ ਫ਼ਿਲਮਾਂ ਵਿੱਚ ਮੀਂਹ ਦੇ ਗਾਣੇ ਫਿਲਮ ਦਾ ਇਕ ਅਟੁੱਟ ਹਿੱਸਾ ਜਾਪਦੇ ਹਨ। ਹਿੰਦੀ ਫਿਲਮਾਂ ਵਿੱਚ 'ਸਾਵਨ' ਬਾਰੇ ਗਾਣਿਆਂ ਦੀ ਵਰਤੋਂ ਪ੍ਰੇਮੀਆਂ ਦੇ ਮਿਲਣ ਦੀ ਚਾਹਤ/ਉਤਸੁਕਤਾ, ਅਨੰਦ ਅਤੇ ਪ੍ਰੀਤਮ ਤੋਂ ਅਲਹਿਦਗੀ ਜਿਹੀਆਂ ਭਾਵਨਾਵਾਂ ਨੂੰ ਦਰਸਾਉਣ ਵਾਸਤੇ ਕੀਤੀ ਜਾਂਦੀ ਰਹੀ ਹੈ। ਸਿਨੇਮਾ ਦੀ ਸ਼ੁਰੂਆਤ ਤੋਂ ਲੈਕੇ ਅੱਜ ਤੱਕ ਬਰਸਾਤ, ਬਾਰਿਸ਼ ਦਾ ਪਾਣੀ, ਬੱਦਲਾਂ ਦੀ ਅਵਾਰਗੀ ਆਦਿ ਬਾਲੀਵੁੱਡ ਫਿਲਮਾਂ ਦਾ ਗੂੜ੍ਹਾ ਹਿੱਸਾ ਬਣੇ ਹੋਏ ਹਨ। ਅਣਗਿਣਤ ਫਿਲਮਾਂ ਵਿਚ ਅਨੇਕਾਂ ਹੀਰੋ-ਹੀਰੋਇਨਾਂ ਨੇ ਆਪਣੇ ਪਿਆਰ, ਮਿੱਠੇ ਝਗੜੇ, ਸੱਜਣ-ਸਜਨੀ ਦੀ ਉਡੀਕ ਦੀਆਂ ਘੜੀਆਂ ਦੇ ਪ੍ਰਗਟਾਵੇ ਵਾਸਤੇ ਕਦੀ ਬੱਦਲਾਂ ਦੀ ਗਰਜ, ਆਸਮਾਨੀ ਬਿਜਲੀ ਦੀ ਚਮਕਣ, ਬਾਰਿਸ਼ ਦੀ ਹਲਕੀ ਬੂੰਦਾ-ਬਾਂਦੀ ਅਤੇ ਕਦੇ ਮੋਹਲੇਧਾਰ ਮੀਂਹ ਨੂੰ ਆਪਣਾ ਗਵਾਹ ਬਣਾਇਆ ਹੈ। ਸਾਉਣ ਦਾ ਮੀਂਹ 'ਬਰਸਾਤ ਮੇਂ ਹਮ ਸੇ ਮਿਲੇ ਤੁਮ' ਤੇ 'ਡਮ ਡਮ ਡਿਗਾ ਡਿਗਾ' ਤੋਂ 'ਰਿਮਝਿਮ' ਦੇ ਤਰਾਨੇ ਗਾਉਂਦਾ ਹੋਇਆ 'ਬਾਦਲ ਯੂੰ ਗਰਜਤਾ ਹੈ' ਅਤੇ ਟਿਪ-ਟਿਪ-ਟਿਪ' ਦਾ ਪੈਂਡਾ ਪਾਰ ਕਰਦਿਆਂ ਹਿੰਦੀ ਫ਼ਿਲਮਾਂ ਦੇ ਗੀਤਾਂ ਦੀ ਧੜਕਨ ਬਣ ਗਿਆ ਹੈ।

ਹਿੰਦੀ ਫ਼ਿਲਮਾਂ 'ਚ ਸਾਉਣ ਦੇ ਗੀਤਾਂ ਦੀ ਸ਼ੁਰੂਆਤ ਸਾਗਰ ਮੂਵੀਟੋਨ ਬੰਬਈ ਦੀ ਪਲੇਠੀ ਫਿਲਮ "ਰੋਮਾਂਟਿਕ ਪ੍ਰਿੰਸ" ਉਰਫ "ਮੇਰੀ ਜਾਨ" (1931) 'ਚ ਬਾਰਸ਼ ਨਾਲ ਲਬਰੇਜ ਗੀਤ 'ਸਾਵਨ ਕੀ ਝੁਕ ਆਈ ਬਦਰਿਆ' ਦਾ ਸੰਦਰਭ ਮਿਲਦਾ ਹੈ। ਇਸੇ ਸਾਲ ਬਣੀ ਫਿਲਮ 'ਅਨੰਗ ਸੇਨਾ' ਚ ਦੋ ਬਾਰਿਸ਼ ਦੇ ਗੀਤ ਛਾ ਰਹੀ ਕਾਲੀ ਘਟਾ ਅਤੇ ਛਾਈ ਘਟਾ ਹੈ ਪਿਆਰੀ ਵੇਖਣ ਨੂੰ ਮਿਲੇ ਸਨ। ਇਨ੍ਹਾਂ ਤੋਂ ਅਲਾਵਾ ਭਾਰਤੀ ਬਾਲਕ, ਲੈਲਾ ਮਜਨੂੰ, ਵੀਰ ਅਭਿਮਨੁ, ਚਤਰਾ ਬਕਾਵਲੀ, ਰੂਪ ਬਸੰਤ, ਰਾਮਾਇਣ, ਰਾਜ ਮੁਕਟ, ਮਰਦ ਕਾ ਬੱਚਾ, ਅਧਿਕਾਰ, ਜਾਂਬਾਜ਼ ਮੱਲਿਕਾ, ਖਾਨ ਬਹਾਦੁਰ, ਸਿੰਹਲਦਵੀਪ ਕੀ ਸੁੰਦਰੀ, ਏਕ ਹੀ ਰਾਸਤਾ, ਸ਼ਾਦੀ ਕਾ ਮਾਮਲਾ, ਗ੍ਰਾਮੋਫੋਨ ਸਿੰਗਰ, ਸ਼ੇਵਰਲੇਟ, ਸੌਭਾਗਯ, ਮੁਰਾਦ, ਜ਼ਮਾਨਾ, ਡੈਕਨ ਕੁਈਨ, ਮਨਮੋਹਨ, ਦੁਨੀਆਂ ਨਾ ਮਾਅਨੇ, ਜੀਵਨ ਜਯੋਤੀ, ਬਾਗਬਾਨ, ਸਾਧਨਾ, ਕੌਣ ਕਿਸੀ ਕਾ, ਬੰਧਨ ਅਤੇ ਔਰਤ ਫ਼ਿਲਮਾਂ ਵਿਚ ਵੀ ਮੀਂਹ ਨਾਲ ਲਬਰੇਜ ਗੀਤ ਸੁਨਣ ਨੂੰ ਮਿਲੇ ਸਨ।

1940 ਦੇ ਦਹਾਕੇ ਵਿੱਚ ਬਹੁਤ ਸਾਰੇ ਬਾਰਸ਼ ਗੀਤ, ਫ਼ਿਲਮਾਂ ਦੀ ਜ਼ੀਨਤ ਬਣੇ ਸਨ। ਲਾਹੌਰ 'ਚ ਬਣੀ ਫਿਲਮ "ਖ਼ਜ਼ਾਨਚੀ" (1941) ਦੇ ਬਰਖਾ ਗੀਤ ਸਾਵਣ ਕੇ ਨਜ਼ਾਰੇ ਹੈਂ' ਨੇ ਪੂਰੇ ਦੇਸ਼ ਭਰ 'ਚ ਧੂਮਾਂ ਪਾ ਦਿੱਤੀਆਂ ਸਨ। ਫਿਲਮ ਸਿਕੰਦਰ (1941) ਦੇ ਇੱਕ ਸਾਉਣ ਗੀਤ 'ਸਾਵਨ ਕੇ ਦਿਨ ਆਏ ਰੇ।।' ਰਾਹੀਂ ਤੀਜ ਦੇ ਤਿਉਹਾਰ ਦੀਆਂ ਖੁਸ਼ੀਆਂ ਮਾਣੀਆਂ ਸਨ। ਫਿਲਮ 'ਰਤਨ' (1944) ਦੇ ਬਾਰਸ਼ ਗੀਤਾਂ 'ਰੁਮ ਝੁਮ ਬਰਸੇ ਬਦਰਵਾ ਮਸਤ ਹਵਾਏਂ ਆਈਂ।।' ਅਤੇ 'ਸਾਵਣ ਕੇ ਬਾਦਲੋ ਉਨਸੇ ਏ ਜਾ ਕਹੋ।। ਨੇ ਸੰਗੀਤਕਾਰ ਨੌਸ਼ਾਦ ਅਲੀ ਦੇ ਸੰਗੀਤ ਨੂੰ ਸੁਪਰ ਡੁਪਰ ਹਿੱਟ ਸਾਬਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ।

ਰਾਜ ਕਪੂਰ ਦੀ ਸੁਪਰ ਹਿੱਟ ਫਿਲਮ ਬਰਸਾਤ (1949) ਦੇ ਡਾਇਲਾਗ ਅਤੇ ਗੀਤਾਂ (ਬਰਸਾਤ ਮੇਂ ਹਮ ਸੇ ਮਿਲੇ ਤੁਮ; ਪਹਿਲੇ ਦਿਲ ਮੇਂ ਆਗ ਲਗੀ ਫਿਰ ਬਰਸਾਤ ਹੁਈ) ਵਿੱਚ 'ਬਰਸਾਤ' ਸ਼ਬਦ ਦਾ ਬਹੁਤਾ ਪ੍ਰਯੋਗ ਕੀਤਾ ਗਿਆ ਸੀ। ਇੰਝ ਜਾਪਦਾ ਹੈ ਕਿ ਇਸ ਫਿਲਮ ਵਿੱਚ ਸੱਚਮੁੱਚ ਮੀਂਹ ਦੇ ਗੀਤਾਂ ਦੀ ਝੜੀ ਲੱਗੀ ਹੋਵੇ, ਪਰ ਸਾਰੀ ਫਿਲਮ ਵਿਚ ਮੀਂਹ ਦੀ ਇਕ ਕਣੀ ਵੀ ਨਹੀਂ ਪੈਂਦੀ। ਫਿਲਮ ਦੇ ਆਖ਼ਿਰੀ ਸੀਨ ਵਿੱਚ ਨਿਮੀ ਮੌਤ ਦੇ ਆਗੋਸ਼ ਵਿੱਚ ਸਮਾ ਰਹੀ ਹੁੰਦੀ ਹੈ, ਉਸਦੀ ਸਹੇਲੀ ਵਿਮਲਾ ਪ੍ਰੇਮ ਨਾਥ ਨੂੰ ਉਲ੍ਹਣਾ ਦਿੰਦੀ ਹੋਈ ਕਹਿੰਦੀ ਹੈ 'ਤੁਮਨੇ ਬਰਸਤੀ ਬਰਸਾਤ ਮੇਂ ਆਨੇ ਕਾ ਵਾਅਦਾ ਕੀਆ ਥਾ, ਤੁਮ ਤੋਂ ਉਸਕੀ ਚਿਤਾ ਕੀ ਆਗ ਬਣ ਕਰ ਆਏ ਹੋ।'

ਫਿਲਮ ਸ਼੍ਰੀ 420 ਦੇ ਉਸ ਆਈਕੋਨਿਕ ਗੀਤ ਨੂੰ ਕੌਣ ਭੁੱਲ ਸਕਦਾ ਹੈ, ਜਿੱਥੇ ਮੁੰਬਈ ਦੀਆਂ ਖਾਲੀ ਸੜਕਾਂ 'ਤੇ ਮੀਂਹ ਵਿਚ ਰੋਮਾਂਸ ਕਰਦੇ ਹੋਏ ਰਾਜ ਕਪੂਰ ਅਤੇ ਨਰਗਿਸ ਨੇ ਇੱਕ ਛੱਤਰੀ ਹੇਠਾਂ 'ਪਿਆਰ ਹੁਆ ਇਕਰਾਰ ਹੁਆ' ਸਦੀਵੀ ਗੀਤ ਗਾਇਆ ਸੀ। ਉਨ੍ਹਾਂ ਦੋਨਾਂ ਦੇ ਜਨੂੰਨ, ਬੇਪਨਾਹ ਕਸ਼ਿਸ਼ ਅਤੇ ਬੇਮਿਸਾਲ ਕੈਮਿਸਟਰੀ ਨੇ ਦਰਸ਼ਕਾਂ ਦੇ ਦਿਲਾਂ ਨੂੰ ਮੋਹ ਲਿਆ ਸੀ। ਕਾਲੀ ਛਤਰੀ ਹੇਠਾਂ, ਘਨਘੋਰ ਬਾਰਿਸ਼ 'ਚ ਭਿੱਜਣ ਤੋਂ ਬਚਨ ਦੀ ਕੋਸ਼ਿਸ਼ ਕਰਦੇ ਹੋਏ ਰਾਜ ਕਪੂਰ-ਨਰਗਿਸ ਦਾ ਅਭੁੱਲ ਸੀਨ, ਫ਼ਿਲਮੀ ਬਾਰਿਸ਼ ਦਾ ਸ਼ਾਨਦਾਰ ਪ੍ਰਤੀਕ/ਚਿੰਨ੍ਹ ਬਣ ਗਿਆ ਹੈ। ਇਸ ਗੀਤ ਦਾ ਸਭ ਤੋਂ ਯਾਦਗਾਰੀ ਹਿੱਸਾ ਹੈ: 'ਮੈਂ ਨਾ ਰਹੂੰਗੀ, ਤੁਮ ਨਾ ਰਹੋਗੇ, ਫਿਰ ਵੀ ਰਹੇਂਗੀ ਨਿਸ਼ਾਨੀਆਂ' ਅਤੇ ਪਰਦੇ 'ਤੇ ਰਾਜ ਕਪੂਰ ਦੇ ਆਪਣੇ ਤਿੰਨੋਂ ਬੱਚੇ ਨਜ਼ਰ ਆਉਂਦੇ ਹਨ। ਵਿੰਟੇਜ ਮੁੰਬਈ ਵਿੱਚ ਇੱਕ ਬਰਸਾਤੀ ਰਾਤ ਦਾ ਇਹ ਦ੍ਰਿਸ਼, ਬਾਲੀਵੁੱਡ ਦੇ ਇੱਕ ਸ਼ਾਨਦਾਰ ਪਲ ਦਾ ਗਵਾਹ ਹੈ, ਜਿਹੜਾ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਡਾਇਰੈਕਟਰ ਵਿਮਲ ਰਾਏ ਜਦੋਂ ਮਨੁੱਖ ਦੀ ਜੀਵਨ-ਸ਼ਕਤੀ ਨੂੰ ਦਿਖਾਉਣਾ ਚਾਹੁੰਦਾ ਹੈ ਤਾਂ ਉਹ 'ਦੋ ਬੀਘਾ ਜ਼ਮੀਨ' (1953) ਵਰਗੀ ਮਨੁੱਖੀ ਤ੍ਰਾਸਦੀ ਨੂੰ ਦਰਸਾਉਂਦੀ ਫਿਲਮ ਵਿੱਚ ਆਯੋ ਰੇ ਆਯੋ ਰੇ, ਸਾਵਨ ਆਯੋ ਰੇ।। ਗੀਤ ਰਾਹੀਂ ਮੀਂਹ ਦਾ ਸਹਾਰਾ ਲੈਂਦਾ ਹੈ। ਇਸ ਫਿਲਮ ਦਾ ਮੀਂਹ ਵਾਲਾ

(ਬਾਕੀ ਅਗਲੇ ਸਫੇ 'ਤੇ)

# ਮਾਨਸੂਨ ਤੇ ਬਾਲੀਵੁੱਡ ਵਿੱਚ ਬਾਰਿਸ਼ ਦਾ ਰੋਮਾਂਸ

(ਸਫਾ 26 ਦੀ ਬਾਕੀ)

ਇਕ ਹੋਰ ਗਾਣਾ 'ਹਰਿਆਲਾ ਸਾਵਣ ਢੋਲ ਬਜਾਤਾ ਆਇਆ।।' ਦੱਬੇ-ਕੁਚਲੇ ਕਿਸਾਨ ਦੇ ਪਰਵਾਰ ਲਈ ਇੱਕ ਸੁੱਖੇਵੇਂ ਭਵਿੱਖ ਦਾ ਸੁਨੇਹਾ ਲੈਕੇ ਆਉਂਦਾ ਹੈ। ਫਿਲਮ 'ਦੋ ਆਂਖੇਂ ਬਾਰਹ ਹਾਥ' (1957) ਦੇ ਬਰਖਾ ਗੀਤ 'ਹੋ ਉਮੜ ਘੁਮੜ ਕਰ ਆਈ ਰੇ ਘਟਾ।' ਦੇ ਸ਼ੁਰੂਆਤੀ ਦ੍ਰਿਸ਼ ਵਿੱਚ ਹੀਰੋਇਨ, ਮਦਰ ਨੇਚਰ ਦਾ ਸਵਰੂਪ ਬਣੀ ਨਜ਼ਰ ਆਉਂਦੀ ਹੈ। ਬਹੁਤ ਉਡੀਕ ਤੋਂ ਬਾਅਦ ਬਾਰਸ਼ ਹੁੰਦੀ ਹੈ ਅਤੇ ਅੰਤ ਵਿੱਚ ਉਹ ਆਪਣੇ ਬੱਚਿਆਂ ਨੂੰ ਭੋਜਨ ਤੇ ਖੁਸ਼ਹਾਲੀ ਦੇ ਖਜਾਨੇ ਵੰਡਦੀ ਹੈ।

ਬਹੁਤ ਘੱਟ ਫਿਲਮਾਂ ਮਦਰ ਇੰਡੀਆ ਵਾਂਗ ਆਈਕੋਨਿਕ ਬਣੀਆਂ ਹਨ, ਜਿਹੜੀਆਂ ਦੇਸ਼ ਦੇ ਪੇਂਡੂ ਪੱਖ ਨੂੰ ਨਾਟਕੀ ਕਲਾਈਮੈਕਸ ਨਾਲ ਦਰਸਾਉਂਦੀ ਹੈ। ਸਭ ਤੋਂ ਯਾਦਗਾਰੀ ਨਜ਼ਾਰਾ ਉਹ ਹੈ ਜਿੱਥੇ ਬੱਦਲ ਫਟਣ ਕਾਰਨ ਪਿੰਡ ਵਿੱਚ ਹੜ੍ਹ ਆ ਜਾਂਦਾ ਹੈ ਅਤੇ ਫ਼ਸਲਾਂ ਸਵਾਹ ਹੋ ਜਾਂਦੀਆਂ ਹਨ। 'ਮਦਰ ਇੰਡੀਆ' ਦੇ 'ਉਮੜ ਘੁਮੱਡ ਕਰ ਆਏ ਰੇ ਘਟਾ' ਤੋਂ ਲੈਕੇ ਆਮਿਰ ਖ਼ਾਨ ਦੀ 'ਲਗਾਨ' ਦੇ ਗੀਤ 'ਘਨਣ-ਘਨਣ ਘਿਰ-ਘਿਰ ਆਏ ਬਦਰਾ' ਤਕ ਭਾਵੇਂ ਸ਼ਬਦ-ਰਚਨਾ ਬਦਲ ਜਾਵੇ, ਗੀਤਾਂ ਦੇ ਬੋਲ ਬੁਨਿਆਦੀ ਹਨ। ਸੁਰ ਉਹੀ ਹੈ ਦੁੱਖਾਂ ਵਿੱਚ ਜੋਸ਼ ਦਾ ਸੰਚਾਰ, ਇਹ ਹੈ ਸਾਵਣ ਅਤੇ ਬਰਸਾਤ ਦਾ ਅਸਲ ਸੁਨੇਹਾ। ਬਾਰਿਸ਼ ਦਾ ਮਸ਼ਹੂਰ ਗੀਤ 'ਇਕ ਲੜਕੀ ਭੀਗੀ ਭਾਗੀ ਸੀ' (ਚਲਤੀ ਕਾ ਨਾਮ ਗਾਡੀ-1958) ਨੂੰ ਦਰਸ਼ਕਾਂ ਦਾ ਡੂੰਘਾ ਹੁੰਗਾਰਾ ਮਿਲਿਆ ਸੀ। ਮਧੂਬਾਲਾ ਤੂਫ਼ਾਨੀ ਮੀਂਹ ਵਿੱਚ ਬੁਰੀ ਤਰ੍ਹਾਂ ਭਿੱਜ ਜਾਂਦੀ ਹੈ ਅਤੇ ਉਸਦੀ ਕਾਰ ਖ਼ਰਾਬ ਹੋ ਜਾਂਦੀ ਹੈ। ਜਦੋਂ ਕਿਸ਼ੋਰ ਕੁਮਾਰ ਕਾਰ ਦੀ ਮੁਰੰਮਤ ਕਰਦਾ ਹੈ, ਉਹ ਬਾਰਸ਼ ਨਾਲ ਭਿੱਜੀ ਹੋਈ ਮਧੂਬਾਲਾ ਦੇ ਹੁਸਨ ਦਾ ਸ਼ਿਕਾਰ ਹੋ ਜਾਂਦਾ ਹੈ। ਮਧੂਬਾਲਾ ਆਪਣੀ ਭਿੱਜੀ ਹੋਈ ਸਾੜੀ ਨੂੰ ਨਿਚੋੜ ਕੇ ਆਪਣੇ ਪਿੰਡੇ ਨੂੰ ਸੁਖਾਣ ਦੀ ਕੋਸ਼ਿਸ਼ ਕਰਦੀ ਹੈ। ਇਸ ਕਲਾਤਮਕ ਦ੍ਰਿਸ਼ ਨੇ ਗੀਤ ਨੂੰ ਇੱਕ ਕਲਾਸਿਕ ਬਾਰਿਸ਼ ਗੀਤ ਬਣਾ ਦਿਤਾ।

ਫਿਲਮ ਫਾਗੁਨ (1958) ਦੇ ਬਾਰਸ਼ ਗੀਤ 'ਬਰਸੋ ਰੇ ਹਾਏ ਬੈਰੀ ਬਦਰਵਾ ਬਰਸੋ ਰੇ' ਦੀ ਸ਼ੁਰੂਆਤ ਵਿਚ ਕਬੀਲੇ ਦੇ ਲੋਕਾਂ ਨੇ ਮਧੂਬਾਲਾ ਨੂੰ ਸਜ਼ਾ ਦੇਣ ਵਜੋਂ, ਜਿਉਂਦੇ ਸਾੜਣ ਲਈ ਆਪਣੇ ਹੱਥਾਂ ਵਿਚ ਮਸ਼ਾਲ ਤੇ ਲਾਠੀਆਂ ਪਕੜੀਆਂ ਹੋਈਆਂ ਹਨ। ਮਧੂਬਾਲਾ ਆਪਣੀ ਮਦੱਦ ਵਾਸਤੇ ਇਸ ਗੀਤ ਰਾਹੀਂ ਬੱਦਲਾਂ ਨੂੰ ਸੱਦਾ ਦਿੰਦੀ ਹੈ, ਬੱਦਲ ਫਾਇਰ ਬ੍ਰਿਗੇਡ ਤੋਂ ਤੇਜ਼ ਰਫਤਾਰ ਨਾਲ ਉਸਦੀ ਸਹਾਇਤਾ ਲਈ ਪਹੁੰਚ ਜਾਂਦੇ ਹਨ। ਜੋਰਾਂ ਦੀ ਬਾਰਿਸ਼ ਹੁੰਦੀ ਹੈ, ਬਾਲੀਵੁੱਡ ਸਟਾਈਲ ਨਾਲ ਅੱਗ ਬੁਝ ਜਾਂਦੀ ਹੈ ਅਤੇ ਮਧੂਬਾਲਾ ਨੂੰ ਜਿੰਦਾ ਸਾੜਣ ਦੇ ਮਨਸੂਬੇ ਫੇਲ ਹੋ ਜਾਂਦੇ ਹਨ। ਫਿਲਮ ਬਰਸਾਤ ਕੀ ਰਾਤ (1960) ਵਿਚ ਸਿਰਫ਼ 2 ਫਰੇਮ ਅਤੇ ਫੇਰ ਕੋਈ ਮੀਂਹ ਨਹੀਂ, ਪਰ 'ਜ਼ਿੰਦਗੀ ਭਰ ਨਹੀਂ ਭੁੱਲਗੀ ਵੋ ਬਰਸਾਤ ਕੀ ਰਾਤ' ਗੀਤ ਦਾ ਹਰ ਇੱਕ ਸ਼ਬਦ ਬਰਸਾਤੀ ਤੂਫ਼ਾਨੀ ਰਾਤ ਵਿੱਚ ਆਪਣੇ ਮਾਹੀ/ ਪ੍ਰੇਮੀ ਨੂੰ ਮਿਲਣ ਅਤੇ ਇਕੱਠੇ ਬਿਤਾਏ ਹਰ ਪਲ ਦਾ ਵਿਸਤ੍ਰਿਤ ਵਰਣਨ ਹੈ। ਮੀਂਹ 'ਚ ਭਿੰਜੀ ਹੋਈ ਮਧੂਬਾਲਾ ਦੀ ਬਲਾ ਦੀ ਖ਼ੂਬ-ਸੂਰਤੀ, ਭਾਰਤ ਭੂਸ਼ਨ ਨੂੰ ਬਾਰਸ਼ ਦਾ ਆਈਕਨਿਕ ਗੀਤ 'ਜ਼ਿੰਦਗੀ ਭਰ ਨਹੀਂ ਭੂਲੇਗੀ ਵੋ ਬਰਸਾਤ ਕੀ ਰਾਤ' ਲਿੱਖਣ ਦੀ ਪ੍ਰੇਰਨਾ ਦਿੰਦੀ ਹੈ। ਫਿਲਮ ਕਾਲਾ ਬਾਜ਼ਾਰ (1960) ਦਾ ਗੀਤ 'ਰਿਮਝਿਮ ਕੇ ਤਰਾਨੇ ਲੈ ਕੇ ਆਈ ਬਰਸਾਤ', ਇੱਕ ਅਜਿਹੇ ਵਰਤਮਾਨ ਵਿੱਚ ਸੈੱਟ ਕੀਤਾ ਗਿਆ ਹੈ ਜੋ ਉਦਾਸ ਜਾਂ ਹੰਝੂ ਭਰਿਆ ਨਹੀਂ, ਫਿਰ ਵੀ ਖੁਸ਼ਹਾਲ ਦਿਨਾਂ ਦੀਆਂ ਯਾਦਾਂ ਨਾਲ ਰੰਗਿਆ ਹੋਇਆ ਹੈ। ਇੱਕ ਵਿਛੜੀ ਜੋੜੀ ਦੇਵ ਆਨੰਦ ਅਤੇ ਵਹੀਦਾ ਰਹਿਮਾਨ ਟੈਕਸੀ ਦੀ ਕਤਾਰ ਵਿੱਚ ਮਿਲਦੇ ਹਨ ਅਤੇ ਇੱਕ ਛਤਰੀ ਸਾਂਝੀ ਕਰਦੇ ਹਨ। ਫਿਲਮ ਪਰਖ (1960) ਦਾ ਬਾਰਸ਼ ਗੀਤ 'ਸਜਨਾ ਬਰਖਾ ਬਹਾਰ ਆਈ।' ਸੁਣਨ ਵਾਲਿਆਂ ਨੂੰ ਪਿਆਰ ਭਰੀ ਕਾਕਟੇਲ ਪੇਸ਼ ਕਰਦਾ ਹੈ। ਗੀਤ ਵਿੱਚ ਇੰਤਜ਼ਾਰ ਅਤੇ ਤਾਂਘ ਨੂੰ ਨਿਰਦੇਸ਼ਕ ਦੁਆਰਾ ਬਹੁਤ ਸੁੰਦਰ/ ਪ੍ਰਸ਼ੰਸਾਯੋਗ ਢੰਗ ਨਾਲ ਦਰਸਾਇਆ ਗਿਆ ਹੈ। ਇੱਕ ਬਹੁਤ ਹੀ ਸੂਖਮ ਗੀਤ ਜਿੱਥੇ ਰੁੱਖਾਂ, ਪੱਤਿਆਂ, ਸੜਕਾਂ ਤੇ ਛੱਤਾਂ ਤੋਂ ਮੀਂਹ ਵਰ੍ਹਦਾ ਹੈ। ਮੀਂਹ ਦੀਆਂ ਬੂੰਦਾਂ ਮੋਤੀ ਦੇ ਮਣਕਿਆਂ ਵਾਂਗ ਦਿਖਾਈ ਦਿੰਦੀਆਂ ਹਨ। ਖ਼ੂਬਸੂਰਤ ਸਾਧਨਾ ਘਰ ਦੀ ਬਾਲਕੋਨੀ ਵਿਚੋਂ ਬਾਰਿਸ਼ ਨੂੰ ਨਿਹਾਰਦੀ ਹੋਈ, ਖਿਆਲਾਂ ਵਿਚ ਆਪਣੇ ਪ੍ਰੀਤਮ ਨਾਲ ਗੱਲਾਂ ਕਰਦੀ ਹੈ। ਸਚਿਨ ਦੇਵ ਬਰਮਨ ਦੀ ਸੁਰੀਲੀ ਆਵਾਜ਼ ਵਿੱਚ 'ਅੱਲ੍ਹਾ ਮੇਘ ਦੇ, ਪਾਣੀ ਦੇ' (ਗਾਈਡ, 1965), ਪਿੰਡ ਵਾਸੀਆਂ ਦੀਆਂ ਬੇਚੈਨ ਪ੍ਰਾਰਥਨਾਵਾਂ ਨੂੰ ਆਵਾਜ਼ ਦਿੰਦਾ ਹੈ। ਅੰਤ ਵਿੱਚ ਆਸ਼ੀਰਵਾਦ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਬਾਰਿਸ਼ ਦੇ ਰੂਪ ਵਿੱਚ ਆਉਂਦਾ ਹੈ, ਜੋ ਸੋਕੇ ਨਾਲ ਗ੍ਰਸਤ ਪਿੰਡ ਦੀ ਪਿਆਸ ਬੁਝਾਉਂਦਾ ਹੈ ਅਤੇ ਅਲੰਕਾਰਿਕ ਰੂਪ ਵਿੱਚ ਦੋਸ਼ੀ ਨਾਇਕ ਦੀ ਮੁਕਤੀ ਵੱਲ ਅਗਵਾਈ ਕਰਦਾ ਹੈ। 'ਤੁਮ ਜੋ ਮਿਲ ਗਏ ਹੋ' (ਹੰਸਤੇ ਜ਼ਖ਼ਮ-1973) ਦੇ ਬੋਲ ਮੀਂਹ ਬਾਰੇ ਇੰਨੇ ਜ਼ਿਆਦਾ ਨਹੀਂ ਹਨ। ਉਹ ਤਾਂਘ ਅਤੇ ਪਿਆਰ, ਮਿਲਾਪ ਅਤੇ ਉਦਾਸੀ ਨੂੰ ਦਰਸਾਉਂਦੇ ਹਨ। ਨਵੀਨ ਨਿਸ਼ਚਲ ਨੇ ਦੇਵ ਆਨੰਦ-ਸ਼ੈਲੀ ਦਾ ਇੱਕ ਗੁਲੂਬੰਦ ਪਾਇਆ ਹੋਇਆ ਹੈ ਅਤੇ ਇੱਕ ਟੈਕਸੀ ਡਰਾਈਵਰ ਵਜੋਂ ਫਿਲਮ ਟੈਕਸੀ ਡਰਾਈਵਰ (1954) ਦੇ ਦੇਵ ਆਨੰਦ ਦੀ ਯਾਦ ਦਿਵਾਉਂਦਾ ਹੈ। ਇਹ ਨੋਸਲਜੀਆ/ਪੁਰਾਣੀਆਂ ਯਾਦਾਂ ਪੈਦਾ ਕਰਦਾ ਹੈ।

ਫਿਲਮ ਨਿਰਮਾਤਾਵਾਂ ਨੇ ਸਾਉਣ ਦੀ ਰੁੱਤ ਦੀ ਆੜ ਵਿੱਚ, ਕਦੇ ਛੱਤਰੀ ਹੇਠ, ਕਦੇ ਦਰੱਖਤ ਦੇ ਪਿੱਛੇ, ਕਦੇ ਬਸਤੀ ਤੋਂ ਦੂਰ ਵੀਰਾਨੇ ਜਾਂ ਡਾਕ ਬੰਗਲੇ ਵਿੱਚ ਬੇਸ਼ੁਮਾਰ ਪ੍ਰੇਮ ਗੀਤ ਹਿੰਦੀ ਫ਼ਿਲਮਾਂ ਦੀ ਜ਼ੀਨਤ ਬਣਾਏ ਹਨ। ਬਾਰਸ਼ ਤੋਂ ਬਚਦੇ ਬਚਾਉਂਦੇ ਹੀਰੋ ਹੀਰੋਇਨ ਕਿਸੇ ਖੰਡਰ/ਉਜਾੜ ਘਰ/ ਡਾਕ ਬੰਗਲੇ ਵਿਚ ਪਨਾਹ ਲੈਂਦੇ ਹਨ। ਉਨ੍ਹਾਂ ਦੇ ਗਿੱਲ੍ਹੇ ਕੱਪੜੇ ਸੁੱਕਣ ਦੀ ਲੋੜ, ਸੈਕਸੀ ਪਹਿਰਾਵੇ ਤੇ ਗਰਮ-ਜੋਸ਼ੀ ਵਾਲੇ ਰੋਮਾਂਸ ਦੀ ਰਾਹ ਪੱਧਰਾ ਕਰ ਦਿੰਦੀ ਹੈ। ਬੈਕ-ਗ੍ਰਾਉਂਡ ਵਿਚ 'ਰੂਪ ਤੇਰਾ ਮਸਤਾਨਾ' ਦੀ ਤਰਜ਼ ਦਾ ਕੋਈ ਗੀਤ ਸੁਣਾਈ ਦਿੰਦਾ ਹੈ। ਆਪਣੇ ਪਿਆਰ ਦਾ ਇਜਹਾਰ ਕਰਦੇ ਹੋਏ ਹੀਰੋ ਹੀਰੋਇਨ ਸਮਾਜਿਕ ਸੀਮਾ ਨੂੰ ਤੋੜ ਦਿੰਦੇ ਹਨ ਅਤੇ ਫਿਰ 'ਮੈਂ ਤੁਮ੍ਹਾਰੇ ਬੱਚੇ ਕੀ ਮਾਂ...'ਡਾਇਲਾਗ ਸੁਣਨ ਨੂੰ ਮਿਲਦਾ ਹੈ। ਇਸ ਕੜੀ ਵਿਚ ਫਿਲਮ 'ਅਰਾਧਨਾ' (1969) ਤੋਂ ਅਲਾਵਾ 'ਏਕ ਫੂਲ ਦੋ ਮਾਲੀ' ਆਦਿ ਫ਼ਿਲਮਾਂ ਸ਼ੁਮਾਰ ਹਨ। ਫਿਲਮ ਬੇਤਾਬ (1983) ਦਾ ਬਾਰਿਸ਼ ਗੀਤ 'ਬਾਦਲ ਯੂੰ ਗਰਜਤਾ ਹੈ', ਨੌਜਵਾਨ ਪਿਆਰ ਅਤੇ ਬੇਲਗਾਮ ਜਿਨਸੀ ਜਨੂੰਨ ਦਾ ਪ੍ਰਗਟਾਵਾ ਕਰਦਾ ਹੈ। ਬਲੈਕ-ਐਂਡ-ਵਾਈਟ ਸਿਨੇਮਾ ਦੇ ਦੌਰ ਤੋਂ ਲੈਕੇ ਸਮਕਾਲੀ ਸਮੇਂ ਤੱਕ, ਸਾਉਣ ਦੀ ਇੱਕ ਟ੍ਰੋਪ ਦੇ ਰੂਪ ਵਿੱਚ ਵਰਤੋਂ ਕੀਤੀ ਜਾਂਦੀ ਰਹੀ ਹੈ। ਬਾਰਿਸ਼ ਰੋਮਾਂਟਿਕ, ਸ਼ਰਾਰਤੀ ਅਤੇ ਸੰਵੇਦ-ਨਸ਼ੀਲ ਹੁੰਦੇ ਹੋਏ ਭਾਰਤੀ ਸਿਨੇਮਾ ਦਾ ਅੰਤਮ ਕੰਮੋਧਨ ਰਿਹਾ ਹੈ। ਹਾਲਾਂਕਿ ਮੀਂਹ ਦੀ ਜਿਆਦਾਤਰ ਵਰਤੋਂ ਫ਼ਿਲਮੀ ਗੀਤਾਂ ਵਿਚ ਕੀਤੀ ਜਾਂਦੀ ਹੈ, ਪਰ ਫਿਲਮ ਨਿਰਮਾਣ ਜਾਂ ਕਹਾਣੀ ਦੇ ਇੱਕ ਅਨਿੱਖੜਵੇਂ ਹਿੱਸੇ ਵਜੋਂ ਵੀ ਬਾਰਿਸ਼ ਦੀ ਮਹੱਤਤਾ ਕੁਝ ਘੱਟ ਨਹੀਂ ਹੈ। ਫਿਲਮ 'ਧੂਲ ਕਾ ਫੂਲ' ਵਿਚ ਰਾਜਿੰਦਰ ਕੁਮਾਰ-ਮਾਲਾ ਸਿਨਹਾ 'ਤੇ ਫਿਲਮਾਇਆ ਰੋਮਾਂਟਿਕ ਗੀਤ 'ਧੜਕਨੇ ਲਗੇ ਦਿਲ ਕੇ ਤਾਰੋਂ ਕੀ ਦੁਨੀਆਂ।' ਜਦ ਖਤਮ ਹੁੰਦਾ ਹੈ, ਤਦ ਜੋਰਾਂ ਦੀ ਬਾਰਸ਼ ਸ਼ੁਰੂ ਹੋ ਜਾਂਦੀ ਹੈ। ਇਸ ਦਾ ਨਤੀਜਾ ਓਹੀ ਹੁੰਦਾ ਹੈ ਜਿਹੜਾ ਕਿ ਬਹੁਤ ਅਰਸੇ ਬਾਅਦ 1969 'ਚ ਬਣੀ ਫਿਲਮ 'ਅਰਾਧਨਾ' ਦੇ ਮੀਂਹ ਗੀਤ ਦਾ ਸੀ। ਦੋਵੇਂ ਫਿਲਮਾਂ ਵਿਚ ਨਾਇਕਾਂਵਾਂ ਬਿਨਾ ਵਿਆਹੀਆਂ ਮਾਵਾਂ ਬਣ ਜਾਂਦੀਆਂ ਹਨ ਅਤੇ ਫਿਲਮ ਦੀ ਕਹਾਣੀ ਇਕ ਨਵੇਂ ਮੁਹਾਰ ਵੱਲ ਮੁੜ ਜਾਂਦੀ ਹੈ।

ਕਈ ਵਾਰੀਂ ਮੀਂਹ, ਡਰਾਮੇ ਅਤੇ ਸਸਪੈਂਸ ਦੇ ਬਰਾਬਰ ਨਾਟਕੀ ਬਣ ਜਾਂਦਾ ਹੈ। ਹਿੰਦੀ ਸਿਨੇਮਾ ਦੇ ਬਹੁਤ ਸਾਰੇ ਸਾਈਕੋ ਥ੍ਰਿਲਰ ਵਿਚ ਮੀਂਹ ਕਤਲਾਂ ਦੇ ਪਰਛਾਵੇਂ ਵਜੋਂ ਕੰਮ ਕਰਦਾ ਹੈ। ਰਾਮ ਗੋਪਾਲ ਵਰਮਾ ਦੀ ਫਿਲਮ 'ਕੌਣ?' ਤੋਂ ਲੈਕੇ ਮਨੀ ਰਤਨਮ ਦੀ 'ਰਾਵਣ' ਤੱਕ, ਮਾਨਸੂਨ ਇੱਕ ਕਿਰਦਾਰ ਵਜੋਂ ਉਕਰਿਆ ਗਿਆ ਸੀ। ਜਿਵੇਂ ਕਿ ਸੈਕੰਡਰੀ ਪਾਤਰ, ਪੁਸ਼ਾਕ, ਬੈਕਗ੍ਰਾਉਂਡ ਸੰਗੀਤ ਆਦਿ ਫਿਲਮ ਦੀ ਕਹਾਣੀ ਦੇ ਮਹੱਤਵਪੂਰਨ ਤੱਤ ਹੁੰਦੇ ਹਨ, ਉਸੇ ਤਰ੍ਹਾਂ ਬਾਰਿਸ਼ ਇੱਕ ਬਿਰਤਾਂਤ ਦਾ ਅਨਿੱਖੜਵਾਂ ਅੰਗ ਹੈ। ਰੋਮਾਂਸ, ਸੋਗ, ਵਿਛੋੜੇ ਅਤੇ ਮੌਤ ਵਰਗੇ ਗੁੰਝਲਦਾਰ ਵਿਸ਼ਿਆਂ ਨੂੰ ਵਿਅਕਤ ਕਰਨ ਲਈ ਮੀਂਹ ਇੱਕ ਬਹੁਤ ਪ੍ਰਭਾਵਸ਼ਾਲੀ ਮਾਧਿਅਮ ਹੋ ਸਕਦਾ ਹੈ।

ਫਿਲਮ 'ਕੌਨ' ਨੂੰ ਦੇਖ ਕੇ ਤੁਹਾਡੇ ਅੰਦਰ ਜਿਹੜੀ ਦੁਬਿਧਾ ਅਤੇ ਡਰ ਪੈਦਾ ਹੁੰਦਾ ਹੈ, ਸ਼ਾਇਦ ਕਿਸੇ ਹੋਰ ਫਿਲਮ ਵਿਚ ਵੇਖਣ ਨੂੰ ਨਹੀਂ ਮਿਲਦਾ। ਕੌਣ? (1999) ਵਿਚ ਚਾਰ ਮੁੱਖ ਪਾਤਰ ਹਨ, ਇਹਨਾਂ ਵਿੱਚੋਂ ਤਿੰਨ ਉਰਮਿਲਾ ਮਾਤੋਂਡਕਰ, ਮਨੋਜ ਬਾਜਪਾਈ ਅਤੇ ਸੁਸ਼ਾਂਤ ਸਿੰਘ ਦੁਆਰਾ ਨਿਭਾਏ ਗਏ ਅਤੇ ਚੌਥਾ ਅਹਿਮ ਕਿਰਦਾਰ 'ਬਾਰਿਸ਼' ਨੇ ਨਿਭਾਇਆ ਸੀ। ਫਿਲਮ 'ਲਾਈਫ ਇਨ ਏ ਮੈਟਰੋ' (2007), ਮੁੰਬਈ ਵਰਗੇ ਵੱਡੇ ਮਹਾਂਨਗਰ ਵਿਚ ਆਮ ਜੀਵਨ ਦੀ ਅਸਲੀਅਤ ਨੂੰ ਦਰਸਾਉਂਦੀ ਹੈ। ਮੁੰਬਈ ਦੀ ਬਾਰਿਸ਼, ਸਿਰਫ ਰੀਲ ਲਾਈਫ ਦਾ ਨਹੀਂ, ਸਗੋਂ ਅਸਲ ਜ਼ਿੰਦਗੀ ਦਾ ਕਿਰਦਾਰ ਹੈ। ਡਰਾਉਣੀ ਫਿਲਮਾਂ ਦੇ ਸ਼ੌਕੀਨਾਂ ਲਈ ਤੁਮਬਾੜ (2018) ਇੱਕ ਨਾਯਾਬ ਤੋਹਫ਼ਾ ਹੈ। ਇੱਕ ਦੇਵਤੇ ਦੀ ਪੂਜਾ ਕਰਨ ਲਈ ਸਰਾਪੇ ਗਏ ਪਿੰਡ ਤੁਮਬਾੜ ਦੇ ਨਿਵਾਸੀਆਂ ਨੂੰ ਸਾਲ ਭਰ ਬਰਸਾਤ ਦਾ ਕਹਿਰ ਸਹਿਣਾ ਪੈਂਦਾ ਹੈ। ਫਿਲਮ ਦੀ ਸ਼ੂਟਿੰਗ ਬਿਨਾਂ ਸੂਰਜ ਦੀ ਰੌਸ਼ਨੀ ਅਤੇ ਅਸਲ ਬਾਰਿਸ਼ ਵਿੱਚ, ਚਾਰ ਮਾਨਸੂਨਾਂ ਦੌਰਾਨ ਕੀਤੀ ਗਈ ਸੀ।

ਜੇਕਰ ਤੁਮਬਾੜ ਵਿੱਚ ਮੀਂਹ ਇੱਕ ਸਰਾਪ ਹੈ, ਤਾਂ ਕਮੀਨੇ (2009) ਵਿੱਚ ਇਹ 'ਰੱਬ ਦਾ ਕਰਮ' ਹੈ। ਬੇਰੋਕ ਬਾਰਿਸ਼ ਫਿਲਮ ਦੇ ਗੂੜ੍ਹੇ ਰੰਗ ਦੇ ਪੈਲੇਟ ਨੂੰ ਹੋਰ ਵੀ ਗੂੜ੍ਹਾ ਕਰ ਦਿੰਦੀ ਹੈ। ਪਲਾਟ-ਸੰਚਾਲਿਤ ਇਸ ਫਿਲਮ ਵਿੱਚ ਜਿਵੇਂ-ਜਿਵੇਂ ਪਲਾਟ ਸੰਘਣਾ ਹੁੰਦਾ ਜਾਂਦਾ ਹੈ, ਮੀਂਹ ਹੋਰ ਤੇਜ ਹੋ ਜਾਂਦਾ ਹੈ। ਫਿਲਮ 'ਰਾਵਣ' (2010) ਵਿੱਚ ਹਵਾ ਤੇ ਬਾਰਿਸ਼, ਫਿਲਮ ਦੇ ਮੁੱਖ ਪਾਤਰ ਬੀਰਾ (ਅਭਿਸ਼ੇਕ ਬੱਚਨ) ਵਾਂਗ, ਜੰਗਲੀ ਅਤੇ ਬੇਮਿਸਾਲ ਹਨ। 'ਵੇਕ ਅੱਪ ਸਿਡ' (2009): ਆਇਸ਼ਾ (ਕੋਂਕਣਾ ਸੇਨ ਸ਼ਰਮਾ), ਜ਼ਿੰਦਗੀ ਦੀ ਆਜ਼ਾਦੀ ਅਤੇ ਮੁੰਬਈ ਦੀ ਬਾਰਿਸ਼ ਦਾ ਆਨੰਦ ਮਾਨਣ ਲਈ, ਸੁਪਨਿਆਂ ਦੇ ਸ਼ਹਿਰ ਆਉਂਦੀ ਹੈ। ਉਸਦਾ ਨਵਾਂ ਲੱਭਿਆ ਦੋਸਤ ਸਿਡ (ਰਣਬੀਰ ਕਪੂਰ) ਅਤੇ ਆਇਸ਼ਾ ਮਰੀਨ ਡਰਾਈਵ 'ਤੇ ਸੀਜ਼ਨ ਦੀ ਪਹਿਲੀ ਬਾਰਿਸ਼ ਦਾ ਆਨੰਦ ਮਾਣਦੇ ਹਨ। ਮੀਂਹ ਉਹਨਾਂ ਦੀ ਅਸੁਰੱਖਿਆ, ਉਦਾਸੀ ਤੇ ਦੁੱਖਾਂ ਨੂੰ ਡੁਬੋ ਦਿੰਦਾ ਹੈ ਅਤੇ ਉਹਨਾਂ ਲਈ ਇੱਕ ਨਵੀਂ ਸ਼ੁਰੂਆਤ ਦੀ ਨਿਸ਼ਾਨਦੇਹੀ ਕਰਦਾ ਹੈ।

ਫਿਲਮ 'ਕੁਛ ਕੁਛ ਹੋਤਾ ਹੈ' ਦੇ ਪ੍ਰਸਿੱਧ ਰੇਨ-ਡਾਂਸ ਕ੍ਰਮ ਵਿੱਚ ਕੋਈ ਸਦੀਵੀ ਮਾਨਸੂਨ ਨਹੀਂ ਦਿਖਾਇਆ ਗਿਆ ਹੈ ਪਰ ਕਹਾਣੀ ਦੇ ਦੋ ਵੱਡੇ ਮੋੜਾਂ ਵਿੱਚ ਬਾਰਿਸ਼ ਅਹਿਮ ਭੂਮਿਕਾ ਨਿਭਾਉਂਦੀ ਹੈ। ਫਿਲਮ 'ਆਸ਼ਿਕੀ 2' ਦੇ ਪੋਸਟਰ 'ਤੇ ਬਣਾਏ ਹੋਏ ਆਈਕਾਨਿਕ ਸੀਨ ਨੂੰ ਕੌਣ ਭੁੱਲ ਸਕਦਾ ਹੈ, ਕਿਉਂਕਿ ਉਦੋਂ ਤੋਂ, ਦੁਨੀਆ ਦੇ ਹਰ 'ਫਿਲਮੀ' ਜੋੜੇ ਲਈ ਜੈਕਟ ਦੀ ਜਗ੍ਹਾ ਛੱਤਰੀ ਨੇ ਲੈ ਲਈ ਹੈ।

ਰਾਹੁਲ ਅਤੇ ਆਰੋਹੀ ਦਾ ਮਿਲਾਪ ਆਖਰਕਾਰ ਉਦੋਂ ਹੁੰਦਾ ਹੈ ਜਦੋਂ ਉਨ੍ਹਾਂ ਦੇ ਸਿਰ 'ਤੇ ਮੀਂਹ ਪੈਂਦਾ ਹੈ ਅਤੇ ਸ਼ਾਇਦ ਉਨ੍ਹਾਂ ਦੇ ਦਿਲਾਂ ਵਿੱਚ ਵੀ ਪਿਆਰ ਦਾ ਮੀਂਹ ਪੈਣ ਲੱਗ ਪੈਂਦਾ ਹੈ। ਫਿਲਮ 'ਮੰਜ਼ਿਲ' (1979) ਦਾ ਮੀਂਹ-ਗੀਤ 'ਰਿਮ ਝਿਮ ਗਿਰੇ ਸਾਵਨ, ਸੁਲਗ ਸੁਲਗ ਜਾਏ ਮਨ', ਬਾਰਿਸ਼ ਵਿੱਚ ਭਿੱਜਣ ਤੇ ਇੱਕ ਹੋਣ ਦਾ ਅਹਿਸਾਸ ਹੱਡਾਂ ਤੱਕ ਕਰਵਾਉਂਦਾ ਹੈ। ਇਹ ਫਿਲਮ ਦਿਖਾਉਂਦੀ ਹੈ ਕਿ ਕਿਵੇਂ ਵੱਖ-ਵੱਖ ਪਿਛੋਕੜ ਵਾਲੇ ਲੋਕ ਇਸ ਬ੍ਰਹਿਮੰਡ ਵਿੱਚ ਇਕੱਠੇ ਹੋ ਸਕਦੇ ਹਨ।

ਨਿਯੰਤਰਿਤ ਸੈੱਟਾਂ 'ਤੇ ਵਿਸਤ੍ਰਿਤ ਤੌਰ 'ਤੇ ਕੋਰੀਓਗ੍ਰਾਫ ਕੀਤੇ ਅਤੇ ਟੈਂਕਰ ਦੇ ਪਾਣੀ ਦੀਆਂ ਕਦੇ ਨਾ ਖਤਮ ਹੋਣ ਵਾਲੀਆਂ ਧਾਰਾਵਾਂ ਵਾਲੇ ਇਨਡੋਰ ਮੀਂਹ ਗੀਤਾਂ ਵਿੱਚ ਯਸ਼ ਚੋਪੜਾ ਦੇ ਸੰਗੀਤਕ 'ਦਿਲ ਤੋਂ ਪਾਗਲ ਹੈ' (1997) ਦਾ 'ਕੋਈ ਲੜਕੀ ਹੈ' ਗੀਤ ਵੀ ਸ਼ੁਮਾਰ ਹੈ, ਜਿਸਨੂੰ ਸ਼ਿਆਮਕ ਡਾਵਰ ਨੇ ਕੋਰੀਓਗ੍ਰਾਫ ਕੀਤਾ ਸੀ। ਬਾਲੀਵੁਡ ਵਿੱਚ ਮੀਂਹ ਦੇ ਗੀਤ ਹਮੇਸ਼ਾ ਰਵੀਨਾ ਟੰਡਨ ਜਾਂ ਮਾਧੁਰੀ ਦੀਕਸ਼ਿਤ ਹੋਰਨਾਂ ਦੁਆਰਾ ਭਿੱਜੀ ਹੋਈ ਸਾੜੀ ਵਿੱਚ ਕਾਮੁਕ ਸੰਵੇਦਨਾ ਦੇ ਪ੍ਰਤੀਕ ਸਨ, ਪਰ ਇਹ ਗੀਤ ਕੁਝ ਆਮ ਨਾਲੋਂ ਵੱਖਰਾ ਸੀ। ਬਾਰਿਸ਼ ਵਿਚ ਪਿੱਛਾ ਕਰਨ ਅਤੇ ਕਤਲ ਦਾ ਇੱਕ ਨਾਟਕੀ ਦ੍ਰਿਸ਼, ਰਾਹੁਲ ਰਾਵੇਲ ਨੇ ਆਪਣੀ ਫਿਲਮ 'ਅਰਜੁਨ' (1985) ਵਿੱਚ ਕੈਪਚਰ ਕੀਤਾ ਸੀ। ਹਮਲਾਵਰ ਕਾਲੀਆਂ ਛਤਰੀਆਂ ਰਾਹੀਂ ਨੈਵੀਗੇਟ ਕਰਦੇ ਹਨ, ਮਨੁੱਖਾਂ ਦਾ ਸਮੁੰਦਰ ਹੈ ਪਰ ਉਨ੍ਹਾਂ ਦੇ ਚਿਹਰੇ ਦਿਖਾਈ ਨਹੀਂ ਦਿੰਦੇ। ਖਚਾਖਚ ਭਰੀ ਭੀੜ ਦੇ ਪਾੜਾਂ ਵਿਚਕਾਰ ਸਿਰਫ ਤਲਵਾਰਾਂ ਹੀ ਦਿਖਾਈ ਦਿੰਦਿਆਂ ਹਨ। ਇਹ ਸ਼ਾਨਦਾਰ ਬੈਕਗ੍ਰਾਊਂਡ ਸਕੋਰ ਤੇ ਕੈਮਰਾਵਰਕ ਵਾਲਾ ਭਰਵੱਟੇ ਚੁੱਕਵਾਂ ਸੀਨ ਹੈ।

ਫਿਲਮ 'ਦਹਕ' (1999) ਤੋਂ 'ਸਾਵਨ ਬਰਸੇ ਤਰਸੇ ਦਿਲ' ਗੀਤ ਮੀਂਹ ਦੇ ਦੌਰਾਨ ਮੰਜ਼ਿਲ 'ਤੇ ਪਹੁੰਚਣ ਦੀ ਸਮਰੱਥਾ ਲਈ ਹਿੰਦੀ ਸਿਨੇਮਾ ਵਿੱਚ ਸੋਨੇ ਦਾ ਮਿਆਰ ਬਣਿਆ ਹੋਇਆ ਹੈ। ਇਹ ਗੀਤ ਮੀਲਾਂ ਲੰਮੀਆਂ ਛਤਰੀਆਂ ਦੀ ਕਤਾਰਾਂ, ਰੁੱਕੀ ਹੋਈ ਆਵਾਜਾਈ ਅਤੇ ਹੜ੍ਹਾਂ ਨਾਲ ਭਰੀਆਂ ਸੜਕਾਂ ਦੇ ਦੂਜੇ ਸਿਰੇ 'ਤੇ ਪਿਆਰ ਹੋਣ ਦਾ ਵਜੂਦ ਕਰਵਾਉਂਦਾ ਹੈ। ਇਸ ਗਾਣੇ ਦੀ ਸ਼ੂਟਿੰਗ ਤਿੰਨ ਸਾਲ ਤੋਂ ਵੱਧ ਸਮੇਂ ਹੋਈ ਸੀ। ਇਹ ਗਾਣਾ ਕਹਾਣੀ ਦਾ ਇਕ ਹਿੱਸਾ ਸੀ ਅਤੇ ਕਹਾਣੀ ਨੂੰ ਅੱਗੇ ਵਧਾਉਂਦਾ ਹੈ। ਜਦੋਂ ਵਿਸ਼ਾਲ ਭਾਰਦਵਾਜ 'ਮੈਕਬੈਥ' ਨੂੰ 'ਮਕਬੂਲ' (2003) ਦੇ ਰੂਪ ਵਿੱਚ ਢਾਲਦਾ ਹੈ, ਤਾਂ ਉਹ ਬਾਰਿਸ਼, ਗਰਜ ਅਤੇ ਬਿਜਲੀ ਨੂੰ ਬਰਕਰਾਰ ਰੱਖਦਾ ਹੈ ਤਾਂ ਜੋ ਉਸ ਦ੍ਰਿਸ਼ ਨੂੰ ਯਾਦਗਾਰੀ ਬਣਾਇਆ ਜਾ ਸਕੇ ਜਿੱਥੇ ਅੱਬਾ ਜੀ (ਪੰਕਜ ਕਪੂਰ) ਦੀ ਹੱਤਿਆ ਕੀਤੀ ਜਾਂਦੀ ਹੈ।

ਮਨੀ ਰਤਨਮ, ਉਨ੍ਹਾਂ ਫਿਲਮ ਨਿਰਮਾਤਾਵਾਂ ਵਿੱਚੋਂ ਇੱਕ ਹਨ, ਜੋ ਮਾਨਸੂਨ ਦੇ ਮੂਡ ਦੇ ਆਲੇ-ਦੁਆਲੇ ਇੱਕ ਕਹਾਣੀ ਬੁਣ ਸਕਦੇ ਹਨ। ਉਨ੍ਹਾਂ ਨੇ ਆਪਣੀਆਂ ਫਿਲਮਾਂ ਵਿੱਚ ਮਾਨਸੂਨ ਦੇ ਕੁਝ ਸਭ ਤੋਂ ਮਸ਼ਹੂਰ ਪਲਾਂ ਦੀ ਸਿਰਜਣਾ ਕੀਤੀ ਹੈ, ਭਾਵੇਂ ਇਹ 'ਬੰਬੇ' ਫਿਲਮ ਦਾ 'ਉਈ ਰ' ਗੀਤ ਹੋਵੇ। ਫਿਲਮ ਗੁਰੂ (2007) ਦਾ ਗੀਤ 'ਬਰਸੋ ਰੇ' ਮੀਂਹ ਦੇ ਮਿੱਠੇ ਚੁੰਮਣ ਦਾ ਅਹਿਸਾਸ ਕਰਾਉਂਦਾ ਹੈ।

ਲਗਾਨ: ਵਨਸ ਅਪੌਨ ਏ ਟਾਈਮ ਇਨ ਇੰਡੀਆ: 'ਲਗਾਨ' ਵਿੱਚ ਮਾਨਸੂਨ ਸਿਰਫ਼ ਇੱਕ ਪਾਤਰ ਨਹੀਂ ਹੈ, ਸਗੋਂ ਇਹ ਪਿੰਡ ਵਾਸੀਆਂ ਨੂੰ ਆਪਣੇ ਹੱਕਾਂ ਲਈ ਇਕੱਠੇ ਖੜ੍ਹੇ ਹੋਣ ਲਈ ਪ੍ਰੇਰਣਾ ਦਾ ਸਰੋਤ ਵੀ ਹੈ। ਮਾਨਸੂਨ, ਜਾਂ ਇਸਦੀ ਘਾਟ, ਫਿਲਮ ਵਿੱਚ ਐਕਸ਼ਨ ਲਈ ਉਤਪ੍ਰੇਰਕ ਹੈ। ਉਦਾਸੀ ਤੇ ਨਿਰਾਸ਼ਾ ਨੂੰ ਸੋਕੇ ਅਤੇ ਖੁਸ਼ੀ ਨੂੰ ਮੀਂਹ ਨਾਲ ਜੋੜਿਆ ਗਿਆ ਹੈ। 'ਚਮ ਚਮ' (ਬਾਗੀ- 2016): ਹਾਰਡਕੋਰ ਬਾਰਿਸ਼ ਵਿੱਚ ਝੁਕਦੀ ਹੋਈ ਸ਼ਰਧਾ ਕਪੂਰ ਦਾ ਇਹ ਸੱਚਮੁੱਚ ਇੱਕ ਸ਼ਾਨਦਾਰ ਵਿਜ਼ੂਅਲ ਹੈ। ਯੂਟਿਊਬ 'ਤੇ 100 ਮਿਲੀਅਨ ਤੋਂ ਵੱਧ ਵਿਯੂਜ਼ ਹਾਸਲ ਕਰਨ ਵਾਲਾ, ਇਹ ਗੀਤ ਬਾਲੀਵੁੱਡ ਵਿੱਚ 2010 ਦੇ ਦਹਾਕੇ ਦਾ ਇੱਕ ਪ੍ਰਸਿੱਧ ਮੀਂਹ ਵਾਲਾ ਗੀਤ ਹੈ। ਰਜਨੀਕਾਂਤ ਦੀ ਫਿਲਮ 'ਕਾਲਾ'; (2018), ਵਿਚ ਮੈਰੀਨ ਡਰਾਈਵ 'ਤੇ ਭਾਰੀ ਮੀਂਹ ਵਿੱਚ ਸ਼ਾਨਦਾਰ ਕੋਰੀਓਗ੍ਰਾਫਡ ਲੜਾਈ ਦਾ ਸੀਨ/ਕ੍ਰਮ ਹੈ। ਰਜਨੀਕਾਂਤ ਇਕੱਲੇ ਹੀ ਸਿਰਫ ਆਪਣੀ ਛੱਤਰੀ ਦੀ ਵਰਤੋਂ ਕਰਦੇ ਹੋਏ ਹਮਲਾਵਰਾਂ ਦੀ ਭੀੜ ਨੂੰ ਕੁੱਟਦਾ ਹੈ।

ਮੀਂਹ ਸਿਰਫ ਰੋਮਾਂਸ ਦਾ ਪ੍ਰਤੀਕ ਨਹੀਂ ਰਿਹਾ ਸਗੋਂ ਇਹ ਇੱਕ ਮੁਕਤੀ ਸ਼ਕਤੀ ਵਜੋਂ ਪੇਸ਼ ਕੀਤਾ ਗਿਆ ਹੈ ਜਿਵੇਂ ਕਿ ਫਿਲਮ ਚਮੇਲੀ ਦੇ ਗੀਤ 'ਭਾਗੇ ਰੇ ਮਨ'; ਵਿਚ ਕਰੀਨਾ ਕਪੂਰ ਇਸ ਤਰ੍ਹਾਂ ਨੱਚਦੀ ਹੈ ਜਿਵੇਂ ਕੋਈ ਨਹੀਂ ਦੇਖ ਰਿਹਾ ਹੈ। ਬਾਰਿਸ਼ ਇੱਥੇ ਆਜ਼ਾਦ ਹੋਣ ਦੀ ਪ੍ਰੇਰਣਾ ਹੈ। ਪੁਰਾਣੀਆਂ ਧਾਰਨਾਵਾਂ ਅਤੇ ਵਿਸ਼ਵਾਸਾਂ ਦੀਆਂ ਜੰਜੀਰਾਂ ਨੂੰ ਤੋੜਦੇ ਹੋਏ ਕਰੀਨਾ ਅਤੇ ਆਮਿਰ ਨੇ ਫਿਲਮ 'ਇਡੀਅਟਸ' ਵਿੱਚ 'ਜ਼ੂਬੀ ਡੂਬੀ' ਗੀਤ 'ਤੇ ਡਾਂਸ ਕੀਤਾ ਸੀ।

ਫ਼ਿਲਮਾਂ ਵਿਚ ਨਾਟਕੀ ਜਾਂ ਅਲੰਕਾਰਿਕ ਪ੍ਰਭਾਵ ਵਿਖਾਉਣ ਲਈ, ਮੀਂਹ ਦੁਆਰਾ ਕਹਾਣੀ ਸੁਣਾਉਣ ਦਾ ਇੱਕ ਵੱਡੇ ਮੱਧਮ ਵਜੋਂ ਪ੍ਰਯੋਗ ਕੀਤਾ ਗਿਆ ਹੈ। 'ਸਪਾਈਡਰਮੈਨ' ਦੇ ਕਲਾਸਿਕ ਚੁੰਮਣ ਸੀਨ ਤੋਂ ਲੈਕੇ 'ਕੁਛ ਕੁਛ ਹੋਤਾ ਹੈ' ਵਿੱਚ ਰਾਹੁਲ ਅਤੇ ਅੰਜਲੀ ਦੇ ਰੋਮਾਂਚਕ ਡਾਂਸ ਤੱਕ, ਕਈ ਨਾਟਕੀ ਦ੍ਰਿਸ਼ਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਣ ਲਈ ਬਾਰਿਸ਼ ਦੀ ਚੰਗੀ ਵਰਤੋਂ ਕੀਤੀ ਗਈ ਹੈ। ਆਓ ਆਪਾਂ ਹਾਲੀਵੁੱਡ ਫਿਲਮਾਂ ਦੇ ਕੁਝ ਸਭ ਤੋਂ ਯਾਦਗਾਰੀ ਦ੍ਰਿਸ਼ਾਂ 'ਤੇ ਇਕ ਝਾਤ ਮਾਰ ਲਈਏ।

ਫਿਲਮ ਸਪਾਈਡਰ-ਮੈਨ (2002) ਵਿੱਚ 'ਅਪਸਾਈਡ ਡਾਊਨ ਕਿੱਸ' ਦਾ ਸੀਨ ਕਈ ਦਹਾਕਿਆਂ ਪੁਰਾਣਾ ਹੈ, ਪਰ ਅਜੇ ਵੀ ਫਿਲਮ ਇਤਿਹਾਸ ਦੇ ਸਭ ਤੋਂ ਰੋਮਾਂਟਿਕ ਦ੍ਰਿਸ਼ਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਮੈਰੀ ਜੇਨ (ਕਰਸਟਨ ਡਨਸਟ) ਨੂੰ ਗੁੰਡਿਆਂ ਦੇ ਝੁੰਡ ਤੋਂ ਬਚਾਉਣ ਤੋਂ ਬਾਅਦ, ਸਪਾਈਡਰ-ਮੈਨ (ਟੋਬੇ ਮੈਗੁਇਰ) ਨਿਊਯਾਰਕ ਸਿਟੀ ਦੇ ਮੱਧ ਵਿੱਚ ਇੱਕ ਬਰਸਾਤੀ ਰਾਤ ਨੂੰ ਆਪਣੇ ਜਾਲ ਤੋਂ ਉਲਟਾ ਲਟਕਦਾ ਹੈ ਅਤੇ ਮੈਰੀ ਜੇਨ ਨੂੰ ਚੁੰਮਦਾ ਹੈ।

ਸਿੰਗਿੰਗ ਇਨ ਦ ਰੇਨ (1952): ਮੀਂਹ ਨੂੰ ਆਮ ਤੌਰ 'ਤੇ ਉਦਾਸੀ ਦੇ ਰੂਪਕ ਵਜੋਂ ਵਰਤਿਆ ਜਾ ਸਕਦਾ ਹੈ, ਪਰ 1952 ਦੇ ਇਸ ਸੰਗੀਤਕ ਵਿੱਚ ਨਹੀਂ। 'ਸਿੰਗਿੰਗ ਇਨ ਦ ਰੇਨ' ਸਭ ਤੋਂ ਹਸੀਨ ਮੀਂਹ ਦੇ ਦ੍ਰਿਸ਼ਾਂ ਵਿੱਚੋਂ ਇੱਕ ਹੈ, ਜੋ ਕਦੇ ਸਿਲਵਰ ਸਕਰੀਨ 'ਤੇ ਉੱਕਰੇ ਗਏ ਹਨ। ਕੈਥੀ ਸੇਲਡਨ (ਡੇਬੀ ਰੇਨੋਲਡਜ਼) ਨੂੰ ਗੁਡ ਨਾਈਟ ਕਿਸ ਕਰਨ ਤੋਂ ਬਾਅਦ, ਡੌਨ ਲਾਕਵੁੱਡ (ਜੀਨ ਕੈਲੀ) ਮੀਂਹ ਦੇ ਤੂਫਾਨ ਦੌਰਾਨ ਚਿੱਕੜ ਦੇ ਟੋਇਆਂ ਵਿੱਚ ਟਪੂਸੀਆਂ ਮਾਰਦਾ ਹੋਇਆ ਖੁਸ਼ੀ ਨਾਲ ਗਲੀ ਵਿੱਚ ਨੱਚਦਾ ਹੈ। ਪਰ ਇਹ ਸਿਰਫ਼ ਮੀਂਹ ਹੀ ਨਹੀਂ ਹੈ ਜੋ ਇਸ ਦ੍ਰਿਸ਼ ਨੂੰ ਜ਼ਿੰਦਾ ਕਰਦਾ ਹੈ, ਸਗੋਂ 1929 ਵਿੱਚ ਲਿਖਿਆ ਗਿਆ ਵਿੰਟੇਜ ਇਲੈਕਟ੍ਰੋਨਿਕ ਨੰਬਰ ਵੀ ਹੈ ਜੋ ਬੈਕਗ੍ਰਾਊਂਡ ਵਿੱਚ ਸੁਣਾਈ ਦਿੰਦਾ ਹੈ।

ਸ਼ੌਸ਼ਾਂਕ ਰੀਡੈਂਪਸ਼ਨ (Shawshank Redem-piton-1994): ਬਹੁਤ ਸਾਰੀਆਂ ਚੰਗੀਆਂ ਫਿਲਮਾਂ ਹੋ ਸਕਦੀਆਂ ਹਨ ਜੋ ਸਾਨੂੰ ਉਤਸ਼ਾਹਿਤ ਅਤੇ ਮੁੜ ਸੁਰਜੀਤ ਮਹਿਸੂਸ ਕਰਦੀਆਂ ਹਨ, ਪਰ ਫ੍ਰੈਂਕ ਡਾਰਬੋਂਟ ਦੀ ਮਹਾਨ ਰਚਨਾ, 'ਦ ਸ਼ੌਸ਼ਾਂਕ ਰੀਡੈਂਪਸ਼ਨ' ਬਾਰੇ ਕੁਝ ਖਾਸ ਹੈ। ਜਦੋਂ ਐਂਡੀ ਡੂਫ੍ਰੇਸਨੇ (ਟਿਮ ਰੌਬਿਨਸ) ਸ਼ੌਸ਼ਾਂਕ ਜੇਲ੍ਹ ਤੋਂ ਬਾਹਰ ਨਿਕਲਣ ਦਾ ਰਸਤਾ ਲੱਭ ਲੈਂਦਾ ਹੈ, ਤਾਂ ਉਸ ਦਾ ਭਾਰੀ ਮੀਂਹ ਸਵਾਗਤ ਕਰਦਾ ਹੈ। ਉਹ ਉੱਪਰ ਵੱਲ ਵੇਖਦਾ ਹੈ ਅਤੇ ਆਪਣੀਆਂ ਬਾਹਾਂ ਚੁੱਕਦਾ ਹੈ, ਮੀਂਹ ਨੂੰ ਆਪਣੇ ਸਾਰੇ ਪਾਸੇ ਧੋਣ ਦਿੰਦਾ ਹੈ- ਇਹ ਪਲ ਫਿਲਮਾਂ ਵਿੱਚ ਕੈਪਚਰ ਕੀਤੇ ਗਏ ਸਭ ਤੋਂ ਮਸ਼ਹੂਰ ਮੀਂਹ ਦੇ ਦ੍ਰਿਸ਼ਾਂ ਵਿੱਚੋਂ ਇੱਕ ਹੈ। ਫਿਲਮ 'ਦ ਨੋਟਬੁੱਕ' (2004), ਕਦੇ ਨਾ ਭੁੱਲਣ ਵਾਲੇ ਰੋਮਾਂਸ ਦੀ ਕਹਾਣੀ ਦੱਸਦੀ ਹੈ। ਐਲੀ (ਰੈਚਲ ਮੈਕਐਡਮਸ) ਅਤੇ ਨੂਹ (ਰਿਆਨ ਗੋਸਲਿੰਗ) ਵਿਚਕਾਰ ਜਬਰਦਸਤ ਕੈਮਿਸਟਰੀ ਇਸ ਸੀਨ ਵਿੱਚ ਸਪੱਸ਼ਟ ਹੈ, ਜਿੱਥੇ ਐਲੀ ਨੂਹ ਨੂੰ ਪੁੱਛਦੀ ਹੈ ਕਿ ਉਸਨੇ ਸੱਤ ਸਾਲਾਂ ਵਿੱਚ ਉਸਨੂੰ ਕੋਈ ਖਤ ਕਿਉਂ ਨਹੀਂ ਲਿਖਿਆ। ਉਹ ਰੋਂਦੀ ਹੈ ਕਿ ਬਹੁਤ ਦੇਰ ਹੋ ਗਈ ਹੈ, ਜਦੋਂ ਉਹ ਠੋਸ ਦਲੀਲ ਦਿੰਦਾ ਹੈ, "ਮੈਂ ਤੁਹਾਨੂੰ ਇੱਕ ਸਾਲ ਤਕ ਹਰ ਰੋਜ਼ ਲਿਖਿਆ ਸੀ ਅਤੇ ਇਹ ਅਜੇ ਵੀ ਖਤਮ ਨਹੀਂ ਹੋਇਆ ਹੈ। ਸੁੱਤਾ ਪਿਆਰ ਇਕ ਵਾਰ ਫੇਰ ਉਮੜ



ਪੈਂਦਾ ਹੈ, ਦੋਨੋ ਗਲਵੱਕੜੀ ਪਾ, ਬਾਰਿਸ਼ 'ਚ ਡਾਂਸ ਕਰਦੇ ਹਨ। ਇਹ ਹੁਣ ਤੱਕ ਬਣੀਆਂ ਸਭ ਤੋਂ ਮਹਾਨ ਪ੍ਰੇਮ ਕਹਾਣੀਆਂ ਵਿੱਚੋਂ ਇੱਕ ਹੈ।

ਬਾਲੀਵੁੱਡ ਫ਼ਿਲਮਾਂ ਵਿਚ ਮੀਂਹ ਨਾਲ ਸੰਬੰਧਤ ਕੁਝ ਡਾਇਲਾਗ, ਜਿਹੜੇ 'ਬਾਰੀਸ਼ਵਾਲੀ' ਭਾਵਨਾ ਦਾ ਪ੍ਰਗਟਾਵਾ ਕਰਦੇ ਹਨ: ਫਿਲਮ 'ਰਾਜ਼': 'ਸ਼ਾਮ ਹੈ, ਬਾਰਿਸ਼ ਹੈ, ਪਿਆਰ ਕਾ ਮੌਸਮ ਹੈ; ਆਗ ਹੈ, ਤੜਪ ਹੈ, ਬੇਬਾਸੀ ਕਾ ਆਲਮ ਹੈ, ਕਹਿ ਲੈਣ ਦੇ ਅੱਜ ਕੁਛ ਬਿਛੁੜੇ ਹੁਏ ਮੀਤ ਕੋ' ਅਤੇ 'ਕਬਸੇ ਇਸ ਪਿਆਸੀ ਜ਼ਮੀਂ ਪੇ ਬਾਰਿਸ਼ ਕੀ ਏਕ ਬੂੰਦ ਤਕ ਨਹੀਂ ਗਿਰੀ, ਪਰ ਆਜ ਯਹਾਂ ਤੁਫਾਨ ਆਏਗਾ'। ਫਿਲਮ 'ਹਮਕੋ ਦੀਵਾਨਾ ਕਰ ਗਏ': 'ਕਹਤੇ ਹੈਂ ਬਾਰਿਸ਼ ਕੇ ਬਾਦ ਕੀ ਧੂਪ ਬਹੂਤ ਖ਼ੂਬਸੂਰਤ ਹੋਤੀ ਹੈ'। ਫਿਲਮ 'ਨਮਕ ਹਰਾਮ': 'ਬਾਰਿਸ਼ ਕੀ ਬੂੰਦੋਂ ਸੇ ਡਰਨੇ ਵਾਲੇ ਤੂਫਾਨ ਕਾ ਮੁਕਾਬਲਾ ਨਹੀਂ ਕਰ ਸਕਤੇ'। ਫਿਲਮ 'ਅਬ ਤੁਮਹਾਰੇ ਹਵਾਲੇ ਵਤਨ ਸਾਥੀਓ 'ਅਬ ਕੇ ਸਾਵਨ ਮੈਂ ਯੇ ਸ਼ਰਾਰਤ ਹਮਾਰੇ ਸਾਥ ਹੂਈ, ਹਮਾਰਾ ਘਰ ਛੋੜ ਕਰ ਸਾਰੇ ਸ਼ਹਿਰ ਮੇਂ ਬਰਸਾਤ ਹੁਈ। ਫਿਲਮ 'ਬਾਗੀ' ਅਗਰ ਤੇਰਾ ਮੇਰਾ ਕੋਈ ਕੁਨੈਕਸ਼ਨ ਹੈ, ਤਾਂ ਅੱਗਲੀ ਬਾਰ ਜਬ ਬਾਰਿਸ਼ ਹੋਗੀ, ਹਮ ਆਪਨੇ ਆਪ ਮਿਲ ਜਾਏਂਗੇ'।

ਫਿਲਮ 'ਸ਼ੂਟਆਉਟ ਏਟ ਵਡਾਲਾ':- 'ਫ਼ਸਲ ਬਰਸਾਤ ਸੇ ਉਗਤੀ ਹੈ, ਬਾਦਲ ਕੇ ਗਰਜਨੇ ਸੇ ਨਹੀਂ'। ਫਿਲਮ 'ਗਦਰ- ਏਕ ਪ੍ਰੇਮ ਕਥਾ': 'ਬਰਸਾਤ ਸੇ ਬਚਨੇ ਕੀ ਹੈਸੀਅਤ ਨਹੀਂ, ਔਰ ਗੋਲੀ ਬਾਰੀ ਕੀ ਬਾਤ ਕਰ ਰਿਹੇ ਹੈ ਆਪ ਲੋਗ'। ਫਿਲਮ 'ਵੇਕ ਅੱਪ ਸਿਡ' (2009): 'ਅਭੀ ਕੁਛ ਦਿਨੋਂ ਕੀ ਧੂਪ ਹੈ, ਫਿਰ ਬਰਸਾਤ ਹੋਗੀ' ਨਿਰੰਜਨ ਅਯੰਗਰ ਦਾ ਇਹ ਡਾਇਲਾਗ ਤੁਹਾਨੂੰ ਅਚੇਤ ਤੌਰ 'ਤੇ ਬਾਰਿਸ਼ ਹੋਣ ਦੀ ਉਮੀਦ ਨਾਲ ਜੋੜ ਦਿੰਦਾ ਹੈ।

ਮੀਂਹ ਨਾਲ ਭਿੱਜੀ ਸਾੜੀ ਲਈ ਬਾਲੀਵੁੱਡ ਦਾ ਪਿਆਰ: ਬਾਰਿਸ਼, ਆਦਮੀ ਲਈ ਗਜਾਂ ਲੰਮੀ ਗੀਲੀ ਰੇਸ਼ਮ ਦੀ ਸਾੜੀ ਵਿੱਚ ਭਿੱਜੀ ਹੀਰੋਇਨ ਦੀ ਸਿਰਫ ਸ਼ਕਲ ਸੂਰਤ/ ਦਿੱਖ ਲਈ ਨਹੀਂ, ਸਗੋਂ ਇਹ ਖੁਦ ਹੀਰੋਇਨ ਲਈ ਇੱਕ ਉਤੇਜਨਾਪੂਰਨ ਅਨੁਭਵ ਹੈ। 'ਕਾਟੇ ਨਹੀਂ ਕਟਤੇ' ਤੋਂ ਲੈਕੇ 'ਟਿਪ ਟਿਪ ਬਰਸਾ ਪਾਨੀ ਤੱਕ', ਅਭਿਨੇਤਰੀਆਂ ਨੇ ਆਪਣੇ ਜਿਸਮ 'ਤੇ ਪਈਆਂ ਮੀਂਹ ਦੀਆਂ ਬੌਛਾਰਾਂ ਦੇ ਹੇਠਾਂ ਆਪਣੀ ਸੰਵੇਦਨਾ ਨੂੰ ਲੱਭਿਆ ਹੈ। ਇੱਥੇ, ਬਾਰਿਸ਼ ਇੱਕ ਦੋਸਤ ਅਤੇ ਇੱਕ ਸਹਿਯੋਗੀ ਬਣ ਗਈ ਜੋ ਅਭਿਨੇਤਰੀ ਨੂੰ ਰੂੜੀਵਾਦੀ ਸਮਾਜ ਦੀਆਂ ਪ੍ਰੰਪਰਾਵਾਂ ਨੂੰ ਤੋੜਨ ਅਤੇ ਉਸਦੇ ਸਿਖਰ ਤੱਕ ਪਹੁੰਚਣ ਵਿੱਚ ਮਦਦ ਕਰਦੀ ਹੈ। ਅੱਜ ਜਦੋਂ ਫ਼ਿਲਮੀ ਸੈਕਸ ਸੀਨਾਂ ਦੀ ਭਰਮਾਰ ਹੈ, ਫੇਰ ਵੀ ਮੀਂਹ ਨਾਲ ਭਿੱਜੀ ਸਾੜੀ 'ਚ ਹੀਰੋਇਨ ਨੂੰ ਵੇਖਣ ਦਾ ਆਕਰਸ਼ਣ ਅਜੇ ਵੀ ਨਹੀਂ ਘਟਿਆ।

ਇਹ ਇੱਕ ਟ੍ਰੀਟ ਜਿਸ ਨੇ ਦਰਸ਼ਕਾਂ ਦੀ ਲਾਲਸਾ ਨੂੰ ਹੋਰ ਵੀ ਵਧਾ ਦਿੱਤਾ ਹੈ। ਫਿਲਮ ਨਿਰਮਾਤਾ ਦਰਸ਼ਕਾਂ ਦੀਆਂ ਜਿਨਸੀ ਇੱਛਾਵਾਂ ਨੂੰ ਭੜਕਾਉਣ ਲਈ, ਮੀਂਹ 'ਚ ਭਿੱਜੀ ਅਭਿਨੇਤਰੀ ਦੀ ਪਾਰਦਰਸ਼ੀ ਸਾੜ੍ਹੀਆਂ ਦੀ ਨੁਮਾਇਸ਼ ਲਾ ਦਿੰਦੇ ਹਨ। ਸ਼ਿਫੋਨ, ਬਰਸਾਤ ਦੇ ਗੀਤਾਂ ਲਈ ਐਨੀ ਹੀ ਲਾਜ਼ਮੀ ਹੈ ਜਿਨ੍ਹਾਂ ਕਿ ਸਵਿਟਜ਼ਰਲੈਂਡ ਯਸ਼ ਚੋਪੜਾ ਦੇ ਰੋਮਾਂਟਿਕ ਡਰਾਮਿਆਂ ਲਈ ਹੈ। ਫਿਲਮ 'ਰੋਟੀ ਕੱਪੜਾ ਔਰ ਮਕਾਨ' (1974) ਦਾ ਕਾਮੁਕ ਗੀਤ' ਹਾਏ ਹਾਏ ਯੇ ਮਜਬੂਰੀ', ਬਾਰਿਸ਼ ਦੇ ਰੋਮਾਂਟਿਕ ਮੌਸਮ ਵਿੱਚ ਇੱਕ ਤਰ੍ਹਾਂ ਦਾ ਵਿਰਾਹਾ ਜੋ ਬੇਵਸੀ ਤੋਂ ਆਉਂਦਾ ਹੈ। ਜ਼ੀਨਤ ਅਮਾਨ, ਮੀਂਹ 'ਚ ਭਿੱਜੀ ਸਾੜੀ ਨਾਲ ਡਾਂਸ ਕਰਦੀ ਅਤੇ ਗਾਉਂਦੀ ਹੋਈ ਬਹੁਤ ਕਾਮੁਕ ਨਜ਼ਰ ਆਉਂਦੀ ਹੈ। ਫਿਲਮ 'ਦੋ ਰਾਸਤੇ' (1969) ਦੇ ਮੀਂਹ ਗੀਤ 'ਛੁਪ ਗਏ ਸਾਰੇ ਨਜ਼ਾਰੇ' ਵਿਚ ਚੂੜੀਦਾਰ ਪੀਲੇ ਸੂਟ ਵਿਚ ਭਿੱਜੀ ਹੋਈ ਮੁਮਤਾਜ਼ ਦਾ ਹੁਸਨ ਡੁਲ੍ਹ ਡੁਲ੍ਹ ਜਾਂਦਾ ਐ। ਫਿਲਮ ਰੋਟੀ(1974) ਦੇ ਗੀਤ 'ਗੋਰੇ ਰੰਗ ਤੇ ਨਾ ਇਤਨਾ ਗੁਮਾਨ ਕਰ' ਵਿਚ ਰਾਜੇਸ਼ ਖੰਨਾ ਆਪਣੇ ਅਜੋਖੇ ਅੰਦਾਜ਼ ਨਾਲ ਨੱਚਦੇ ਹਨ, ਜਦਕਿ ਮੁਮਤਾਜ਼ ਨਾਰੰਗੀ ਕੱਪੜੇ ਪਾਕੇ, ਹਾਲੈਂਡ ਦੀ ਬ੍ਰਾਂਡ-ਅੰਬੈਸਡਰ ਦਿੱਖਦੀ ਹੈ। ਫਿਲਮ ਪ੍ਰੇਮ ਕਹਾਣੀ (1975) ਦੇ ਬਾਰਿਸ਼ ਗੀਤ 'ਇਕ ਲੜਕਾ ਹੋਤਾ ਹੈ' ਵਿਚ ਮੁਮਤਾਜ਼ ਨੇ ਆਪਣੇ ਮਨਪਸੰਦ ਨਾਰੰਗੀ ਰੰਗ ਦੀ ਡ੍ਰੇਸ ਨਹੀਂ ਪਾਈ ਸੀ ਸਗੋਂ ਬਦਲਾਅ ਲਈ ਉਹ ਇੱਕ ਗੁਲਾਬੀ ਸਾੜੀ 'ਚ ਦਿਖਾਈ ਦਿੰਦੀ ਹੈ।

ਟਿਪ ਟਿਪ ਬਰਸਾ ਪਾਣੀ- ਮੋਹਰਾ (1994): 'ਟਿਪ ਟਿਪ ਬਰਸਾ ਪਾਣੀ' ਸੈਕਸੀ ਸ਼ਬਦ ਨੂੰ ਮੁੜ ਪਰਿਭਾਸ਼ਿਤ ਕਰਦਾ ਹੈ। ਪੀਲੀ ਸ਼ਿਫੋਨ ਦੀ ਸਾੜੀ 'ਚ ਭਿੱਜੀ ਰਵੀਨਾ ਟੰਡਨ ਨੇ ਆਪਣੇ ਸੰਵੇਦੀ ਅਤੇ ਭਰਮਾਉਣ ਵਾਲੇ ਡਾਂਸ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ ਸੀ। ਸ਼੍ਰੀ ਦੇਵੀ ਨੇ ਬਾਰਸ਼ ਦੇ ਗਾਣਿਆਂ 'ਤੇ ਕਮਾਲ ਦੀ ਅਦਾਇਗੀ ਅਤੇ ਮਦਮਸਤ ਅਦਾਵਾਂ ਨਾਲ ਦਰਸ਼ਕਾਂ ਨੂੰ ਸੰਮੋਹਿਤ ਕੀਤਾ ਸੀ। 'ਕਾਟੇ ਨਹੀਂ ਕਟਤੇ ਯੇ ਦਿਨ ਯੇ ਰਾਤ' (ਮਿਸਟਰ ਇੰਡੀਆ) ਗੀਤ ਨੇ ਨੀਲੀ ਸ਼ਿਫੋਨ ਸਾੜ੍ਹੀ ਵਿੱਚ ਸੁਹਜਮਈ ਅਦਾਕਾਰਾ ਸ਼੍ਰੀਦੇਵੀ ਨੂੰ ਬਾਲੀਵੁੱਡ ਦਿਵਾ/ ਮੋਹਿਨੀ ਬਣਾ ਦਿੱਤਾ ਸੀ। ਜੇਕਰ ਮੁਮਤਾਜ਼ ਨੇ ਹੋਲੈਂਡ ਦੇ ਕੌਮੀ ਰੰਗ ਵਾਲੇ ਨਾਰੰਗੀ ਕੱਪੜੇ ਪਹਿਨ ਕੇ ਮੀਂਹ ਚ ਭਿੱਜਣ ਦੇ ਸੇਕ੍ਸੀ ਸੀਨ ਕੀਤੇ ਸਨ ਤਾਂ ਸ਼੍ਰੀ ਦੇਵੀ ਨੇ ਫਿਲਮ 'ਚਾਂਦਨੀ' ਵਿਚ ਬ੍ਰਾਜ਼ੀਲ ਦੇਸ਼ ਦੇ ਕੌਮੀ ਚਿੱਟੇ ਰੰਗ ਦੀ ਸਾੜੀ ਪਹਿਣਕੇ ਵਾਰਿਸ਼ ਦੇ ਗੀਤ 'ਪਰਬਤ ਸੇ ਕਾਲੀ ਘਟਾ ਟਕਰਾਈ' ਨਾਲ ਧੁੰਮਾਂ ਪਾ ਦਿੱਤੀਆਂ ਸਨ।

ਮੀਂਹ ਨਾ ਸਿਰਫ਼ ਰੋਮਾਂਸ ਦਾ ਪ੍ਰਤੀਕ ਹੈ, ਸਗੋਂ ਸੁਤੰਤਰਤਾ ਅਤੇ ਨਿਰਵਿਘਨਤਾ ਦਾ ਵੀ ਪ੍ਰਤੀਕ ਹੈ। ਮੀਂਹ, ਫਿਲਮਾਂ ਨੂੰ ਸੰਪੂਰਨਤਾ, ਸੁੰਦਰਤਾ ਅਤੇ ਅੰਤਮ ਕਲਪਨਾ ਦੇਣ ਲਈ ਇੱਕ ਗੇਟਵੇ ਵਜੋਂ ਜਾਣਿਆ ਜਾਂਦਾ ਹੈ। ਭਾਵੇਂ ਹਾਲੀਵੁੱਡ ਨੂੰ ਆਪਣੀ ਫਿਲਮ 'ਸਿੰਗਿੰਗ ਇਨ ਦਾ ਰੇਨ' ਦਾ ਮਾਨ ਹੈ, ਪਰ ਬਾਲੀਵੁਡ ਵਿਚ ਬਾਰਿਸ਼ ਦੇ ਜੋਸ਼ੀਲੇ ਰੋਮਾਂਸ ਦਾ ਕੋਈ ਮੇਲ ਨਹੀਂ।


# ਇੰਜੀਨੀਅਰ ਦਿਮਾਗ ਵਾਲੇ ਸ੍ਰ. ਅਮਰਜੀਤ ਸਿੰਘ ਜੱਸਲ ਅਤੇ ਸ੍ਰੀਮਤੀ ਸੁਰਿੰਦਰ ਕੌਰ 45 ਵੀਂ ਵਿਆਹ ਵਰ੍ਹੇਗੰਢ ਮਨਾਉਣ ਵਾਲੀ ਜੋੜੀ



ਮੇਜਰ ਸਿੰਘ ਨਾਭਾ
91-94635-53962

ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦੇ ਇਰਾਦਿਆਂ ਨੂੰ ਕੋਈ ਮੁਸ਼ਕਿਲ ਰੋਕ ਨਹੀਂ ਸਕਦੀ।ਇਹੋ ਜਿਹੇ ਹੀ ਦ੍ਰਿੜ ਇਰਾਦੇ ਵਾਲੇ ਇਨਸਾਨ ਹਨ ਸ. ਅਮਰਜੀਤ ਸਿੰਘ ਜੱਸਲ ਜਿਨ੍ਹਾਂ ਨੇ ਪੰਜਾਬ ਦੀ ਰਾਜਧਾਨੀ ਵਿਖੇ ਕਿਰਾਏ ਦੇ ਮਕਾਨ ਤੋਂ ਸਫਰ ਸੁਰੂ ਕਰਕੇ ਆਪਣੇ ਪਰਿਵਾਰ ਦੇ ਵੱਡੇ ਸਹਿਯੋਗ ਨਾਲ ਚੰਡੀਗੜ੍ਹ ਨੇੜੇ ਮਨੀਮਾਜਰਾ ਵਿਖੇ ਆਪਣਾ ਰੈਣ ਬਸੇਰਾ ਬਣਾ ਲਿਆ , ਸੱਚਮੁੱਚ ਥੋੜਾ ਪੜ੍ਹੇ , ਪੇਂਡੂ ਪਿਛੋਕੜ ਵਾਲੇ ਇਸ ਇਨਸਾਨ ਦੀ ਉੱਚੀ ਸੋਚ ਅਤੇ ਕੀਤੀ ਸਖਤ ਮਿਹਨਤ ਲਈ ਦਾਦ ਦੇਣੀ ਬਣਦੀ ਹੈ। ਉਨ੍ਹਾਂ ਦਾ ਜਨਮ ਧਾਰਮਿਕ ਬਿਰਤੀ ਵਾਲੇ ਇਮਾਨਦਾਰ ਕਿਰਤੀ ਪਿਤਾ ਸ੍ਰ. ਬਾਬੂ ਸਿੰਘ ਜੱਸਲ ਦੇ ਘਰ ਮਾਤਾ ਸਰਦਾਰਨੀ ਨਸੀਬ ਕੌਰ ਦੀ ਕੁੱਖੋਂ ਪਿੰਡ ਮੰਨਵੀ (ਸੰਗਰੂਰ) ਵਿਖੇ ਹੋਇਆ ।ਆਰਥਿਕ ਮਜਬੂਰੀ ਕਾਰਨ ਛੋਟੀ ਉਮਰੇ ਉਹ ਆਪਣੇ ਵੱਡੇ ਭਰਾ ਸ. ਸੰਤੋਖ ਸਿੰਘ ਕੋਲ ਦਿੱਲੀ ਵਿਖੇ ਵੀ ਕੁਝ ਸਮਾਂ ਰਹੇ , ਜੋ ਉਥੇ ਆਪਣਾ ਸਿਲਾਈ ਦਾ ਕੰਮ ਕਰਨ ਲਈ ਚਲੇ ਗਏ ਸਨ ।ਕਦੇ ਪਿੰਡ, ਕਦੇ ਦਿੱਲੀ , ਕਦੇ ਚੰਡੀਗੜ੍ਹ ਜਾਣ ਕਾਰਨ ਉਹ ਪੜ੍ਹਾਈ ਸਿਰਫ ਪ੍ਰਾਇਮਰੀ ਤੱਕ ਹੀ ਕਰ ਸਕੇ।

ਸ. ਸੰਤੋਖ ਸਿੰਘ ਜੱਸਲ ਨੇ 1964 'ਚ ਚੰਡੀਗੜ੍ਹ ਆ ਗਏ ਅਤੇ ਥੋੜੇ ਸਮੇਂ ਬਾਅਦ ਆਪਣੀ ਸਿਲਾਈ ਦੀ ਦੁਕਾਨ 'ਜੱਸਲ ਟੇਲਰਜ਼' ਦੇ ਨਾਂ ਕਰ ਲਈ ।ਪਿੰਡੋ ਆ ਕੇ ਅਮਰਜੀਤ ਸਿੰਘ ਜੱਸਲ ਅਤੇ ਵੱਡੇ ਭਰਾ ਰਾਮ ਸਿੰਘ ਜੱਸਲ ਨੇ ਵੀ ਇਥੇ ਵੱਡੇ ਭਰਾ ਕੋਲ ਸਿਲਾਈ ਦਾ ਕੰਮ ਸਿੱਖ ਲਿਆ। ਇਥੇ ਰਹਿੰਦੇ ਹੀ ਵੱਡੇ ਭਰਾ ਰਾਮ ਸਿੰਘ ਜੱਸਲ ਦਾ ਵਿਆਹ ਪਿੰਡ ਪਵਾਤ (ਰੋਪੜ ) ਦੇ ਸ਼੍ਰੀ ਲਾਲ ਜੀ ਦਾਸ ਦੀ ਬੇਟੀ ਰਾਜ ਦੁਲਾਰੀ ਨਾਲ 1972 ਵਿੱਚ ਹੋ ਗਿਆ।ਇਸੇ ਰਿਸ਼ਤੇ ਸਦਕਾ ਸ੍ਰੀਮਤੀ ਰਾਜ ਦੁਲਾਰੀ ਦੀ ਭੈਣ ਸੁਰਿੰਦਰ ਕੌਰ ਨਾਲ ਅਮਰਜੀਤ ਸਿੰਘ ਜੱਸਲ ਦੀ ਸ਼ਾਦੀ ਹੋ ਗਈ । ਇਨ੍ਹਾਂ ਦੇ ਘਰ ਬੇਟੀ ਗੁਰਜੀਤ ਕੌਰ ਅਤੇ ਬੇਟੇ ਸੁਖਵੀਰ ਸਿੰਘ (ਮੋਨੂੰ) ਨੇ ਜਨਮ ਲਿਆ। ਉਨ੍ਹਾਂ ਨੇ ਕਈ ਸਾਲ ਚੰਡੀਗੜ੍ਹ ਹੋਰ ਸਿਲਾਈ ਦੀਆਂ ਦੁਕਾਨਾਂ ਤੇ ਕਾਰੀਗਰੀ ਵੀ ਕੀਤੀ। ਸ. ਅਮਰਜੀਤ ਸਿੰਘ ਜੱਸਲ ਨੇ ਥੋੜ੍ਹੇ ਥੋੜ੍ਹੇ ਪੈਸੇ ਜੌੜ



ਕੇ ਮਨੀਮਾਜਰਾ ਵਿਖੇ ਤਿੰਨ ਮੰਜ਼ਲਾ ਮਕਾਨ ਬਣਾ ਲਿਆ। ਉਨ੍ਹਾਂ ਨੇ ਆਪਣੇ ਵੱਡੇ ਭਰਾ ਰਾਮ ਸਿੰਘ ਜੱਸਲ ਨਾਲ ਰਲ ਕੇ ਸੈਕਟਰ 7-ਸੀ ਵਿਖੇ 1981 ਵਿੱਚ ਕਿਰਾਏ ਦੀ ਦੁਕਾਨ ਲੈ ਕੇ 'ਰਾਮਸੰਨਜ਼ ਟੇਲਰਜ਼' ਨਾਂ ਦੀ ਦੁਕਾਨ ਕਰ ਲਈ ਸੀ। ਉਹ ਟੇਲਰਿੰਗ ਦੇ ਕੰਮ ਵਿੱਚ ਨਿਪੁੰਨ ਸਨ, ਇਸੇ ਕਰਕੇ ਉਨ੍ਹਾਂ ਦੇ ਉੱਚੇ ਅਹੁਦੇ ਵਾਲੇ ਗਾਹਕਾਂ ਨਾਲ ਵਧੀਆ ਸਬੰਧ ਰਹੇ ਹਨ। ਉਨ੍ਹਾਂ ਇਥੇ ਸਖਤ ਮਿਹਨਤ ਕਰਕੇ ਜੀਵਨ ਦੀ ਵੱਡੀ ਪ੍ਰਾਪਤੀ ਹੈ। ਉਨ੍ਹਾਂ ਦਾ ਸੁਭਾਅ ਮਿਲਣਸਾਰ ਹੈ। ਉਹ ਦਫਤਰੀ ਕੰਮ ਕਰਵਾਉਣ ਲਈ ਝਿਜਕਦੇ ਨਹੀਂ ਹਨ, ਕਿਉਂ ਕਿ ਉਨ੍ਹਾਂ ਨੂੰ ਗੱਲਬਾਤ ਕਰਨ ਦਾ ਸਲੀਕਾ ਹੈ। ਉਨ੍ਹਾਂ ਅੰਦਰ ਨਿਮਰਤਾ, ਹਲੀਮੀ ਨਾਲ ਗੱਲਬਾਤ ਕਰਨ ਅਤੇ ਇਮਾਨਦਾਰੀ ਦੇ ਗੁਣ ਉਨ੍ਹਾਂ ਦੀ ਜ਼ਿੰਦਗੀ ਵਿੱਚ ਸਫਲਤਾ ਲਈ ਅਹਿਮ ਰਹੇ ਹਨ। ਉਹ ਭਾਵੇਂ ਸਾਦਗੀ ਨਾਲ ਰਹਿੰਦੇ ਹਨ ਅਤੇ ਘੱਟ ਪੜ੍ਹੇ ਲਿਖੇ ਹਨ ਪਰ ਉਨ੍ਹਾਂ ਦੀ ਸ਼ਖਸ਼ੀਅਤ ਕਿਸੇ ਪੜ੍ਹੇ ਲਿਖੇ ਵਿਅਕਤੀ ਤੋਂ ਘੱਟ ਨਹੀਂ ਲਗਦੀ। ਉਨ੍ਹਾਂ ਨੇ ਸਰਕਾਰੀ ਮੁਲਾਜ਼ਮਾਂ ਵਾਂਗ ਆਪਣੇ ਆਪ ਨੂੰ ਸੇਵਾ ਮੁਕਤ ਰੱਖ ਕੇ ਸਮਾਜ ਨੂੰ ਵਧੀਆ ਸ਼ੰਦੇਸ਼ ਦਿੱਤਾ ਹੈ।ਬਹੁਤ ਸਾਰੇ ਉਨ੍ਹਾਂ ਦੇ ਸਾਥੀ ਉਨ੍ਹਾਂ ਦੇ ਗਿਆਨ-ਪੂਰਵਕ ਗੱਲ੍ਹਾਂ ਸੁਣ ਕੇ ਪ੍ਰਭਾਵਿਤ ਤਾਂ ਹੁੰਦੇ ਹੀ ਹਨ ਸਗੋਂ ਨਵੇਂ ਸਾਥੀ ਉਨ੍ਹਾਂ ਨੂੰ ਸੇਵਾ ਮੁਕਤ ਮੁਲਾਜ਼ਮ ਸਮਝਦੇ ਹਨ।ਅਸਲ 'ਚ ਉਹ ਹਰੇਕ ਕੰਮ ਨੂੰ ਭਵਿੱਖਤ ਲੋੜਾਂ ਅਨੁਸਾਰ ਕਰਵਾਉਣ ਲਈ ਮਾਹਿਰ ਹਨ, ਉਨ੍ਹਾਂ ਦਾ ਦਿਮਾਗ ਇੱਕ ਇੰਜਨੀਅਰ ਤੋਂ ਘੱਟ ਨਹੀਂ।ਜ਼ਿੰਦਗੀ ਦੀਆਂ ਮਾੜੀ ਮੋਟੀਆਂ ਮੁਸੀਬਤਾਂ ਦੇ ਬਾਵਜੂਦ ਉਹ ਹਮੇਸ਼ਾ ਚੜ੍ਹਦੀਕਲਾ 'ਚ ਰਹਿੰਦੇ ਹਨ।

ਸ. ਅਮਰਜੀਤ ਸਿੰਘ ਜੱਸਲ ਆਪਣੀ ਸੁਪਤਨੀ ਸ਼੍ਰੀਮਤੀ ਸੁਰਿੰਦਰ ਕੌਰ ਨਾਲ ਬੜੇ ਹੀ ਵਧੀਆ ਸਲੀਕੇ ਨਾਲ ਤਕਰੀਬਨ ਅੱਧੀ ਸਦੀ ਨੇੜੇ ਪੁੱਜ ਕੇ ਆਪਣੇ ਵਿਆਹ ਦੀ 45 ਵੀਂ ਵਿਆਹ ਵਰ੍ਹੇਗੰਢ 25 ਸਤੰਬਰ 2022 ਨੂੰ ਮਨਾ ਰਹੇ ਹਨ। ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਦਾ ਬੇਟਾ ਸੁਖਵੀਰ ਸਿੰਘ ਜੱਸਲ ਆਪਣੀ ਪਤਨੀ ਅਨੀਤਾ ਜੱਸਲ ਅਤੇ ਬੇਟੀ ਮੁਨੀਸ਼ਾ ਜੱਸਲ ਉਨ੍ਹਾਂ ਨਾਲ ਮਨੀਮਾਜਰਾ ਵਿਖੇ ਰਹਿ ਰਹੇ ਹਨ। ਉਨ੍ਹਾਂ ਦੀ ਬੇਟੀ ਗੁਰਜੀਤ ਕੌਰ ਆਪਣੇ ਪਤੀ ਜਸਪਾਲ ਸਿੰਘ ਮੋਹਲ ਅਤੇ ਦੋ ਬੇਟਿਆਂ ਨਾਲ ਪਟਿਆਲਾ ਵਿਖੇ ਰਹਿ ਰਹੀ ਹੈ।ਇਸ ਸ਼ੁਭਾਗੀ ਜੋੜੀ ਨੂੰ ਇਸ ਸ਼ੁਭ ਮੌਕੇ ਮੁਬਾਰਕਾਂ ਦਿੰਦੇ ਹੋਏ ਉਨ੍ਹਾਂ ਦੇ ਉੱਜਲੇ ਭਵਿੱਖ ਦੀ ਕਾਮਨਾ ਕਰਦੇ ਹਾਂ। ਪ੍ਰਮਾਤਮਾ ਉਨ੍ਹਾਂ ਨੂੰ ਲੰਮੀ ਉਮਰ ਅਤੇ ਤੰਦਰੁਸਤੀ ਬਖ਼ਸ਼ੇ!

# ਕਾਂਗਰਸ ਦੀ ਪ੍ਰਧਾਨਗੀ ਲਈ ਚੋਣ ਨੇੜੇ ਆਉਂਦਿਆਂ ਹੀ ਉੱਭਰਨ ਲੱਗੀਆਂ ਕਈ ਕਿਆਸਅਰਾਈਆਂ

ਕਾਂਗਰਸ ਦੇ ਪ੍ਰਧਾਨ ਲਈ ਚੋਣ ਦਾ ਸਮਾਂ ਜਿਉਂ-ਜਿਉਂ ਨੇੜੇ ਆਉਂਦਾ ਜਾ ਰਿਹਾ ਹੈ, ਤਿਉਂ-ਤਿਉਂ ਪਾਰਟੀ ਦੀਆਂ ਸੂਬਾ ਇਕਾਈਆਂ 'ਚ ਇਸ ਸਬੰਧੀ ਮਤੇ ਪਾਸ ਕਰਨ ਦੀ ਹੋੜ ਮਚੀ ਹੋਈ ਹੈ ਕਿ ਰਾਹੁਲ ਗਾਂਧੀ ਨੂੰ ਹੀ ਫਿਰ ਤੋਂ ਪ੍ਰਧਾਨ ਬਣਨਾ ਚਾਹੀਦਾ ਹੈ। ਹੁਣ ਤਕ ਲਗਭਗ ਅੱਠ ਸੂਬਾਈ ਕਾਂਗਰਸ ਕਮੇਟੀਆਂ ਅਜਿਹੇ ਮਤੇ ਪਾਸ ਕਰ ਚੁੱਕੀਆਂ ਹਨ। ਇਨ੍ਹਾਂ ਕਮੇਟੀਆਂ ਨੇ ਹੋਰ ਸੂਬਿਆਂ ਦੇ ਕਾਂਗਰਸੀ ਆਗੂਆਂ 'ਤੇ ਇਹ ਦਬਾਅ ਵਧਾ ਦਿੱਤਾ ਹੈ ਕਿ ਉਹ ਵੀ ਅਜਿਹੇ ਹੀ ਮਤੇ ਪਾਸ ਕਰਨ। ਜੇ ਅਜਿਹਾ ਹੀ ਹੋਵੇ ਤਾਂ ਹੈਰਾਨੀ ਨਹੀਂ ਕਿਉਂਕਿ ਮੌਜੂਦਾ ਮਾਹੌਲ 'ਚ ਕਿਸੇ ਸੂਬਾਈ ਕਾਂਗਰਸ ਕਮੇਟੀ ਲਈ ਵੱਖਰੇ ਰਾਹ 'ਤੇ ਚੱਲਣਾ ਸੰਭਵ ਨਹੀਂ ਦਿਸਦਾ। ਕੋਈ ਸੂਬਾਈ ਕਾਂਗਰਸ ਕਮੇਟੀ ਇਹ ਕਹਿਣ ਦੀ ਹਿੰਮਤ ਸ਼ਾਇਦ ਹੀ ਜੁਟਾ ਸਕੇ ਕਿ ਪਾਰਟੀ ਦੀ ਕਮਾਨ ਗਾਂਧੀ ਪਰਿਵਾਰ ਤੋਂ ਬਾਹਰ ਦੇ ਆਗੂ ਨੂੰ ਮਿਲਣੀ ਚਾਹੀਦੀ ਹੈ। ਇਹ ਸਥਿਤੀ ਇਸ ਲਈ ਬਣ ਰਹੀ ਹੈ ਕਿਉਂਕਿ ਭਾਰਤ ਜੋੜੋ ਯਾਤਰਾ ਦੌਰਾਨ ਰਾਹੁਲ ਗਾਂਧੀ ਨੇ ਪ੍ਰਧਾਨ ਬਣਨ ਦੇ ਸਵਾਲ 'ਤੇ ਗੋਲਮੋਲ ਜਵਾਬ ਦਿੱਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਮੈਂ ਕਾਂਗਰਸ ਦਾ ਪ੍ਰਧਾਨ ਬਣਾਂਗਾ ਜਾਂ ਨਹੀਂ, ਇਹ ਉਦੋਂ ਸਪੱਸ਼ਟ ਹੋ ਜਾਵੇਗਾ, ਜਦੋਂ ਪ੍ਰਧਾਨ ਦੇ ਅਹੁਦੇ ਲਈ ਚੋਣਾਂ ਹੋਣਗੀਆਂ। ਮੈਂ ਤੈਅ ਕਰ ਲਿਆ ਹੈ ਕਿ ਮੈਂ ਕੀ ਕਰਾਂਗਾ ਅਤੇ ਇਸ ਨੂੰ ਲੈ ਕੇ ਮੇਰੇ ਮਨ 'ਚ ਕੋਈ ਭਰਮ ਨਹੀਂ ਹੈ। ਇਹ ਸੰਭਵ ਹੈ ਕਿ ਉਨ੍ਹਾਂ ਨੇ ਤੈਅ ਕਰ ਲਿਆ ਹੋਵੇ ਕਿ ਉਨ੍ਹਾਂ ਨੇ ਕੀ ਕਰਨਾ ਹੈ ਪਰ ਉਨ੍ਹਾਂ ਦਾ ਇਹ ਕਥਨ ਕੁਝ ਸਪੱਸ਼ਟ ਨਹੀਂ ਕਰਦਾ। ਭਾਵੇਂ ਹੀ ਇਹ ਕਿਹਾ ਜਾ ਰਿਹਾ ਹੋਵੇ ਕਿ ਸੂਬਾਈ ਕਾਂਗਰਸ ਕਮੇਟੀਆਂ



ਵੱਲੋਂ ਰਾਹੁਲ ਗਾਂਧੀ ਦੇ ਪੱਖ 'ਚ ਜੋ ਮਤੇ ਪਾਸ ਕੀਤੇ ਜਾ ਰਹੇ ਹਨ, ਉਨ੍ਹਾਂ ਦਾ ਕੋਈ ਅਰਥ ਨਹੀਂ ਹੈ ਪਰ ਸੱਚ ਇਹ ਹੈ ਕਿ ਇਨ੍ਹਾਂ ਮਤਿਆਂ ਰਾਹੀਂ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹੋ ਹੀ ਪਾਰਟੀ ਦੇ ਸਭ ਤੋਂ ਸਮਰੱਥ ਅਤੇ ਲੋਕਪ੍ਰਿਯ ਨੇਤਾ ਹਨ। ਇਕ ਸੰਦੇਸ਼ ਇਹ ਵੀ ਹੈ ਕਿ ਜੇ ਰਾਹੁਲ ਗਾਂਧੀ ਪ੍ਰਧਾਨ ਨਹੀਂ ਬਣਦੇ ਤਾਂ ਵੀ ਉਹ ਕਾਂਗਰਸ ਦੇ ਸਭ ਤੋਂ ਪ੍ਰਭਾਵਸ਼ਾਲੀ ਆਗੂ ਬਣੇ ਰਹਿਣਗੇ। ਸਵਾਲ ਇਹ ਹੈ ਕਿ ਕੀ ਕਿਸੇ ਹੋਰ ਦੇ ਪ੍ਰਧਾਨ ਬਣਨ ਨਾਲ ਉਹ ਆਜ਼ਾਦ ਤੌਰ 'ਤੇ ਫ਼ੈਸਲੇ ਕਰਨ 'ਚ ਸਮਰੱਥ ਹੋਵੇਗਾ? ਇਸ ਦੇ ਆਸਾਰ ਨਹੀਂ ਦਿਸਦੇ ਕਿਉਂਕਿ ਗਾਂਧੀ ਪਰਿਵਾਰ ਇਹੋ ਪ੍ਰਗਟਾਉਂਦਾ ਆ ਰਿਹਾ ਹੈ ਕਿ ਕਾਂਗਰਸ ਉਸ ਦੀ ਨਿੱਜੀ ਜਾਗੀਰ ਹੈ। ਇਸੇ ਕਾਰਨ ਪ੍ਰਧਾਨ ਦਾ ਅਹੁਦਾ ਛੱਡਣ ਤੋਂ ਬਾਅਦ ਵੀ ਰਾਹੁਲ ਗਾਂਧੀ ਪਾਰਟੀ ਦੇ ਸਾਰੇ ਫ਼ੈਸਲੇ ਖ਼ੁਦ ਹੀ ਕਰਦੇ ਆ ਰਹੇ ਹਨ। ਇਕ ਤਰ੍ਹਾਂ ਨਾਲ ਉਹ ਪਰਦੇ ਦੇ ਪਿੱਛਿਓਂ ਪਾਰਟੀ ਚਲਾ ਰਹੇ ਹਨ। ਇਸ 'ਚ ਸ਼ੱਕ ਹੈ ਕਿ ਗਾਂਧੀ ਪਰਿਵਾਰ ਤੋਂ ਬਾਹਰ ਦੇ ਕਿਸੇ ਆਗੂ ਦੇ ਪ੍ਰਧਾਨ ਬਣਨ ਨਾਲ ਸਥਿਤੀ 'ਚ ਤਬਦੀਲੀ ਆਵੇਗੀ। ਕਹਿਣਾ ਮੁਸ਼ਕਲ ਹੈ ਕਿ ਕਾਂਗਰਸ ਦਾ ਨਵਾਂ ਪ੍ਰਧਾਨ ਕੌਣ ਬਣੇਗਾ ਪਰ ਪਾਰਟੀ ਦੀ ਦਸ਼ਾ ਅਤੇ ਦਿਸ਼ਾ ਉਦੋਂ ਸੁਧਰੇਗੀ ਜਦੋਂ ਉਹ ਆਪਣੀ ਰੀਤੀ ਤੇ ਨੀਤੀ ਬਦਲਣ ਦੇ ਨਾਲ-ਨਾਲ ਆਮ ਜਨਤਾ ਅੱਗੇ ਆਪਣੀ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਅਤੇ ਜਨਤਾ ਨੂੰ ਆਕਰਸ਼ਿਤ ਕਰਨ ਵਾਲੀ ਕੋਈ ਠੋਸ ਚਰਚਾ ਛੇੜਨ 'ਚ ਸਮਰੱਥ ਹੋਵੇਗੀ? ਅੱਜ ਤਾਂ ਸਥਿਤੀ ਇਹ ਹੈ ਕਿ ਕਾਂਗਰਸ ਦੇ ਆਮ ਵਰਕਰ ਵੀ ਇਹ ਸਮਝਣ 'ਚ ਅਸਮਰੱਥ ਹਨ ਕਿ ਪਾਰਟੀ ਦੀ ਵਿਚਾਰਧਾਰਾ ਕੀ ਹੈ?

# ਸੱਭਿਆਚਾਰਕ ਗਾਇਕੀ ਨੂੰ ਮੁੜ ਜੀਵਤ ਕਰਨ ਦੀ ਲੋੜ

**ਸ਼ਮਸ਼ੇਰ ਸਿੰਘ ਸੋਹੀ**

ਕੋਈ ਵੀ ਗਾਇਕ ਓਨਾ ਚਿਰ ਉਚੀਆਂ ਬੁਲੰਦੀਆਂ ਹਾਸਲ ਨਹੀਂ ਕਰ ਸਕਦਾ, ਜਿੰਨਾ ਚਿਰ ਤੱਕ ਉਸ ਨੂੰ ਸੁਚੱਜੇ ਅਤੇ ਸੂਝਵਾਨ ਸਰੋਤਿਆਂ ਦਾ ਸਾਥ ਭਾਵ ਕਿ ਹੁੰਗਾਰਾ ਤੇ ਸਮਰਥਨ ਨਾ ਮਿਲੇ। ਦੂਜੇ ਪਾਸੇ ਇਕ ਗਾਇਕ ਜਦ ਇਕ ਜਾਂ ਵੱਧ ਗਿਣਤੀ 'ਵਿਚ ਲੱਚਰ ਗੀਤ ਗਾ ਕੇ ਹਿੱਟ ਹੁੰਦਾ ਹੈ ਤਾਂ ਉਸ ਪਿੱਛੇ ਵੀ ਸਰੋਤਿਆਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ।

ਜੇਕਰ ਕਿਸੇ ਦੇਸ਼ ਵਿਚ ਕਲਾ ਨੂੰ ਪਰਖਣ ਵਾਲੇ ਉੱਦਮੀਂ ਤੇ ਪ੍ਰਤੱਖ ਸੋਚ ਰੱਖਣ ਵਾਲੇ ਸਰੋਤੇ ਨਹੀਂ ਹੋਣਗੇ ਤਾਂ ਇਹ ਗੱਲ ਪੱਕੀ ਤਰ੍ਹਾਂ ਪੱਲੇ ਹੀ ਬੰਨ੍ਹ ਲਵੋ ਕਿ ਗਾਇਕਾਂ ਦਾ ਭਵਿੱਖ ਕਦੇ ਵੀ ਉਚੇਰਾ ਨਹੀਂ ਹੋ ਸਕਦਾ। ਸੂਚਨਾ ਅਤੇ ਤਕਨਾਲੋਜੀ ਦੇ ਵਿਕਾਸ ਨੇ ਸਮੁੱਚੇ ਵਾਤਾਵਰਨ ਨੂੰ ਏਨਾ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਅੱਜ ਵਿਰਾਸਤੀ ਗਾਇਕੀ ਸਾਡੇ ਤੋਂ ਕੋਹਾਂ ਦੂਰ ਚਲੀ ਗਈ ਹੈ ਅਤੇ ਮਨ ਨੂੰ ਸ਼ਾਂਤੀ ਅਤੇ ਰੂਹ ਨੂੰ ਸਕੂਨ ਪ੍ਰਦਾਨ ਕਰਨ ਵਾਲਾ ਸ਼ਾਸਤਰੀ ਸੰਗੀਤ ਪਤਾ ਨਹੀਂ ਕਿੱਥੇ ਗੁਆਚ ਗਿਆ ਹੈ ਸਾਡੇ ਮਹਾਂਪੁਰਖਾਂ ਦੀ ਸੂਫ਼ੀ ਗਾਇਕੀ ਨੂੰ ਅੱਜ ਦੇ ਅਨੇਕਾਂ ਅਸਲ ਸੰਗੀਤ ਤੋਂ ਅਨਜਾਣ ਜਾਂ ਬੇ-ਮੁੱਖ ਅਖੌਤੀਆਂ ਨੇ ਪੌਪ ਗਾਇਕੀ ਵਿਚ ਤਬਦੀਲ ਕਰ ਛੱਡਿਆ ਹੈ। ਮਿੱਠੇ ਸੁਰ ਚੀਕਾਂ ਦਾ ਰੂਪ ਧਾਰਨ ਕਰ ਚੁੱਕੇ ਹਨ। ਇਹੋ ਜਿਹੀ ਬਦਲ ਰਹੀ ਗਾਇਕੀ ਨੂੰ ਸੂਝਵਾਨ ਸਰੋਤੇ ਹੀ ਨੱਥ ਪਾ ਸਕਦੇ ਹਨ। ਸਰੋਤੇ ਹੀ ਸਹੀ ਅਤੇ ਗ਼ਲਤ ਗਾਇਕੀ ਵਿਚ ਪਰਖ ਕਰਕੇ ਵਿਰਾਸਤੀ ਅਤੇ ਸੱਭਿਆਚਾਰਕ ਪੱਖ ਵਾਲੀ ਗਾਇਕੀ ਨੂੰ ਮੁੜ ਸੁਰਜੀਤ ਕਰ ਸਕਦੇ ਹਨ। ਉਹੀ ਸਹੀ ਪਹਿਰਾਵਾ, ਠੇਠ ਸ਼ਬਦਾਵਲੀ ਦੀ ਵਰਤੋਂ ਕਰਨ ਵਾਲੇ ਗਾਇਕਾਂ ਨੂੰ ਪਹਿਲ ਦੇ ਆਧਾਰ 'ਤੇ ਲੋਕਾਂ ਸਾਹਮਣੇ ਲਿਆ ਸਕਦੇ ਹਨ। ਅਜੋਕੀ ਗਾਇਕੀ ਜਿਹੜੇ ਰਾਹ ਤੁਰ ਪਈ ਹੈ, ਉਸ ਦਾ ਸਮਾਂ ਥੋੜ੍ਹਚਿਰਾ ਹੀ ਹੈ। ਆਸ-ਉਮੀਦ ਕਰੀਏ ਅਤੇ ਜਿੰਨੀ ਵੱਧ ਤੋਂ ਵੱਧ ਚਾਰਾਜੋਈ ਹੋ ਸਕਦੀ ਹੈ ਉਹ ਅਸੀਂ ਸਾਰੇ ਸੁਚੇਤ ਤੇ ਦਲੇਰ ਹੋ ਕੇ ਕਰੀਏ। ਸੂਝਵਾਨ ਸਰੋਤੇ ਹੀ ਇਸ ਅਸੱਭਿਅਕ ਗਾਇਕੀ ਨੂੰ ਨੱਥ ਪਾ ਸਕਦੇ ਹਨ, ਕਿਉਂਕਿ ਅਜਿਹੇ ਗੀਤ ਸੁਣਨ ਵਾਲੇ ਸਰੋਤੇ ਹੀ ਹੁੰਦੇ ਹਨ ਜੋ ਗਾਇਕ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੰਦੇ ਹਨ।

ਜੇ ਅਸੀਂ ਅਜਿਹੇ ਗੀਤ ਤੇ ਅਸ਼ਲੀਲ ਫ਼ਿਲਮਾਂਕਣ ਵਾਲੀਆਂ ਵੀਡੀਓ ਪਸੰਦ ਹੀ ਨਾ ਕਰੀਏ ਤਾਂ ਸੁਭਾਵਿਕ ਹੈ ਕਿ ਗਾਇਕ ਵੀ ਅੱਗੇ ਤੋਂ ਅਜਿਹੇ ਗੀਤ ਬਾਜ਼ਾਰ ਵਿਚ ਪੇਸ਼ ਨਹੀਂ ਕਰੇਗਾ। ਲੱਚਰ ਗੀਤ ਉਦੋਂ ਬੰਦ ਹੋਣਗੇ ਜਦੋਂ ਸਰੋਤਾ ਵਰਗ ਅਜਿਹੇ ਕਲਾਕਾਰਾਂ ਦੇ ਗਾਏ ਗੀਤਾਂ ਨੂੰ ਸੁਣਨਾ ਬੰਦ ਕਰੇਗਾ ਤੇ ਇਨ੍ਹਾਂ ਗੀਤਾਂ ਨੂੰ ਪ੍ਰਸਾਰਨ ਕਰਨ ਵਾਲੇ ਚੈਨਲਾਂ 'ਤੇ ਰੋਕ ਲੱਗੇਗੀ। ਜਦੋਂ ਕੋਈ ਕਲਾਕਾਰ ਦਾ ਗੀਤ ਹੀ ਨਹੀਂ ਸੁਣੇਗਾ ਤਾਂ ਕਲਾਕਾਰ ਆਪੇ ਚੰਗਾ ਗਾਉਣ ਦੀ ਕੋਸ਼ਿਸ਼ ਕਰੇਗਾ। ਜੇ ਕੋਈ ਦੁਕਾਨ 'ਚੋਂ ਸੌਦਾ ਲੈਣ ਵਾਲਾ ਹੀ ਨਾ ਆਇਆ ਤਾਂ ਦੁਕਾਨਦਾਰ ਨੇ ਤਾਂ ਆਪੇ ਹੀ ਆਪਣੀ ਦੁਕਾਨ ਬੰਦ ਕਰਨੀ ਹੈ।

ਅਜੋਕੀ ਗਾਇਕੀ ਵਿਚ ਗਾਇਕਾਂ ਨੇ ਨਾਇਕ ਦੁੱਲਾ ਭੱਟੀ, ਮਿਰਜ਼ਾ, ਜੈਮਲ ਫੱਤਾ ਆਦਿ ਦੀ ਪਹਿਚਾਣ ਨੂੰ ਧੁੰਦਲਾ ਕਰਕੇ ਰੱਖ ਦਿੱਤਾ ਹੈ। ਨੰਗੀਆਂ ਕਿਰਪਾਨਾਂ, ਬੰਦੂਕਾਂ, ਪਿਸਤੌਲਾਂ ਤੇ ਹਥਿਆਰਾਂ ਦੀ ਵਰਤੋਂ ਨੇ ਨੌਜਵਾਨ ਪੀੜ੍ਹੀ ਨੂੰ ਹਿੰਸਾਤਮਕ ਬਣਾ ਕੇ ਰੱਖ ਦੇਣ ਵਿਚ ਕਿਧਰੇ ਵੀ ਕੋਈ ਕਸਰ ਨਹੀਂ ਛੱਡੀ। ਵਿਸ਼ਵੀਕਰਨ ਦੇ ਇਸ ਨਵੇਂ ਸਮਾਜ ਵਿਚ ਢੋਲੇ, ਮਾਹੀਆ, ਵਾਰਾਂ ਅਤੇ ਕਲੀਆਂ ਗਾਉਣ ਵਾਲੇ ਤਾਂ ਅੱਜ ਇਉਂ ਜਾਪਣ ਲੱਗਾ ਹੈ ਜੀਕਣ ਆਪਣੀ ਧਰਤੀ 'ਤੇ ਅਲੋਪ ਹੀ ਹੋ ਗਏ ਹਨ, ਜਿਸ ਨੂੰ ਇਕ ਸੁਚੱਜਾ ਸਰੋਤਾ ਹੀ ਮੁੜ ਸਾਹਮਣੇ ਲਿਆ ਸਕਦਾ ਹੈ। ਨਹੀਂ ਤਾਂ, ਉਹ ਦਿਨ ਦੂਰ ਨਹੀਂ, ਜਿਸ ਦਿਨ ਗਾਇਕੀ ਦੇ ਖੇਤਰ ਵਿਚ ਸਾਡਾ ਸੱਭਿਆਚਾਰ ਗੁਆਚ ਜਾਵੇਗਾ। ਧੜਾ-ਧੜ ਵੱਜ ਰਹੇ ਅਸੱਭਿਅਕ ਗੀਤਾਂ ਨੂੰ ਅੱਜ ਦੀ ਨਵੀਂ ਪੀੜ੍ਹੀ ਹੀ ਇਸ ਤੋਂ ਮੂੰਹ ਫੇਰ ਕੇ ਰੋਕ ਸਕਦੀ ਹੈ। 'ਜਿੱਥੇ ਕਠੋਰ ਸਾਧਨਾਂ ਨਾਲ ਹੀ ਇਕ ਚੰਗਾ ਗਾਇਕ ਬਣਿਆ ਜਾ ਸਕਦਾ ਹੈ, ਉੱਥੇ ਏਨਾ ਚੰਗਾ ਸਰੋਤਾ ਬਣਨਾ ਵੀ ਕੋਈ ਸੌਖਾ ਕੰਮ ਨਹੀਂ।' ਇਕ ਵਧੀਆ ਤੇ ਨੇਕ ਸੁਭਾਅ ਦਾ ਸਰੋਤਾ ਹੀ ਅਲੌਕਿਕ ਅਨੰਦ ਦਾ ਅਧਿਕਾਰੀ ਹੁੰਦਾ ਹੈ। ਇਕ ਚੰਗਾ ਸਰੋਤਾ ਹੀ ਬੁੱਧੀ ਤੱਤ, ਰਾਗ ਤੱਤ, ਕਲਾ ਤੱਤ, ਸਮਾਜਿਕ ਅਤੇ ਅਧਿਆਤਮਕ ਤੱਤ ਇਨ੍ਹਾਂ ਸਾਰੇ ਗੁਣਾਂ ਨੂੰ ਸਾਹਮਣੇ ਰੱਖ ਕੇ ਸੱਭਿਆਚਾਰਕ ਗਾਇਕੀ ਨੂੰ ਮੁੜ ਜੀਵਤ ਕਰ ਸਕਦਾ ਹੈ। ਇਸ ਘੋਰ ਦੁਖਦਾਇਕ ਸਥਿਤੀ 'ਚ ਵੀ ਥੋੜ੍ਹੀ ਕੁ ਤਸੱਲੀਦਾਇਕ ਗੱਲ ਇਹ ਹੈ ਕਿ ਕੁਝ ਹੱਦ ਤੱਕ ਡੀਡੀ ਪੰਜਾਬੀ ਚੈਨਲ ਤੇ ਕਈ ਸੱਭਿਆਚਾਰਕ ਸੰਸਥਾਵਾਂ ਅਜਿਹੀਆਂ ਹਨ ਜਿਨ੍ਹਾਂ ਨੇ ਵਿਸ਼ਵੀਕਰਨ ਦੇ ਇਸ ਦੌਰ ਵਿਚ ਅੱਜ ਵੀ ਆਪਣੇ ਲੋਕ-ਵਿਰਸੇ ਨੂੰ ਸਾਂਭ ਕੇ ਰੱਖਿਆ ਹੋਇਆ ਹੈ।



ਜੇਕਰ ਅਸੀਂ ਆਪ ਚੰਗਾ ਸੁਣਾਂਗੇ, ਸੁਚੱਜੇ ਸਰੋਤੇ ਬਣਾਂਗੇ, ਸੱਭਿਆਚਾਰਕ ਗਾਇਕੀ ਦਾ ਪੱਖ ਪੂਰਾਂਗੇ ਤੇ ਆਪਣੀ ਵਿਰਾਸਤ ਨਾਲ ਜੁੜੇ ਹੋਏ ਗਾਇਕਾਂ ਅਤੇ ਗੀਤਕਾਰਾਂ ਨੂੰ ਹੀ ਪ੍ਰਵਾਨ ਕਰਾਂਗੇ ਤਾਂ ਹੀ ਸਾਡਾ ਅਮੀਰ ਤੇ ਮਾਣ ਕਰਨਯੋਗ ਸੱਭਿਆਚਾਰ ਕਾਇਮ ਰਹਿ ਸਕਦਾ ਹੈ। ਲੱਚਰ ਗਾਇਕੀ ਨੂੰ ਬੰਦ ਕਰਵਾਉਣ ਲਈ ਪਹਿਲਾਂ ਸਾਨੂੰ ਆਪ ਸਾਫ਼ ਹੋਣਾ ਪਵੇਗਾ।

ਯੂ-ਟਿਊਬ 'ਤੇ ਜੋ ਲੱਚਰ ਗੀਤ ਹਿੱਟ ਹੁੰਦੇ ਹਨ, ਉਸ ਵਿਚ ਸਾਡਾ ਵੀ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਲੋੜ ਹੈ ਯੂ-ਟਿਊਬ 'ਤੇ ਉਹ ਚੰਗੇ ਗੀਤ ਸੁਣੇ ਜਾਣ, ਜਿਨ੍ਹਾਂ ਦੇ 'ਵਿਊਜ਼' ਭਾਵੇਂ ਬਹੁਤ ਘੱਟ ਹੁੰਦੇ ਹਨ।

# ਗੋਲਡਨ ਸਟੇਟ ਟਰੱਕ ਸੇਲਜ਼ ਇੰਕ. ਦੇ ਪ੍ਰਧਾਨ ਸ੍ਰੀ ਧਰਮਿੰਦਰ ਸਿੰਘ ਦਾ ਸਨਮਾਨ

**ਸੈਕਰਾਮੈਂਟੋ (ਡੀ. ਡੀ. ਬੀ.)–** ਬੀਤੇ ਦਿਨੀਂ 10 ਸਤੰਬਰ 2022 ਦੀ ਸ਼ਾਮ ਨੂੰ ਗੋਲਡਨ ਸਟੇਟ ਟਰੱਕ ਸੇਲਜ਼ 532 ਹਿਊਸਟਨ ਸਟਰੀਟ, ਵੈਸਟ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਸ੍ਰੀ ਸੁਖਚੈਨ ਸਿੰਘ ਦੇ ਸੱਦੇ 'ਤੇ ਅਮੈਰੀਕਨ ਸੀਨੀਅਰਜ਼ ਸਿਟੀਜ਼ਨਜ਼ ਗਰੁੱਪ ਸੈਕਰਾਮੈਂਟੋ ਦੇ ਬਹੁਤ ਸਾਰੇ ਮੈਂਬਰਾਂ ਨੇ ਸ਼ਮੂਲੀਅਤ ਕਰਕੇ ਇਸ ਪ੍ਰੋਗਰਾਮ ਦੀ ਰੌਣਕ ਨੂੰ ਵਧਾਇਆ।

ਇਸ ਮੌਕੇ ਉਪ ਪ੍ਰਧਾਨ ਸ੍ਰੀ ਕੇਵਲ ਬੋਲੀਨਾ ਨੇ ਸਭ ਨੂੰ ਜੀ ਆਇਆਂ ਆਖਦਿਆਂ ਸਮਾਗਮ ਦੀ ਸ਼ੁਰੂਆਤ ਕੀਤੀ। ਮੈਡਮ ਪੂਨਮ, ਸ੍ਰੀ ਜੀਵਨ ਰੱਤੂ, ਸ੍ਰੀ ਪੰਮੀ ਮਾਨ ਆਦਿ ਗਾਇਕ ਕਲਾਕਾਰਾਂ ਨੇ ਬਹੁਤ ਵਧੀਆ ਤਰੀਕੇ ਨਾਲ ਆਪਣੀ ਮਨਮੋਹਕ ਸ਼ਬਦਾਵਲੀ ਵਾਲੀ ਗਾਇਕੀ ਨਾਲ ਇਕੱਤਰ ਸਰੋਤਿਆਂ ਦਾ ਮਨ ਮੋਹ ਲਿਆ। ਇਸ ਮੌਕੇ ਬਹੁਤ ਸਾਰੀਆਂ ਨਾਮਵਰ ਸ਼ਖਸੀਅਤਾਂ ਨੇ ਵੀ ਦਸਤਕ ਦਿੱਤੀ। ਵਿਸ਼ੇਸ਼ ਤੌਰ ਤੇ ਪੰਜਵੀਂ ਵਾਰ ਚੁਣੇ ਜਾਣ ਵਾਲੇ ਯੋਲੋ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ ਮਾਣਯੋਗ ਜੈਫ ਰੇਜ਼ਿੰਗ (Jeff Reising) ਬਤੌਰ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਤੇ ਆਪਣੇ ਵਡਮੁੱਲੇ ਵਿਚਾਰਾਂ ਦੀ ਸਾਂਝ ਪਾਈ ਅਤੇ ਇਸ ਦੇ ਨਾਲ ਹੀ ਉਹਨਾਂ ਨੇ ਅੱਜ ਦੇ ਇਸ ਵਿਸ਼ੇਸ਼ ਸਮਾਗਮ ਮੌਕੇ ਨਾਮਵਰ ਸ਼ਖਸੀਅਤ ਗੋਲਡਨ ਸਟੇਟ ਟਰੱਕ ਸੇਲਜ਼ ਇੰਕ. ਦੇ ਪ੍ਰਧਾਨ ਸ੍ਰੀ ਧਰਮਿੰਦਰ ਸਿੰਘ ਦਾ ਵਿਸ਼ੇਸ਼ ਤੌਰ ਤੇ ਕੈਲੇਫੋਰਨੀਆ ਲੈਜਿਸਲੇਚਰ ਅਸੈਂਬਲੀ, ਅਸੈਂਬਲੀ ਮੈਂਬਰ ਮਿਸਟਰ ਜ਼ਿਮ ਕੂਪਰ (Jim Cooper) ਅਸੈਂਬਲੀ ਡਿਸਟ੍ਰਿਕਟ 9 ਵੱਲੋਂ Vishal Mishra Field Representative at CA Assembly District 09 ਰਾਹੀਂ ਭੇਜੇ ਗਏ ਸਰਟੀਫਿਕੇਟ ਨਾਲ ਸਨਮਾਨ ਕੀਤਾ ਗਿਆ, ਜਿਸ ਦਾ ਸਭ ਨੇ ਨਿੱਘਾ ਸਵਾਗਤ ਕੀਤਾ। ਅੱਜ ਦੇ ਇਸ ਵਿਸ਼ੇਸ਼ ਸਮਾਗਮ ਦੀ ਅਦਾਰਾ "ਦੇਸ਼ ਦੁਆਬਾ" ਵੱਲੋਂ ਵਿਸ਼ੇਸ਼ ਕਵਰੇਜ ਕੀਤੀ ਗਈ। ਜਿਸ ਵਿਚ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਸ੍ਰੀ ਚੇਮਸ ਭੱਟੀ ਉਚੇਚੇ ਤੌਰ'ਤੇ ਸ਼ਾਮਲ ਸਨ।

ਪੂਰੇ ਸਮਾਗਮ ਦੌਰਾਨ ਚਾਹ ਪਾਣੀ, ਭਾਂਤ-ਭਾਂਤ ਦੀਆਂ ਮਠਿਆਈਆਂ, ਨਮਕੀਨ ਵਰਤਦੇ ਰਹੇ ਤੇ ਅਖੀਰ ਪ੍ਰੀਤੀ ਭੋਜਨ ਵੀ ਛਕਾਇਆ ਗਿਆ। ਅਖੀਰ 'ਚ ਪ੍ਰਧਾਨ ਸ੍ਰੀ ਦਲਜੀਤ ਸਿੰਘ ਸੰਧੂ ਨੇ ਸਭਨਾਂ ਦਾ ਧੰਨਵਾਦ ਕੀਤਾ।

GOLDEN STATE TRUCK SALES INC
532 HOUSTON STREET
WEST SACRAMENTO, CA 95691


Golden State
Truck Sales Inc.
532 Houston
Street - West
Sacramento, CA
95691
Direct : 530-870-6600 -
Fax : 530-405-1429
www.goldenstatetrucksales.com













CALIFORNIA LEGISLATURE

Assembly

CERTIFICATE OF RECOGNITION

Dharminder Singh

Golden State Truck Sales
IVACC Life Member

Dharminder Singh is deserving of special public recognition and the highest commendation from the people of the State of California.

The esteem, gratitude, heartiest congratulations, and best wishes of the public are hereby extended.

June 5, 2022


Jim Cooper
Assembly District 9




ਤਸਵੀਰਾਂ–
ਪ੍ਰੇਮ ਕੁਮਾਰ ਚੁੰਬਰ
"ਦੇਸ਼ ਦੁਆਬਾ"

# ਗੋਲਡਨ ਸਟੇਟ ਟਰੱਕ ਸੇਲਜ਼ ਇੰਕ. ਦੇ ਪ੍ਰਧਾਨ ਸ੍ਰੀ ਧਰਮਿੰਦਰ ਸਿੰਘ ਧਾਰ ਦਾ ਸਨਮਾਨ




























ਤਸਵੀਰਾਂ–
ਪ੍ਰੇਮ ਕੁਮਾਰ ਚੁੰਬਰ
"ਦੇਸ਼ ਦੁਆਬਾ"





## 30ਵਾਂ ਸਥਾਪਨਾ ਦਿਵਸ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ)
ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧਸੰਗਤਿ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ

### ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ)

ਗੁਰੂਘਰ ਦਾ 30ਵਾਂ ਸਥਾਪਨਾ ਦਿਵਸ ਸਮੂਹ ਸਾਧਸੰਗਤਿ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ ਆਪ ਸਭਨਾਂ ਨੂੰ ਆਪਣੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ: ਸ਼ੁੱਕਰਵਾਰ 23 ਸਤੰਬਰ 2022 ਸਵੇਰੇ 11 ਵਜੇ**
**ਸ਼ਨੀਵਾਰ 24 ਸਤੰਬਰ 2022 ਕੀਰਤਨ ਦੀਵਾਨ ਸ਼ਾਮ 5 ਵਜੇ ਤੋਂ 10 ਵਜੇ ਤੱਕ**
**ਭੋਗ ਸ੍ਰੀ ਅਖੰਡ ਪਾਠ ਸਾਹਿਬ: ਐਤਵਾਰ 25 ਸਤੰਬਰ 2022 ਸਵੇਰੇ 10 ਵਜੇ**

### ਉਪਰੰਤ ਮਹਾਂਨ ਕੀਰਤਨ ਦੀਵਾਨ ਸਜਾਏ ਜਾਣਗੇ



ਭਾਈ ਮਨਜੀਤ ਸਿੰਘ ਅਤੇ
ਭਾਈ ਅਮਰਜੀਤ ਸਿੰਘ ਫਿਲੌਰ ਵਾਲੇ



ਭਾਈ ਜਸਪਾਲ ਸਿੰਘ ਸਾਰੰਗ
ਜਲੰਧਰ ਵਾਲੇ



ਭਾਈ ਗੁਰਦੀਪ ਸਿੰਘ
ਜਲੰਧਰ ਵਾਲੇ



ਭਾਈ ਮਨਹੋਰ ਸਿੰਘ
ਊਨਾ ਸਾਹਿਬ ਵਾਲੇ

*ਸੇਵਾ: ਸ੍ਰੀ ਜੌਨ ਬੰਗਾ, ਸ੍ਰੀ ਅਵਤਾਰ ਜੱਸਲ ਅਤੇ ਸਮੂਹ ਸਾਧਸੰਗਤਿ ਜੀਓ*
***ਸ੍ਰੀ ਨਿਸ਼ਾਨ ਸਾਹਿਬ ਸੇਵਾ :ਸ਼ਨੀਵਾਰ 24 ਸਤੰਬਰ 2022 ਬਾਅਦ ਦੁਪਹਿਰ 4:00 ਵਜੇ***
*ਸੇਵਾ: ਸ੍ਰੀ ਹਰਬੰਸ ਸਿੰਘ ਰੱਲ, ਬੀਬੀ ਮਨਜੀਤ ਕੌਰ ਰੱਲ,*
*ਸ੍ਰੀ ਗੁਰਦੀਪ ਸੇਪਲਾ, ਬੀਬੀ ਮਹਿੰਦੋ ਸੇਪਲਾ ਅਤੇ ਸਮੂਹ ਸਾਧਸੰਗਤਿ ਜੀਓ*

### ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ)

6221 16th Street, Rio Linda, CA 95673

ਸ੍ਰੀ ਤੇਜਪਾਲ ਵਿਰਕ (ਚੈਅਰਮੈਨ) 916-912-5678 ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ੍ਰੀ ਇੰਦਰਜੀਤ ਪੜਵੱਗਾ (ਜਨਰਲ ਸਕੱਤਰ) 916-276-2538 ਗੁਰੂਘਰ ਫ਼ੋਨ: 916-992-1710

Sponsored by- Desh Doaba



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop